Digitized by Arya Samaj Foundation Chennai and eGangotri

ਨੁੜੀ ਚੌੜੀ
ਮਠਿ ਗਈ

ਦਲੀਪ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय

गुरुकुल कांगड़ी विश्वविद्यालय

हरिद्वार

वर्ग संख्या ——— आगत संख्या ———

पुस्तक - वितरण की तिथि नीचे अंकित है इस तिथि सहित 15वें दिन तक यह पुस्तक पुस्तकालय में वापिस आ जानी चाहिए। अन्यथा 5 पैसे प्रतिदिन के हिसाब से विलम्ब - दण्ड लगेगा।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨ੍ਹਾਤੀ ਧੋਤੀ ਰਹਿ ਗਈ

ਦਲੀਪ ਸਿੰਘ

ਵੈਨਿਟੀ ਬੁਕਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਹੋਰ ਪੁਸਤਕਾਂ :

ਉਮਰਾਓ ਜਾਨ ਅਦਾ (ਹਿੰਦੀ ਨਾਟਕ)

ਉਮਰਾਓ ਜਾਨ ਅਦਾ (ਉਰਦੂ ਨਾਟਕ)

ਰੇਸ ਕੀ ਘੋੜੀ (ਹਿੰਦੀ ਇਕਾਂਗੀ)

ਇਮਪੋਰਟਿਡ ਨੁਸਖ਼ਾ (ਪੰਜਾਬੀ ਇਕਾਂਗੀ)

गुरुकुल कांगड़ी विश्वविद्यालय

ਮੁੱਲ : 20 ਰੁਪਏ

Nhati Dhoti Reh Gayee : Plays
Dalip Singh

ਪਹਿਲੀ ਵਾਰ 1980

ਹਕ ਰਾਖਵੇਂ ਹਨ

ਪ੍ਰਕਾਸ਼ਕ : ਵੈਨਿਟੀ ਬੁਕਸ
C-7/177-A, ਲਾਰੰਸ ਰੋਡ, ਦਿੱਲੀ 110035

ਛਾਪਕ : ਜਨਤਕ ਪ੍ਰੈਸ,
159, ਲਾਜਪਤ ਰਾਏ ਮਾਰਕੀਟ, ਦਿੱਲੀ 110006

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

-03873

ਸਵਰਗੀਯ ਨਾਨਾ ਜੀ

ਸ: ਭਾਗ ਸਿੰਘ ਵਕੀਲ ਨੂੰ

ਜਿਨ੍ਹਾਂ ਨੇ ਮੈਨੂੰ

ਸਾਹਿਤ ਰਚਨਾ ਲਈ

ਪ੍ਰੇਰਿਆ

डाक प्रमाणीकरण १२-८-१९

Forwarded with Compliments from
Department of Education
Government of India

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਸ਼ਬਦ

ਇਹ ਬੜੇ ਦੁਖ ਦੀ ਗੱਲ ਹੈ ਕਿ ਇਕ ਦੋ ਨੂੰ ਛਡ ਕੇ ਭਾਰਤ ਦੀਆਂ ਆਧੁਨਿਕ ਭਾਸ਼ਾਵਾਂ ਵਿਚ ਕੋਈ ਜੀਉਂਦਾ ਜਾਗਦਾ ਥਿਏਟਰ ਨਹੀਂ। ਪੰਜਾਬੀ ਭਾਸ਼ਾ ਇਸ ਸਿਲਸਿਲੇ ਵਿਚ ਕੁਝ ਜ਼ਿਆਦਾ ਹੀ ਅਭਾਗੀ ਹੈ। ਅੱਵਲ ਤਾਂ ਇਹਦੇ ਵਿਚ ਨਾਟਕ ਲਿਖੇ ਹੀ ਘਟ ਗਏ ਹਨ, ਤੇ ਜਿਹੜੇ ਲਿਖੇ ਗਏ ਹਨ, ਉਹਨਾਂ ਵਿਚੋਂ ਬਹੁਤ ਘਟ ਸਟੇਜ ਉਤੇ ਖੇਡੇ ਜਾਣ ਦੇ ਕਾਬਲ ਹਨ। ਸ਼ਾਇਦ ਬਹੁਤ ਸਾਰੇ ਨਾਟਕਕਾਰ ਸਟੇਜ ਦੀਆਂ ਜਰੂਰਤਾਂ ਤੋਂ ਪੂਰੀ ਤਰ੍ਹਾਂ ਸੁਚੇਤ ਨਹੀਂ।

ਇਸ ਕਮੀ ਨੂੰ ਪੂਰਾ ਕਰਨ ਦਾ ਜਤਨ ਕਰਦਿਆਂ ਹੋਇਆਂ ਮੈਂ ਕੁਝ ਸਾਲ ਪਹਿਲਾਂ ਫਰਾਂਸ ਦੇ ਪ੍ਰਸਿਧ ਨਾਟਕਕਾਰ ਮੋਲੀਅਰ ਦੇ ਕਲਾਸਿਕੀ ਨਾਟਕ "ਦੀ ਮਾਈਜ਼ਰ" ਨੂੰ ਪੰਜਾਬੀ ਰੂਪ ਦਿਤਾ। ਇਹ ਨਾਟਕ ਟੈਲੀਵਿਯਨ ਤੋਂ ਇਲਾਵਾ ਸਟੇਜ ਉਤੇ ਕਈ ਵਾਰੀ ਖੇਡਿਆ ਗਿਆ, ਅਤੇ ਦਰਸ਼ਕਾਂ ਤੇ ਆਲੋਚਕਾਂ ਨੇ ਇਹਦੀ ਬੜੀ ਸਰਾਹਨਾ ਕੀਤੀ।

ਇਸ ਤਜਰਬੇ ਦੀ ਸਫਲਤਾ ਨੇ ਮੈਨੂੰ ਬੜਾ ਉਤਸ਼ਾਹ ਦਿਤਾ। ਮੈਂ ਸ੍ਰ: ਕੁਲਵੰਤ ਸਿੰਘ ਵਿਰਕ ਦੀਆਂ ਦੋ ਕਹਾਣੀਆਂ — 'ਧਰਤੀ ਹੇਠਲਾ ਬਲਦ', ਤੇ — 'ਤੂੜੀ ਦੀ ਪੰਡ', ਨੂੰ ਟੀ. ਵੀ. ਨਾਟਕ ਦੇ ਰੂਪ ਵਿਚ ਪੇਸ਼ ਕੀਤਾ। ਸਟੇਜ ਲਈ ਮੈਂ ਫ਼ਰੈਂਚ ਦੇ ਮਸ਼ਹੂਰ ਨਾਟਕ "ਹੋਟਲ ਪੈਰਾਡੀਜ਼ੋ" ਨੂੰ ਪੰਜਾਬੀ ਭਾਸ਼ਾ ਵਿਚ 'ਨ੍ਹਾਤੀ ਧੋਤੀ ਰਹਿ ਗਈ" ਦੇ ਨਾਮ ਹੇਠ ਅਪਨਾਇਆ।

ਸਾਡੇ ਦੇਸ਼ ਦੀਆਂ ਭਾਸ਼ਾਵਾਂ ਵਿਚ ਮਰਾਠੀ ਨਾਟਕ ਬਹੁਤ ਅਗੇ ਹੈ। ਸ੍ਰੀ ਪੀ. ਐਲ. ਦੇਸ਼ਪਾਂਡੇ ਇਸ ਭਾਸ਼ਾ ਦੇ ਆਗੂ ਨਾਟਕਕਾਰ ਹਨ। ਉਹਨਾਂ ਦੇ ਪ੍ਰਸਿਧ ਨਾਟਕ 'ਵਿਠਲ ਤੋ ਆਲਾ ਆਲਾ' ਨੂੰ ਮੈਂ "ਮੰਦਰ ਵਿਚ ਹੜਤਾਲ" ਦੇ ਨਾਮ ਹੇਠ ਪੰਜਾਬੀ ਰੂਪ ਦਿਤਾ ਹੈ।

ਫਰੈਂਚ ਤੇ ਮਰਾਠੀ ਭਾਸ਼ਾ ਦੀਆਂ ਰਚਨਾਵਾਂ ਨੂੰ ਪੰਜਾਬੀ ਰੂਪ ਦੇਣ ਲਈ ਮੈਂ ਇਸ ਲਈ ਚੁਣਿਆ ਹੈ ਕਿ ਇਹਨਾਂ ਦੋਹਾਂ ਭਾਸ਼ਾਵਾਂ ਦਾ ਸੁਭਾ ਪੰਜਾਬੀ ਨਾਲ ਮਿਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਦੋਵੇਂ ਨਾਟਕ ਬੜੀ ਸਫਲਤਾ ਨਾਲ ਦਿੱਲੀ ਦੀ ਸਟੇਜ ਉੱਤੇ ਕਈ ਵਾਰੀ ਖੇਡੇ ਜਾ ਚੁਕੇ ਹਨ। ਮੈਂ ਇਹਨਾਂ ਨੂੰ ਕਿਤਾਬੀ ਰੂਪ ਵਿਚ ਇਸ ਆਸ਼ਾ ਨਾਲ ਪੇਸ਼ ਕਰ ਰਿਹਾ ਹਾਂ, ਕਿ ਪੰਜਾਬੀ ਪਾਠਕ ਤੇ ਦਰਸ਼ਕ ਇਹਨਾਂ ਦੇ ਵਿਸ਼ੇ ਵਸਤੂ ਤੇ ਵਾਰਤਾਲਾਪ ਦੀ ਚੁਸਤੀ ਤੋਂ ਇਲਾਵਾ ਇਨ੍ਹਾਂ ਦੇ ਸਟੇਜੀ ਗੁਣਾਂ ਦਾ ਵੀ ਆਨੰਦ ਮਾਣ ਸਕਣ।

ਮੈਂ ਧੰਨਵਾਦੀ ਹਾਂ ਆਪਣੇ ਮਿੱਤਰ ਸ: ਤਾਰਾ ਸਿੰਘ ਕਾਮਿਲ ਦਾ ਤੇ ਆਪਣੇ ਅਜ਼ੀਜ਼ ਸ੍ਰੀ ਪ੍ਰਵੀਨ ਕੁਮਾਰ ਦਾ, ਜਿਨ੍ਹਾਂ ਨੇ ਇਸ ਕਿਤਾਬ ਦੀ ਛਪਾਈ ਵਿਚ ਮੇਰੀ ਬਹੁਤ ਸਹਾਇਤਾ ਕੀਤੀ ਹੈ।

10 ਅਕਤੂਬਰ 1980
59/4, ਰਾਜਿੰਦਰ ਨਗਰ,
ਨਵੀਂ ਦਿੱਲੀ 110060

ਦਲੀਪ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਮੰਦਰ ਵਿਚ ਹੜਤਾਲ — ਸਫਾ 9

ਨ੍ਹਾਤੀ ਧੋਤੀ ਰਹਿ ਗਈ — ਸਫਾ 66

ਨਾਟਕ 'ਮੰਦਰ ਵਿਚ ਹੜਤਾਲ' ਦੇ ਖੇਡਣ ਦੇ ਹੱਕ ਸ਼੍ਰੀਮਤੀ ਸੁਨੀਤਾ ਦੇਸ਼ਪਾਂਡੇ ਕੋਲ ਰਾਖਵੇਂ ਹਨ। ਸਟੇਜ ਕਰਨ ਲਈ ਉਹਨਾਂ ਦੀ ਲਿਖਤੀ ਆਗਿਆ ਲੈਣੀ ਜ਼ਰੂਰੀ ਹੈ। ਬਿਨਾਂ ਆਗਿਆ ਇਸ ਨਾਟਕ ਨੂੰ ਖੇਡਣਾ ਗੈਰ-ਕਾਨੂੰਨੀ ਸਮਝਿਆ ਜਾਵੇਗਾ। ਇਸ ਸੰਬੰਧੀ ਸਾਰਾ ਚਿੱਠੀ ਪੱਤਰ ਇਨ੍ਹਾਂ ਨਾਲ ਕਰੋ :— ਸ਼੍ਰੀਮਤੀ ਸੁਨੀਤਾ ਦੇਸ਼ਪਾਂਡੇ, 1-ਰੂਪਾਲੀ, 777, ਸ਼ਿਵਾਜੀ ਨਗਰ, ਪੂਨੇ 411004

ਦੂਜੇ ਨਾਟਕ 'ਨ੍ਹਾਤੀ ਧੋਤੀ ਰਹਿ ਗਈ' ਦੇ ਖੇਡਣ ਦੀ ਲਿਖਤੀ ਆਗਿਆ ਲੇਖਕ ਦਲੀਪ ਸਿੰਘ ਕੋਲੋਂ ਲੈਣੀ ਜ਼ਰੂਰੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਦਰ ਵਿਚ ਹੜਤਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਟਕ **'ਮੰਦਰ ਵਿਚ ਹੜਤਾਲ'** ਪਹਿਲੀ ਵਾਰੀ ਆਲੋਕ ਥੀਏਟਰ ਗਰੁੱਪ ਵਲੋਂ ਸਿਰੀ ਰਾਮ ਸੈਂਟਰ ਫ਼ਾਰ ਆਰਟ ਐਂਡ ਕਲਚਰ ਦੀ ਸਟੇਜ ਉਤੇ 3 ਦਸੰਬਰ, 1976 ਨੂੰ ਖੇਡਿਆ ਗਿਆ। ਇਸ ਦੇ ਵਿਚ ਭਾਗ ਲੈਣ ਵਾਲੇ ਕਲਾਕਾਰ ਸਨ :—

ਭਗਵਾਨ	—	ਪ੍ਰੇਮ ਭਾਟੀਆ
ਪੁਜਾਰੀ	—	ਤਿਲਕ ਵਾਲੀਆ
ਵਕੀਲ	—	ਦਲੀਪ ਸੂਦ
ਡਾਕਟਰ	—	ਸੁਰਿੰਦਰ ਸ਼ਰਮਾ
ਸ਼ਾਹ	—	ਇਕਬਾਲ ਸੂਦਨ
ਮਾਸਟਰ	—	ਗੁਰਵਿੰਦਰ 'ਰਮਿਆ'
ਬੇਬੇ	—	ਕਰਿਸ਼ਨਾ ਕੁਮਾਰੀ
ਚਾਚੀ	—	ਨਿੰਮੀ ਵਾਲੀਆ
ਬੁਲਬੁਲ	—	ਨੀਨਾ
ਦਰਜੀ	—	ਰਾਜਿੰਦਰ ਦੱਤ
ਅਨ੍ਹਾ	—	ਉਮੇਸ਼ ਸ਼ਿਰੀਵਾਸਤਵ
ਜਗਨ ਨਾਥ	—	ਰਮੇਸ਼ ਕਾਲਰਾ
ਸੋਮ ਨਾਥ	—	ਚਮਨ ਢੰਡ
ਸੰਗੀਤ ਨਿਰਦੇਸ਼ਨ	—	ਕਾਜਲ ਘੋਸ਼
		ਰਾਕੇਸ਼ ਪੰਡਿਤ

ਨਿਰਦੇਸ਼ਕ—

ਸੁਭਾਸ਼ ਗੁਪਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾ ਐਕਟ

(ਭਗਵਾਨ ਕ੍ਰਿਸ਼ਨ ਦੀ ਮੂਰਤੀ ਦੇ ਸਾਹਮਣੇ ਬਹੁਤ ਸਾਰੇ ਭਗਤ ਆਰਤੀ ਕਰ ਰਹੇ ਨੇ — ਆਵਾਜ਼ ਬਿਲਕੁਲ ਬੇਸੁਰੀ ਏ — ਭਗਵਾਨ ਦੇ ਚਿਹਰੇ ਤੋਂ ਲਗਦਾ ਹੈ ਕਿ ਉਨ੍ਹਾਂ ਨੂੰ ਆਰਤੀ ਸੁਣਨਾ ਬੁਰਾ ਲਗ ਰਿਹਾ ਹੈ)

ਪੁਜਾਰੀ : ਮੁਰਲੀ ਵਾਲੇ ਕ੍ਰਿਸ਼ਨ ਕਨ੍ਹਈਆ
ਪਾਰ ਲਗਾਓ ਸਾਡੀ ਨਈਆ ।

ਭਗਵਾਨ : ਠਹਿਰੋ !

ਵਕੀਲ : ਤੇਰੇ ਸਿਰ ਤੇ ਮੁਕਟ ਸੁਹਾਏ,
ਅੰਨ੍ਹੇ ਨੂੰ ਤੂੰ ਰਾਹ ਵਿਖਾਏਂ ।

ਭਗਵਾਨ : ਅੱਖਾਂ ਖੋਹਲ ਕੇ ਮੇਰੇ ਵਲ ਵੇਖੋ ।

ਮਾਸਟਰ : ਤੇਰਾ ਰੰਗ ਸਲੋਨਾ ਪਿਆਰਾ
ਤੂੰ ਦੁਖੀਆਂ ਦੀ ਸੁਣਨੇ ਆਲਾ ।

ਭਗਵਾਨ : ਮੇਰੀ ਤੇ ਸੁਣੋ !

ਡਾਕਟਰ : ਧਰਤੀ ਤੇ ਵੀ ਫੇਰਾ ਪਾਓ
ਸਾਨੂੰ ਆ ਕੇ ਦਰਸ ਦਿਖਾਓ ।

ਭਗਵਾਨ : ਵੇਖਦੇ ਤੇ ਹੋ ਨਹੀਂ ।

ਸਾਰੇ : ਮੁਰਲੀ ਵਾਲੇ ਕ੍ਰਿਸ਼ਨ ਕਨ੍ਹਈਆ,
ਪਾਰ ਲਗਾਓ ਸਾਡੀ ਨੱਈਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੋਲ ਕ੍ਰਿਸ਼ਨ ਕਨ੍ਹੈਈਆ ਕੀ ਜੈ, ਮੁਰਲੀ ਮਨੋਹਰ ਕੀ ਜੈ,
ਮੁਕਟ ਬਿਹਾਰੀ ਕੀ ਜੈ ।
(ਪੁਜਾਰੀ ਫੁੱਲ ਸੁੱਟਦਾ ਏ । ਭਗਵਾਨ ਮੂੰਹ ਪਰ੍ਹਾਂ ਕਰ ਲੈਂਦੇ ਨੇ ।)

ਵਕੀਲ : ਕੀ ਕਹਿ ਰਹੇ ਸੋ ਆਰਤੀ ਵੇਲੇ !

ਡਾਕਟਰ : ਮੈਂ ਕਹਿ ਰਿਹਾ ਸਾਂ ? ਤੁਸੀਂ ਕਹਿ ਰਹੇ ਸੀ, 'ਵੇਖਦੇ ਤੇ ਹੋ ਨਹੀਂ ।'
(ਆਰਤੀ ਦਾ ਥਾਲ ਲੈ ਕੇ ਡਾਕਟਰ ਕੋਲ ਜਾਂਦਾ ਏ)

ਪੁਜਾਰੀ : ਲਓ ਜੀ ਆਰਤੀ ਲਓ । ਮੰਦਰ ਵਿਚ ਆ ਕੇ ਤੇ ਗੱਲਾਂ ਬੰਦ ਕਰ ਦਿਆ ਕਰੋ ।

ਭਗਵਾਨ : ਓ ਕੋਈ ਮੇਰੀ ਵੀ ਸੁਣੋ ।

ਪੁਜਾਰੀ : ਸ਼ਾਹ ਜੀ ਸ਼ਾਂਤੀ ਕਰੋ । ਓਧਰ ਈ ਆ ਰਿਹਾ ਹਾਂ— ਮੇਰੇ ਦੋ ਹਥ ਨੇ ਦੋ । ਮੈਂ ਕੋਈ ਚਾਰ ਹੱਥਾਂ ਵਾਲਾ ਕ੍ਰਿਸ਼ਨ ਭਗਵਾਨ ਤਾਂ ਹਾਂ ਨਹੀਂ ।

ਸ਼ਾਹ : ਓਏ ਪੰਡਤਾ — ਏਨਾ ਤੱਤਾ ਕਿਉਂ ਹੋ ਰਿਹਾ ਏਂ । ਮੈਂ ਤੈਨੂੰ ਕੀ ਕਿਹਾ ਏ ।

ਪੁਜਾਰੀ : ਰੌਲਾ ਜੁ ਪਾਣ ਡਹੇ ਓ ।

ਸ਼ਾਹ : ਮੈਂ ਰੌਲਾ ਪਿਆ ਪਾਨਾ ?

ਪੁਜਾਰੀ : ਤੇ ਹੋਰ ਮੈਂ ਪਿਆ ਪਾਨਾ ?

ਸ਼ਾਹ : ਮੈਂ ਤੇ ਬੋਲਿਆ ਵੀ ਨਹੀਂ ।

ਪੁਜਾਰੀ : ਕਿਹਾ ਨਹੀਂ ਜੇ "ਕੋਈ ਮੇਰੀ ਵੀ ਸੁਣੋ ।"

ਸ਼ਾਹ : ਮੈਂ ਕਿਹਾ ਏ ?

ਪੁਜਾਰੀ : ਤੇ ਹੋਰ ਮੈਂ ਕਿਆ ਏ ।

ਸ਼ਾਹ : ਓਏ ਮੈਂ ਤੇ ਬੋਲਿਆ ਵੀ ਨਹੀਂ ।

ਪੁਜਾਰੀ : ਲਓ ਮੰਦਰ ਵਿਚ ਈ ਝੂਠ ਬੋਲਣਾ ਸ਼ੁਰੂ ਕਰ ਦਿੱਤਾ ਏ, ਸ਼ਾਹ ਜੀ । ਭਗਵਾਨ ਦਾ ਕੋਈ ਮਾੜਾ ਮੋਟਾ ਲਿਹਾਜ਼ ਤੇ ਕਰਿਆ ਕਰੋ । ਹੱਟੀ ਤੇ ਬਹਿ ਕੇ ਜਿੰਨਾ ਮਰਜ਼ੀ ਜੇ ਝੂਠ ਮਾਰੋ । ਮੰਦਰ ਵਿਚ ਭਗਵਾਨ ਦੇ ਸਾਹਮਣੇ ਝੂਠ ਬੋਲਣਾ ਚੰਗਾ ਨਹੀਂ ਲਗਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹ : ਓਏ ਪੰਡਤਾ ਠੱਪਿਆ ਰਹੁ । ਜਜਮਾਨਾਂ ਦੇ ਟੁਕਰ ਪਾੜ ਪਾੜ ਕੇ ਆਕੜ ਵਿਖਾਨਾ ਏਂ । ਖੱਲ ਵਿਚ ਰਹੋ ਖੱਲ ਵਿਚ । ਅਸੀਂ ਪੰਡਤ ਜੀ ਪੰਡਤ ਜੀ ਕਰਦੇ ਰਹਿੰਦੇ ਆਂ, ਤੇ ਇਹ ਉਤੇ ਈ ਚੜ੍ਹੀ ਆਉਂਦਾ ਏ ।

ਪੁਜਾਰੀ : ਸ਼ਾਹ ਜੀ — ਮੇਰੀ ਰੋਟੀ ਰੋਜ਼ੀ ਦਾ ਸਹਾਰਾ ਭਗਵਾਨ ਆਪ ਏ । ਮੇਰੀ ਰੋਟੀ ਤੁਹਾਡੇ ਘਰੋਂ ਨਹੀਂ ਆਉਂਦੀ ।

ਸ਼ਾਹ : ਜਾਣ ਦੇ ਪੰਡਤਾ, ਸਾਨੂੰ ਸਭ ਪਤਾ ਏ । ਭਗਵਾਨ ਨੂੰ ਚੜ੍ਹਾਈ ਹੋਈ ਸਾਰੀ ਦਛੱਣਾ ਕ੍ਹੀਦੇ ਢਿੱਡ ਵਿਚ ਜਾ ਰਹੀ ਏ । ਅਜੇ ਤੇ ਕਲ ਮੈਂ ਭਗਵਾਨ ਦੇ ਚਰਨਾਂ ਵਿਚ ਫਰੂਟ ਚੜ੍ਹਾ ਕੇ ਗਿਆਂ । ਉਹ ਕਿਥੇ ਗਿਆ ਏ ? (ਪੰਡਤ ਦੇ ਢਿਡ ਵਲ ਇਸ਼ਾਰਾ ਕਰਕੇ) ਦਸਾਂ ਕਿਥੇ ਗਿਆ ਏ ?

ਪੁਜਾਰੀ : ਓ ਜਿਹੜਾ ਸੁੱਕਾ ਜਿਹਾ ਇਕ ਕੇਲਾ ਚੜ੍ਹਾ ਗਏ ਸੋ; ਉਨੂੰ ਫਰੂਟ ਕਹਿੰਦੇ ਓ ।

ਭਗਵਾਨ : ਓ ਬਈ ਮੇਰੀ ਵੀ ਸੁਣ ਲਓ । ਮੈਂ ਤੁਹਾਨੂੰ ਜਨਮ ਦਿੱਤਾ ਏ ।

ਪੁਜਾਰੀ : (ਆਰਤੀ ਦੀ ਥਾਲੀ ਕਿਸੇ ਹੋਰ ਨੂੰ ਫੜਾ ਕੇ, ਮਾਸਟਰ ਕੋਲ ਆਂਦਾ ਏ, ਤੇ ਉਹਦੇ ਮੂੰਹ ਤੇ ਥੱਪੜ ਮਾਰ ਕੇ) ਤੂੰ ਸਾਨੂੰ ਜਨਮ ਦਿੱਤਾ ਏ ?

ਮਾਸਟਰ : ਵਾਹ ਓਏ ਪੰਡਤਾ, ਮਾੜਾ ਦੇਖ ਕੇ ਚੰਡ ਕਢ ਮਾਰੀ ਆ । ਕਦੀ ਕਿਸੇ ਆਪਣੇ ਸਾਈਜ਼ ਦੇ ਬੰਦੇ ਨੂੰ ਮਾਰ ਕੇ ਵੇਖ, ਫਿਰ ਪਤਾ ਲਗੇਗਾ ਕੀ ਭਾਅ ਵਿਕਦੀ ਏ ।

ਪੁਜਾਰੀ : ਚੁਪ ਕਰ ਨਹੀਂ ਤੇ ਮੈਂ ਇਕ ਹੋਰ ਮਾਰਨੀ ਊਂ । ਸ਼ਰਮ ਨਹੀਂ ਆਂਦੀ ਮੈਨੂੰ ਗਾਲ੍ਹਾਂ ਕਢਨਾ ਏਂ ।

ਮਾਸਟਰ : ਮੈਂ ਗਾਲ੍ਹ ਕਢੀ ਏ ? ਮੈਂ ਤੇ ਅਜ ਤਕ ਕਦੀ ਕੁਤੇ ਨੂੰ ਵੀ ਗਾਲ੍ਹ ਨਹੀਂ ਕਢੀ । ਤੈਨੂੰ ਕਿਊਂ ਕਢੂੰਗਾਂ ?

ਪੁਜਾਰੀ : ਇਕ ਚਪੇੜ ਖਾ ਕੇ ਮੁਕਰ ਵੀ ਗਿਆ ਏਂ ? ਭਗਵਾਨ ਦੇ ਸਾਹਮਣੇ ਖਲੋਤੇ ਹਾਂ ਇਸ ਕਰ ਕੇ ਤੇਰਾ ਲਿਹਾਜ਼ ਕਰ ਦਿੱਤਾ ਏ । ਨਹੀਂ ਤੇ ਮੈਂ ਤੇਰੀ ਧੌਣ ਦਾ ਮਣਕਾ ਭੰਨ ਦੇਣਾ ਸੀ । ਮੈਨੂੰ ਹਰਾਮੀ ਕਹਿਨਾ ਏਂ ?

ਮਾਸਟਰ : ਮੈਂ ਕਿਹਾ ਏ — ਹਰਾਮੀ ਤੈਨੂੰ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਜਾਰੀ : ਕਿਹਾ ਨਹੀਂਉ, ਮੈਂ ਤੁਹਾਨੂੰ ਜਨਮ ਦਿੱਤਾ ਏ। ਤੂੰ ਮੈਨੂੰ ਜਨਮ ਦਿੱਤਾ ਏ ?

ਮਾਸਟਰ : ਓਏ ਪੰਡਤਾ ਰਾਤ ਦੀ ਭੰਗ ਨਹੀਂ ਲੱਥੀ ?

ਪੁਜਾਰੀ : ਟੈਂ ਟੈਂ ਬੰਦ ਕਰ ਨਹੀਂ ਤੇ ਮਾਰਨਾ ਊਂ ਇਕ ਹੋਰ।

ਭਗਵਾਨ : ਓਏ ਭਈ ਸ਼ਾਂਤੀ ਕਰੋ ਸ਼ਾਂਤੀ। ਲੜਦੇ ਕਾਹਨੂੰ ਓ ?

ਪੁਜਾਰੀ : ਏਹਦੀ ਗੱਲ ਸੁਣੋ, ਵਡਾ ਮਾਸਟਰ ਬਣੀ ਫਿਰਦਾ ਏ। ਪਹਿਲੋਂ ਮੈਨੂੰ ਗਾਲ੍ਹ ਕੱਢੀ ਸੀ, ਤੇ ਹੁਣ ਮੁਕਰਦਾ ਏ।
(ਆਰਤੀ ਦੀ ਥਾਲੀ ਲੈ ਕੇ ਅੱਗੇ ਜਾਂਦਾ ਹੋਇਆ)
ਮੰਦਰ ਵਿਚ ਝੂਠ, ਔਰ ਇਹ ਸਾਡੇ ਬਾਲਾਂ ਨੂੰ ਵਿਦਿਆ ਦੇਂਦਾ ਜੇ। ਜੇੜ੍ਹੇ ਇਹਦੇ ਕੋਲੋਂ ਪੜ੍ਹਨਗੇ ਓਨਾਂ ਵਡਿਆਂ ਹੋ ਕੇ ਕੀ ਬਣਨਾ ਏਂ — ਚੋਰ, ਡਾਕੂ, ਜੇਬਕਤਰੇ ?

ਮਾਸਟਰ : ਓਏ ਪੰਡਤਾ ਹੁਣ ਬਸ ਵੀ ਕਰ। ਮੈਂ ਤੈਨੂੰ ਕੋਈ ਨਹੀਂ ਕਿਹਾ ਮੈਂ ਤੈਨੂੰ ਜਨਮ ਦਿੱਤਾ ਏ। ਤੇਰੇ ਜੇਹਾ ਬਾਲ ਜੰਮ ਕੇ ਮੈਨੂੰ ਕੀ ਲੱਭਣਾ ਏਂ ? ਲਾਲ ਕਿਲ੍ਹਾ ? ਮੈਂ ਜਨਮ ਦਿਆਂਗਾ ਤੇਰੇ ਜਹੇ ਖੋਤੇ ਨੂੰ ? ਰਾਤੀਂ ਘਟ ਪੀਆ ਕਰ ਭੰਗ ਨਹੀਂ ਤੇ ਸਵੇਰੇ ਜਣਾ ਖਣਾ ਪਿਓ ਲਗ੍ਹਗਾ।

ਪੁਜਾਰੀ : ਦੇਖ ਓਏ ਮਾਸਟਰਾ, ਧਰਮ ਨਾਲ ਦਸ ਕਿਹਾ ਨਹੀਂਉ ਤੈਨੂੰ ਮੈਂ ਜਨਮ ਦਿੱਤਾ ਏ ?

ਮਾਸਟਰ : ਤੂੰ ਮੈਨੂੰ ਜਨਮ ਦਿੱਤਾ ਏ ?

ਪੁਜਾਰੀ : ਮੈਂ ਨਹੀਂ, ਤੂੰ ਕਿਹਾ ਏ, ਤੂੰ ਮੈਨੂੰ ਜਨਮ ਦਿੱਤਾ ਏ। ਯਾਨੀ ਮੈਂ ਤੇਰਾ ਪੁਤਰ ਆਂ।

ਮਾਸਟਰ : ਮੈਂ ਕੋਈ ਨਹੀਂ ਕਿਹਾ।

ਪੁਜਾਰੀ : ਕਿਹਾ ਕਿਸ ਤਰ੍ਹਾਂ ਨਹੀਂ। ਮੈਂ ਆਪਣੇ ਕੰਨਾਂ ਨਾਲ ਸੁਣਿਆ ਏਂ।

ਮਾਸਟਰ : ਹੋਂਦਾ ਏ ਮਹਾਰਾਜ ਇੰਝ ਹੋਂਦਾ ਏ। ਜੇ ਰਾਤੀਂ ਭੰਗ ਪੀਵੋ ਤਾਂ ਸਵੇਰੇ ਕਈ ਕਿਸਮ ਦੀਆਂ ਵਾਜਾਂ ਕੰਨਾਂ ਵਿਚ ਪੈਂਦੀਆਂ ਨੇ। ਤੁਸੀਂ ਜ਼ਰੂਰ ਸੁਣਿਆ ਹੋਣਾ ਏਂ, ਪਰ ਮੈਂ ਕੋਈ ਨਹੀਂ ਜੇ ਕਿਹਾ।

ਪੁਜਾਰੀ : ਤੂੰ ਕਿਹਾ ਏ। ਕਿਸੇ ਹੋਰ ਕੋਲੋਂ ਪੁਛ ਲੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਸਟਰ : ਪੁਛ ਲੈ।

ਪੁਜਾਰੀ : ਪੁਛ ਲੈ।

ਬੇਬੇ : ਮੰਦਰ ਵਿਚ ਖਲੋਤੇ ਆਂ, ਝੂਠ ਤੇ ਬੋਲ ਨਹੀਂ ਸਕਦੇ। ਮੈਂ ਸੁਣਿਆ ਤੇ ਹੈ।

ਵਕੀਲ : ਸੁਣਿਆ ਤੇ ਮੈਂ ਵੀ ਏ।

ਪੁਜਾਰੀ : ਲੈ ਸੁਣ ਲਿਆ ਈ। ਵਕੀਲ ਸਾਹਿਬ ਦੀ ਮੰਨ ਭਾਵੇਂ ਨਾ ਮੰਨ। ਕਿਉਂਕਿ ਝੂਠ ਬੋਲਣਾ ਏਨ੍ਹਾ ਦਾ ਧੰਦਾ ਏ। ਪਰ ਬੇਬੇ ਤੇ ਨਹੀਂ ਐਵੇਂ ਕਹਿਣ ਵਾਲੀ। ਉਹਨੇ ਤੇ ਸੁਣਿਆ ਏ, ਤਾਂਹੀਏਂ ਤਾਂ ਕਹਿ ਰਹੀ ਏ।

ਵਕੀਲ : ਓਏ ਪੰਡਤਾ ਜ਼ਰਾ ਹੋਸ਼ ਨਾਲ ਗਲ ਕਰ। ਮੈਂ ਕੋਈ ਸੁੱਕਾ ਸੜਿਆ ਮਾਸਟਰ ਨਹੀਂ। ਜਿਨੂੰ ਯਰਕਾ ਲਏਂਗਾ। ਅੰਦਰ ਕਰਵਾ ਦੇਵਾਂਗਾ। ਮਤੇ ਸਮਝਦਾ ਹੋਵੇਂ। ਵਡਾ ਪਹਿਲਵਾਨ ਬਣਿਆ ਫਿਰਨਾ ਏਂ ?

ਮਾਸਟਰ : ਓਏ ਵਕੀਲ ਮੈਨੂੰ ਸੁੱਕਾ ਸੜਿਆ ਕਹਿਣ ਦਾ ਤੇਰਾ ਕੀ ਮਤਲਬ ? ਮੈਂ ਕੋਈ ਤੇਰੇ ਘਰੋਂ ਨਹੀਂ ਖਾਂਦਾ ? ਮੈਂ ਤੇਰੇ ਵਾਂਗੂ ਮਾਸ ਦਾ ਢੇਰ ਨਹੀਂ ਲਾਉਣਾ ਚਾਹੁੰਦਾ ਆਪਣੇ ਪਿੰਡੇ ਤੇ।

ਵਕੀਲ : ਇਹ ਸਿਹਤ ਮੱਝ ਦੇ ਦੁਧ ਨਾਲ ਬਣੀ ਏ ਮਾਸਟਰ ਜੀ। ਤੁਸੀਂ ਵੀ ਪੀਣਾ ਸੀ ਨਿੱਕੇ ਹੁੰਦਿਆਂ।

ਮਾਸਟਰ : ਜੇ ਪੀਂਦਾ ਤਾਂ ਤੇਰੇ ਵਾਂਗ ਦੇਹ ਵੀ ਮੋਟੀ ਹੋ ਜਾਣੀ ਸੀ ਤੇ ਅਕਲ ਵੀ।

ਭਗਵਾਨ : ਓਏ ਕੰਨਾਂ ਵਿਚ ਰੂੰ ਪਾ ਕੇ ਆਏ ਓ ?

ਵਕੀਲ : ਬੈਠੋ ਆਪਣਾ ਕੰਮ ਕਰੋ। ਸਾਡੇ ਝਗੜੇ ਵਿਚ ਲੱਤ ਅੜਾਣ ਦੀ ਤੁਹਾਨੂੰ ਕੋਈ ਲੋੜ ਨਹੀਂ।

ਭਗਵਾਨ : ਛੀ – ਛੀ – ਛੀ। ਇਹ ਬੰਦੇ ਨੇ ਕਿ ਜਾਨਵਰ !

ਵਕੀਲ : ਵੇਖ ਓਏ ਡਾਕਟਰਾ ਤੂੰ ਡੰਗਰਾਂ ਦਾ ਡਾਕਟਰ ਏਂ—ਏਦ੍ਹਾ ਮਤਲਬ ਇਹ ਨਹੀਂ ਕਿ ਤੈਨੂੰ ਸਿਵਾਏ ਮੱਝ ਗਾਂ ਤੋਂ ਹੋਰ ਕੁਝ ਦਿੱਸੇ ਈ ਨਾ। ਮੈਨੂੰ ਜਾਨਵਰ ਕਿਹਾ ਤੇ ਮੈਂ ਕੇਸ ਕਰ ਦਵਾਗਾ।

ਡਾਕਟਰ : ਲੈ ਯਾਰਾ ਤੂੰ ਵੀ ਤੇ ਹੱਦ ਕਰਨਾ ਏਂ। ਮੈਂ ਤੈਨੂੰ ਜਾਨਵਰ ਕਹਾਂਗਾ—ਡੰਗਰਾਂ ਦਾ ਡਾਕਟਰ ਆਂ ਡੰਗਰਾਂ ਦੀ ਚੰਗੀ ਪਛਾਣ

Forwarded with Compliments
Department of Education
Government of India
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਏ। ਤੁਸੀਂ ਜਾਨਵਰ ਕਿਵੇਂ ਹੋਏ। ਜਾਨਵਰ ਤੁਹਾਡੇ ਵਾਂਗ ਮੰਦਰਾਂ ਵਿਚ ਇੰਝ ਖਲੋ ਕੇ ਗਧਾਪਨ ਨਹੀਂ ਕਰਦੇ।

ਭਗਵਾਨ : ਬਿਲਕੁਲ ਠੀਕ ਹੈ।

ਵਕੀਲ : ਠੀਕ ਕੀ ਏ, ਐਵੇਂ ਈਂ ਏਸ ਉਲੂ ਦੇ ਪੱਠੇ ਨੂੰ ਸ਼ਹਿ ਦਈ ਜਾਂਦੇ ਓ। ਏਸ ਡਾਕਟਰ ਦੇ ਪੁਤਰ ਨੇ ਮੈਨੂੰ ਭਰੀ ਸਭਾ ਦੇ ਸਾਹਮਣੇ ਖੋਤਾ ਕਿਹਾ ਏ। ਮੈਂ ਏਹਦੇ ਤੇ ਮੁਕੱਦਮਾ ਕਰਾਂਗਾ। ਹੱਤਕ ਇੱਜ਼ਤ ਦਾ। ਧਰਮ ਨਾਲ ਕਹਿਨਾ। ਜੇ ਪੰਜ ਸਾਲ ਅੰਦਰ ਨਾ ਕਰਾ ਦਿਤਾ ਤੇ ਫਿਟੇ ਮੂੰਹ ਮੇਰਾ। ਤੁਹਾਨੂੰ ਸਭ ਨੂੰ ਗਵਾਹੀ ਦੇਣੀ ਪਏਗੀ।

ਡਾਕਟਰ : ਓਏ ਰਹਿਣ ਦੇ। ਏਹ ਦਬਕਾ ਹੋਰ ਕਿਸੇ ਨੂੰ ਮਾਰੀਂ। ਵਡਾ ਠੇਕੇਦਾਰ ਬਣਿਆ ਹੋਇਆ ਏ ਅਦਾਲਤ ਦਾ।......
ਬਾਹਰੋਂ ਮੁਕੱਦਮਾ ਲਭਦਾ ਨਹੀਂ, ਆਪਣੇ ਚਲਾਈ ਜਾਂਦਾ ਏ।

ਵਕੀਲ : ਤੂੰ ਮੇਰੀ ਹੱਤਕ ਕੀਤੀ ਏ, ਤੂੰ ਮੈਨੂੰ ਖੋਤਾ ਕਿਹਾ ਏ।

ਡਾਕਟਰ : ਓ ਭਾਈਆ ਜੇ ਤੈਨੂੰ ਮੈਂ ਖੋਤਾ ਕਿਹਾ ਏ ਤਾਂ ਇਹ ਹਤਕ ਤੇਰੀ ਹੋਈ ਕਿ ਖੋਤੇ ਦੀ ?
(ਸਾਰੇ ਹਸਦੇ ਨੇ)

ਬੇਬੇ : ਪੰਡਤ ਜੀ, ਆਰਤੀ ਏਧਰ ਲੈ ਆਓ, ਨਾਲੇ ਪਰਸ਼ਾਦ ਦਿਓ। ਘਰ ਚਲੀਏ, ਮੇਰੇ ਤੇ ਸੌ ਕੰਮ ਅਟਕੇ ਪਏ ਨੇ।

ਭਗਵਾਨ : ਹਾਂ ਭਈ ਏਨੂੰ ਜਾਣ ਦਿਓ। ਘਰ ਜਾ ਕੇ ਨੂੰਹ ਨਾਲ ਲੜਨਾ ਵੀ ਤੇ ਹੈ।

ਬੇਬੇ : ਕਿੰਨੂੰ ਕਿਹਾ ਮੈਂ ਨੂੰਹ ਨਾਲ ਲੜਨੀ ਆਂ ? ਰਾਮ ਪਿਆਰੀ ਤੂੰ ਕਿਹਾ ਨਾ ?

ਚਾਚੀ : ਲੈ ਮੈਂ ਕਿਹਾ ? ਹੈ ਨਾ ਬੁਢੜੀ ਸਠਿਆ ਗਈ। ਚੰਗੀ ਅਛੀ ਖਾਸੀ ਮਰਦ ਦੀ ਆਵਾਜ਼ ਸੀ, ਇਹ ਕੈਂਦੀ ਏ, ਮੈਂ ਕਿਹਾ। ਮੈਨੂੰ ਭਗਵਾਨ ਦੀ ਸੌਂਹ ਮੈਂ ਕਾਹਨੂੰ ਕੈਹਣਾ ਏਂ।

ਬੇਬੇ : ਚੱਲ ਝੂਠੀਆਂ ਸੌਂਹਾਂ ਨਾ ਚੁਕ, ਲਗੀ ਏ ਵੱਡੀ ਚਲਾਕ ਬਨਣ। ਨੂੰਹ ਨਾਲ ਲੜਨੀ ਆਂ ਤੇ ਤੈਨੂੰ ਕੀ ਏ ? ਮੇਰੀ ਆਪਣੀ ਨੂੰਹ ਏਂ। ਭਾਵੇਂ ਲੜਾਂ ਭਾਵੇਂ ਸੁਲਹ ਕਰਾਂ। ਤੇਰੇ ਨਾਲ ਤੇ ਨਹੀਂ ਲੜਦੀ ? ਨਾਲੇ ਭੈਣਾ—ਆਪਣੀ ਮੰਜੀ ਥੱਲੇ ਡੰਗੋਰੀ ਮਾਰ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਤੈਨੂੰ [illegible] ਦਸਾਂ ?

ਚਾਚੀ : ਬੇਬੇ ਹੁਣ ਤੈਨੂੰ ਚਾਬੀ ਲੱਗ ਗਈ ਏ। ਹੁਣ ਕੌਣ ਬੋਲ ਸਕਦਾ ਏ ਤੇਰੇ ਅਗੇ।

ਮਾਸਟਰ : ਓ ਚਲ ਚਾਚੀ—ਛਡ ਖੈਹੜਾ, ਇਹ ਕੇਹੜੀ ਮਹਾਭਾਰਤ ਸ਼ੁਰੂ ਕਰ ਦਿਤੀ ਜੇ। ਬੰਦਾ ਮੰਦਰ ਵਿਚ ਆਉਂਦਾ ਏ ਸ਼ਾਂਤੀ ਵਾਸਤੇ, ਏਥੇ ਵੀ ਉਹੀ ਕਿੜ ਕਿੜ। ਸਾਰਾ ਦਿਨ ਮੁੰਡਿਆਂ ਤੇ ਸਿਰ ਖਾਣਾ ਈਂ ਏਂ, ਕਮ ਸੇ ਕਮ ਏਥੇ ਤੇ......

ਡਾਕਟਰ : ਮਾਸਟਰ ਜੀ ਜੰਮਣ ਤੋਂ ਪਹਿਲਾਂ ਸੋਚਣਾ ਸੀ। ਚੋਖੀ ਔਲਾਦ ਦਾ ਏਹੀ ਤੇ ਸਿਆਪਾ ਏ।

ਮਾਸਟਰ : ਓਏ ਡਾਕਟਰਾ......ਓ ਚਲ—ਕੀ ਆਖਾਂ ਤੈਨੂੰ, ਡੰਗਰਾਂ ਦਾ ਇਲਾਜ ਕਰਦਾ-ਕਰਦਾ ਆਪ ਈ ਡੰਗਰ ਬਣ ਗਿਆ ਏਂ। ਮੈਂ ਜਿਹੜੇ ਮੁੰਡਿਆਂ ਦੀ ਗਲ ਕੀਤੀ ਏ, ਉਹ ਸਾਰੇ ਮੇਰੇ ਨੇ ? ਮੈਂ ਜੰਮੇ ਨੇ ? ਓ ਭਾਈਆ ਮੈਂ ਤੇ ਸਕੂਲ ਦੇ ਮੁੰਡਿਆਂ ਦੀ ਗਲ ਕਰ ਰਿਹਾ ਹਾਂ। ਸੌਹਰੀ ਦੇ ਏਡੇ ਭੈੜੇ ਨੇ, ਸਾਰਾ ਦਿਨ ਟੈਂ ਟੈਂ ਕਰਦੇ ਰਹਿੰਦੇ ਨੇ। ਜੀ ਕਰਦਾ ਇਕ ਇਕ ਦੀ ਸੰਘੀ ਘੁੱਟ ਦਿਆਂ।

ਚਾਚੀ : ਲੈ—ਔਲਾਦ ਕਿਸੇ ਦੀ—ਤੇ ਸੰਘੀਆਂ ਏਹ ਘੁਟਦਾ ਫਿਰਦਾ ਏ। ਮਾਸਟਰਾ ਚਾਰ ਕਿਤਾਬਾਂ ਤੇ ਤੂੰ ਜ਼ਰੂਰ ਪੜ੍ਹਿਆਂ ਏਂ ਪਰ ਅਕਲ ਤੈਨੂੰ ਕੌਡੀ ਦੀ ਨਹੀਂ। ਬੇਸ਼ਰਮਾ ਬਚਿਆਂ ਦੇ ਖਿਲਾਫ ਬੋਲਨਾ ਏਂ ? ਬਚੇ ਤੇ ਸਭੇ ਭਗਵਾਨ ਦਾ ਰੂਪ ਹੁੰਦੇ ਨੇ।

ਭਗਵਾਨ : ਤਾਂ ਹੀ ਤੇ ਤੁਸੀਂ ਲੋਕ ਉਨ੍ਹਾਂ ਨੂੰ ਸੜਿਆ ਹੋਇਆ ਅਨਾਜ ਖਵਾਂਦੇ ਓ। ਪਾਣੀ ਆਲਾ ਦੁਧ ਪਿਆਂਦੇ ਓ। ਮੋਬਲ-ਆਇਲ ਵਾਲਾ ਘਿਓ ਖਵਾਂਦੇ ਓ।

ਸ਼ਾਹ : ਓਏ ਵਕੀਲ ਬੰਦਾ ਬਣ ਜਾ ਬੰਦਾ। ਲਗਾ ਏਂ ਸਾਡੀਆਂ ਬੇਈਮਾਨੀਆਂ ਦਸਣ। ਆਪਣੀ ਗਲ ਕਰ ਆਪਣੀ। ਸਾਰਾ ਦਿਨ ਸਿਵਾਏ ਝੂਠ ਤੋਂ ਹੋਰ ਕੰਮ ਈਂ ਕੋਈ ਨਹੀਂ।

ਵਕੀਲ : ਮੈਂ ਕਿਹਾ ਸ਼ਾਹ ਜੀ ਏਹ ਮੇਰੇ ਮਗਰ ਕਿਸ ਖੁਸ਼ੀ ਵਿਚ ਪੈ ਗਏ ਓ ? ਮੈਂ ਤੁਹਾਨੂੰ ਕੀ ਕਿਹਾ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹ : ਓਏ ਸਿਆਣਿਆ ਜੇ ਚਿਕੜ ਵਿਚ ਵੱਟਾ ਮਾਰੇਂਗਾ ਤੇ ਛਿੱਟੇ ਤੇ ਪੈਣਗੀਆਂ ਈਂ । ਪਹਿਲੋਂ ਤੂੰ ਛੇੜਿਆ ਏ ।

ਵਕੀਲ : ਲੈ ਮੈਂ ਏਵੇਂ ਈ ਛੇੜਿਆ ਐ ।

ਸ਼ਾਹ : ਤੂੰ ਨਹੀਂ ਛੇੜਿਆ ਤੇ ਮੈਂ ਐਵੇਂ ਸ਼ੁਰੂ ਹੋ ਗਿਆ ਆਂ । ਚੁਪ ਕਰ ਨਹੀਂ ਤ ਹੋਰ ਸੁਣਾਵਾਂਗਾ ।

ਵਕੀਲ : ਅੱਛਾ ਬਾਬਾ ਮਾਫ ਕਰ ।

(ਇਕ ਨਰਤਕੀ ਅੰਦਰ ਆਉਂਦੀ ਏ—ਭਗਵਾਨ, ਚਾਚੀ ਤੇ ਬੇਬੇ ਨੂੰ ਛੱਡ ਕੇ ਸਾਰੇ ਓਹਦੇ ਵਲ ਵੇਖਣ ਲਗ ਪੈਂਦੇ ਨੇ । ਉਸ ਵੇਲੇ ਪੁਜਾਰੀ ਆਰਤੀ ਦਾ ਥਾਲ ਲੈ ਕੇ ਬੇਬੇ ਦੇ ਸਾਹਮਣੇ ਖੜਾ ਏ । ਬੇਬੇ, ਆਰਤੀ ਲੈ ਚੁਕੀ ਏ, ਪਰ ਪੁਜਾਰੀ ਆਪਣੀ ਥਾਂ ਤੋਂ ਨਹੀਂ ਹਿਲਦਾ, ਨਰਤਕੀ ਵਲ ਵੇਖੀ ਜਾਂਦਾ ਹੈ)

ਨਰਤਕੀ : (ਭਗਵਾਨ ਨੂੰ ਨਿਮਸ਼ਕਾਰ ਕਰਕੇ) ਆਰਤੀ ਹੋ ਵੀ ਗਈ ? ਆਂਦਿਆਂ ਆਂਦਿਆਂ ਦੇਰ ਈ ਹੋ ਗਈ ਏ ।

ਬੇਬੇ : ਪੰਡਿਤ ਜੀ, ਹੁਣ ਅਗੇ ਵੀ ਚਲੋ, ਮੈਂ ਆਰਤੀ ਲੈ ਲਈ ਏ । (ਪੁਜਾਰੀ ਨਹੀਂ ਸੁਣਦਾ)

ਬੇਬੇ : ਮੈਂ ਕਿਹਾ ਏ ਪੰਡਿਤ ਜੀ ?

ਭਗਵਾਨ : ਇਕ ਝਾਂਪੜ ਦੇ ਏਹਨੂੰ ।

ਪੰਡਿਤ : ਝਾਂਪੜ ਤੇ ਮੈਨੂੰ ? ਆ ਜਾਓ ਕਿਹੜਾ ਮਾਈ ਦਾ ਲਾਲ ਮੈਨੂੰ ਝਾਂਪੜ ਦੇਂਦਾ ਏ । ਬੱਤੀ ਦੇ ਬੱਤੀ ਦੰਦ ਜੇ ਬਾਹਰ ਨਾ ਕਢ ਦੇਵਾਂ ਤੇ ਮੇਰਾ ਨਾਂ ਬਦਲ ਦੇਣਾ—ਆ ਜਾਓ ।

(ਸਾਰੇ ਹੈਰਾਨੀ ਨਾਲ ਇਕ ਦੂਜੇ ਦਾ ਮੂੰਹ ਦੇਖਦੇ ਨੇ)

ਵਕੀਲ : ਮੈਂ ਕਿਹਾ ਪੰਡਿਤ ਜੀ, ਇਹ ਪਹਿਲਵਾਨੀ ਦਾ ਰੋਹਬ ਕਿਸ ਖ਼ੁਸ਼ੀ ਵਿਚ ਦੇ ਰਹੇ ਓ ?

ਪੰਡਿਤ : ਰੋਹਬ ਰਾਬ੍ਹ ਮੈਂ ਨਹੀਂ ਜਾਣਦਾ । ਆ ਜਾ ਮੈਦਾਨ ਵਿਚ ਤੇ ਵੇਖ ਲੈ, ਜੇ ਆਪਣੀ ਮਾਂ ਦਾ ਪੁਤਰ ਏਂ ਤੇ ਆ ਮੈਦਾਨ ਵਿਚ—ਦੇ ਕੇ ਵਿਖਾ ਝਾਂਪੜ ।

(ਹਨੂਮਾਨ ਦਾ ਪੋਜ਼ ਬਣਾ ਕੇ ਖੜਾ ਹੋ ਜਾਂਦਾ ਏ—ਸਾਰੇ ਹੈਰਾਨ ਕਿ ਪੰਡਿਤ ਨੂੰ ਹੋ ਕੀ ਗਿਆ ਏ । ਏਨੇ ਵਿਚ ਭਗਵਾਨ ਆਪਣੀ ਜਗ੍ਹਾ ਤੋਂ ਉਤਰ ਕੇ ਪੰਡਿਤ ਦੀ ਪਿੱਠ ਵਿਚ ਮੁਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਜਗ੍ਹਾ ਤੇ ਖਲੋ ਜਾਂਦੇ ਨੇ)

ਪੰਡਿਤ : ਓਏ ਡਰੂ, ਪਿਛੋਂ ਦੀ ਵਾਰ ਕਰਨਾ ਏਂ ? ਸਾਹਮਣੇ ਆ। ਮੈਂ ਤੇਰੀ ਚਟਣੀ ਬਣਾ ਕੇ ਰਖ ਦਿਆਂਗਾ। ਆਂਦਰਾਂ ਬਾਹਰ ਕਢ ਦਿਆਂਗਾ। ਬੁਜ਼ਦਿਲਾ ਆ ਜਾ—ਆ ਜਾ ਮੈਂ ਤੇਰੀਆਂ ਹਡੀਆਂ ਦਾ ਸੁਰਮਾ ਬਣਾਵਾਂ।

ਸ਼ਾਹ : ਕੀਹਦੀਆਂ ਹੱਡੀਆਂ ਦਾ ?

ਪੰਡਿਤ : ਤੇਰੀਆਂ ਦਾ।

ਸ਼ਾਹ : ਮਾਸਟਰ ਠੀਕ ਕਹਿੰਦਾ ਸੀ ਕਿ ਰਾਤ ਦੀ ਨਹੀਂ ਉਤਰੀ। ਓ ਮੇਰੀਆਂ ਹਡੀਆਂ ਦਾ ਸੁਰਮਾ ਕਿਉਂ ਬਣਾਏਂਗਾ ? ਬਾਜ਼ਾਰੋਂ ਬਣਿਆ ਬਣਾਇਆ ਕਿਉਂ ਨਹੀਂ ਲੈ ਲੈਂਦਾ ?

ਪੰਡਿਤ : ਤੂੰ ਕਿਉਂ ਮੇਰੀ ਕੰਡ ਵਿਚ ਕਮੂੱਾ ਮਾਰਿਆ ਏ। ਸ਼ਾਹ ਹੋਵੇਂਗਾ ਤੇ ਘਰ ਹੋਵੇਂਗਾ। ਮੈਨੂੰ ਹਥ ਲਾਇਆ ਤੇ—ਤੇਰਾ ਸ਼ਾਹਪੁਣਾ ਕਢ ਕੇ ਬਾਹਰ ਰਖ ਦਿਆਂਗਾ।

ਨਰਤਕੀ : ਪੰਡਿਤ ਜੀ ਕਿਉਂ ਏਡਾ ਰੌਲਾ ਪਾ ਰਹੇ ਓ। ਏਧਰ ਲੈ ਆਓ ਆਰਤੀ ਮੈਂ ਜਾਣਾ ਏਂ ਛੇਤੀ ਨਾਲ। ਬੰਬਈ ਤੋਂ ਮਹਿਮਾਨ ਆਣ ਵਾਲੇ ਨੇ।

ਸ਼ਾਹ : ਬੰਬਈ ਤੋਂ ਕੌਣ ਆ ਰਿਹਾ ਏ ਸਾਡਾ ਦੁਸ਼ਮਣ ?

ਨਰਤਕੀ : ਲੈ ਖਾਂ ਕਿੰਨੇ ਭੁਲੱਕੜ ਓ। ਦਸਿਆ ਨਹੀਂ ਸੀ ਤੁਹਾਨੂੰ, ਫਿਲਮ ਵਿਚ ਰੋਲ ਮਿਲ ਗਿਆ ਏ ਮੈਨੂੰ ? ਪੰਡਿਤ ਜੀ, ਛੇਤੀ ਕਰੋ, ਆਰਤੀ ਲੈ ਆਓ ਏਧਰ।

ਪੁਜਾਰੀ : ਲੈ ਆਨਾ—ਲੈ ਆਨਾ—ਏਡਾ ਹੁਕਮ ਨਾ ਚਲਾ ਮੇਰੇ ਤੇ। ਥਾਂ ਥਾਂ ਨੱਚਣਾ ਤੇ ਮੇਰੇ ਤੇ ਹੁਕਮ ਚਲਾਣਾ। ਧੌਂਸ ਮੈਂ ਵੱਡੇ ਵੱਡਿਆਂ ਦੀ ਨਹੀਂ ਸਹਿੰਦਾ। ਤੂੰ ਤੇ ਭਲਾ ਹੈ ਈਂ ਛੋਟੀ ਜਾਤ।

ਭਗਵਾਨ : ਓਏ ਮੂਰਖ ਭਗਵਾਨ ਦੇ ਸਾਹਮਣੇ ਕੋਈ ਛੋਟਾ ਵੱਡਾ ਨਹੀਂ। ਸਭ ਬਰਾਬਰ ਨੇ। ਸਮਝਿਆ ਏਂ ?

ਵਕੀਲ : ਏਹ ਹੋਈ ਨ ਗਲ ਅਕਲ ਦੀ। ਲਓ ਮਿਲਾਓ ਹੱਥ।

ਮਾਸਟਰ : ਮੈਂ—ਮੈਂ ਕਿਉਂ ਮਿਲਾਵਾਂ ਹੱਥ।

ਵਕੀਲ : ਲੌ ਪਿਆਰਿਓ ਏਡੀ ਸਿਆਣੀ ਗਲ ਕੀਤੀ ਜੇ, ਧਰਮ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਬੀਅਤ ਖੁਸ਼ ਹੋ ਗਈ ਏ । ਭਗਵਾਨ ਦੇ ਸਾਹਮਣੇ ਕੋਈ ਛੋਟਾ ਨਈਂ ਕੋਈ ਵੱਡਾ ਨਈਂ, ਵਾਹ ਮਾਸਟਰ ਜੀ ।

ਮਾਸਟਰ : ਓ ਭਾਈਆ, ਮੈਂ ਕੋਈ ਨਹੀਂਉ ਕਿਹਾ ।

ਵਕੀਲ : ਪਰ ਤੁਸਾਂ ਕੋਈ ਮਾੜੀ ਗਲ ਤੇ ਕੀਤੀ ਨਹੀਂ ।

ਮਾਸਟਰ : ਯਾਰ ਮੈਂ ਮਾੜੀ ਚੰਗੀ ਕੋਈ ਵੀ ਨਹੀਂ ਕੀਤੀ । ਅਗੇ ਵੀ ਏਸੇ ਚੱਕਰ ਵਿਚ ਪੰਡਿਤ ਨੇ ਚੰਡ ਕੱਢ ਮਾਰੀ ਸੀ । ਆਹ ਲਓ ਮੈਂ ਆਪਣੇ ਮੂੰਹ ਤੇ ਗੁਲੂਬੰਦ ਬੰਨ੍ਹ ਲੈਨਾ ਆਂ ।

ਪੁਜਾਰੀ : ਚਲਾ ਈ ਕਿਉਂ ਨਹੀਂ ਜਾਂਦਾ ?

ਮਾਸਟਰ : ਚਲਾ ਜਾਂ, ਪਰ ਤੂੰ ਪ੍ਰਸ਼ਾਦ ਦੇਂ ਤੇ ਜਾਵਾਂ ਨਾ ।

ਭਗਵਾਨ : ਦੇਹ ਬਈ ਦੇ ਪ੍ਰਸ਼ਾਦ । ਸਾਰੇ ਪ੍ਰਸ਼ਾਦ ਲੈਣ ਤੇ ਆਏ ਨੇ । ਹੋਰ ਏਥੇ ਕੀ ਕੰਮ ਏ ?

ਵਕੀਲ : ਕਿਸ ਆਖਿਆ ਏ ਅਸੀਂ ਸਿਰਫ ਪ੍ਰਸ਼ਾਦ ਲੈਣ ਆਉਨੇ ਆਂ ?

ਡਾਕਟਰ : ਕਿਸ ਕੀਤਾ ਏ ਸਾਡੀ ਸੱਚੀ ਭਗਤੀ ਤੇ ਸ਼ੱਕ ?

ਵਕੀਲ : ਲਗ ਗਿਆ ਏ ਪਤਾ । ਏਸ ਸ਼ਾਹ ਨੇ ਕੀਤਾ ਏ । ਕਿਉਂ ਸ਼ਾਹ ਜੀ ਤੁਸੀਂ ਕਿਹਾ ਏ ਨਾ ?

ਸ਼ਾਹ : ਮੈਂ ਕਿਹਾ ਤੇ ਕੋਈ ਨਹੀਂ—ਪਰ ਜਿਸ ਵੀ ਕਿਹਾ ਏ, ਕਿਹਾ ਸੱਚ ਏ । ਮੈਨੂੰ ਪਤਾ ਏ ਤੁਸੀਂ ਲੋਕ ਪ੍ਰਸ਼ਾਦ ਨਾਲ ਈ ਢਿੱਡ ਭਰਦੇ ਓ, ਨਾਸ਼ਤੇ ਦੇ ਟਾਈਮ ਤੇ ।

ਭਗਵਾਨ : ਕੇਡੇ ਬੇਸ਼ਰਮ ਆਦਮੀ ਨੇ ।

(ਦਰਜੀ ਦਾਖ਼ਲ ਹੁੰਦਾ ਏ ।

ਵਕੀਲ : ਓਏ ਜਾਤ ਦਾ ਦਰਜੀ ਔਰ ਆਪਣੇ ਆਪ ਨੂੰ ਵਡਾ ਤੀਸ ਮਾਰ ਖਾਂ ਸਮਝਨਾ ਏਂ !

ਦਰਜੀ : ਕਿਉਂ ਵਕੀਲ ਸਾਹਿਬ ਕੀ ਹੋਇਆ ਏ ? ਆਉਂਦਿਆਂ ਈਂ ਭੂੰਡ ਵਾਂਗ ਡੰਗ ਮਾਰਨ ਲਗ ਪਏ ਓ । ਮੈਂ ਤੁਹਾਨੂੰ ਕੀ ਕਿਹਾ ਏ ?

ਵਕੀਲ : ਓਏ ਬਹੁਤਾ ਚਾਲਾਕ ਨਾ ਬਣ । ਤੂੰ ਕਿਸੇ ਐਰੇ-ਗੈਰੇ ਨਥੂ ਖੈਰੇ ਨਾਲ ਗਲ ਨਈਂ ਕਰ ਰਿਹਾ । ਮੈਂ ਐਡਵੋਕੇਟ ਆਂ ਐਡਵੋਕੇਟ । ਕੋਈ ਤੇਰੇ ਵਾਂਗੂ ਕੱਛੇ ਨਹੀਂ ਸੀਉਂਦਾ ।

ਦਰਜੀ : ਕਚਹਿਰੀ ਵਿਚ ਜਾ ਕੇ ਝੂਠੀਆਂ ਗਵਾਹੀਆਂ ਪੇਸ਼ ਕਰਨ ਨਾਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਵਕੀਲ ਸਾਹਿਬ, ਨਾਲੇ ਸਾਡੇ ਈ ਸੀਤੇ ਕੋਟ ਨਾਲ ਵਕੀਲ ਲਗ ਰਹੇ ਓ। ਡਿਗਰੀ ਤੇ ਰੱਬ ਜਾਣੇ ਤੁਹਾਡੇ ਕੋਲ ਹੈ ਵੀ ਏ ਕਿ ਨਹੀਂ।

(ਸਾਰੇ ਹਸਦੇ ਨੇ)

(ਪਿਛੋਂ ਇਕ ਅੰਨ੍ਹਾ ਆਦਮੀ ਆ ਕੇ ਦਰਜੀ ਨਾਲ ਟਕਰਾਂਦਾ ਏ)

ਦਰਜੀ : (ਅੰਨ੍ਹੇ ਨੂੰ) ਕਿਉਂ ਬਈ ਅੱਖਾਂ ਨੀ ਕਿ ਕੌਲ ਡੌਡੇ। ਵੇਖਕੇ ਚਲ। (ਅੰਨ੍ਹਾਂ ਓਹਦੇ ਪੈਰੀਂ ਹਥ ਲਾਂਦਾ ਏ।)

ਭਗਵਾਨ : ਅੰਨ੍ਹਾਂ ਤੂੰ ਏਂ ! ਦਿਸਦਾ ਨਹੀਂ ਓਸ ਵਿਚਾਰੇ ਦੀਆਂ ਅੱਖਾਂ ਕੋਈ ਨਹੀਂ ?

ਦਰਜੀ : ਕੌਣ ਬੋਲਿਆ ਏ ?

ਸੂਰਦਾਸ : ਇਹ ਤੇ ਸੋਇਮ ਭਗਵਾਨ ਦੀ ਆਵਾਜ਼ ਏ।...

ਭਗਵਾਨ : ਵੇਖੋ ਅੰਨ੍ਹੇ ਨੂੰ ਦਿਸਦਾ ਏ ਪਰ ਏਨ੍ਹਾਂ ਬਦਮਾਸ਼ਾਂ ਨੂੰ ਕੁਝ ਨਹੀਂ ਜੇ ਦਿਸਦਾ।

ਸ਼ਾਹ : ਕਿਉਂ ਓਏ ਮਾਸਟਰ ਦੀ ਔਲਾਦ — ਬਦਮਾਸ਼ ਕਿਹਨੂੰ ਕਿਹਾ ਈ ?

(ਮਾਸਟਰ ਨੇ ਆਪਣਾ ਮੂੰਹ ਗੁਲੂਬੰਦ ਨਾਲ ਢਕਿਆ ਹੋਇਆ ਏ। ਉਹ ਸ਼ਾਹ ਨੂੰ ਆਪਣੇ ਮੂੰਹ ਵਲ ਇਸ਼ਾਰਾ ਕਰ ਕੇ ਵਿਖਾਂਦਾ ਏ)

ਸੇਠ : ਤੂੰ ਨਹੀਂ ਕਿਹਾ ਤੇ ਫਿਰ ਕਿਹਾ ਕਿਸ ਏ ?

ਡਾਕਟਰ : ਕਿਹਾ ਤੇ ਕਿਸੇ ਨਾ ਕਿਸੇ ਹੈ ਈ।

ਸੂਰਦਾਸ : ਭਗਤੋ ਇਹ ਤੇ ਮੁਰਲੀ ਮਨੋਹਰ ਦੀ ਆਵਾਜ਼ ਸੀ।

ਸ਼ਾਹ : ਕਿਉਂ ਓਏ ਤੈਨੂੰ ਕਿੱਦਾਂ ਪਤਾ ਏ ?

ਸੂਰਦਾਸ : ਰਾਤ ਨੂੰ ਕਦੀ ਕਦੀ ਮੰਦਰ ਆ ਕੇ ਭਗਵਾਨ ਦੇ ਸਾਹਮਣੇ ਭਜਨ ਗਾਉਂਨਾਂ। ਕਦੀ ਕਦੀ ਭਗਵਾਨ ਦੀ ਆਵਾਜ਼ ਸੁਣਾਈ ਦੇਂਦੀ ਏ।

ਵਕੀਲ : ਲੌ ਜੀ, ਸੁਣਿਆ ਜੇ ਭਾਈ ਸਾਹਬ ਨੇ ਕੀ ਫਰਮਾਇਆ ਏ ?

ਸੂਰਦਾਸ : ਵਕੀਲ ਸਾਹਬ ਜੀ ਵੀਹ ਸਾਲਾਂ ਤੋਂ ਏਥੇ ਰਹਿ ਰਿਹਾਂ। ਅੱਖਾਂ ਤੇ ਹੈ ਨਹੀਂ, ਅਵਾਜ਼ ਤੋਂ ਇਕ ਇਕ ਬੰਦੇ ਨੂੰ ਸਿਆਣ ਲੈਨਾ

CC-0. In Public Domain. Gurukul Kangri Collection, Haridwar
03879

Digitized by Arya Samaj Foundation Chennai and eGangotri

ਆ । ਰਾਤ ਨੂੰ ਕਿਸੇ ਦਾ ਬਾਲ ਰੋਏ, ਤੇ ਮੈਨੂੰ [illegible] ਜਾਂਦਾ
ਏ ਕਿ ਕਿਦ੍ਹਾ ਬਾਲ ਰੋਇਆ ਏ ।

ਚਾਚੀ : ਇਹ ਗੱਲ ਤੇ ਸਚ ਆਖੀ ਸੂ ! ਉਸ ਦਿਨ ਸਾਡੇ ਕੀਰਤਨ ਹੋ ਰਿਹਾ ਸੀ । ਅਸੀਂ ਗਜ ਗਜ ਕੇ ਗਾ ਰਹੇ ਸਾਂ, ਤੇ ਪਤਾ ਨਹੀਂ ਕੇਹੜੇ ਵੇਲੇ ਮੇਰਾ ਗੋਪਾਲਾ ਬਾਹਰ ਨਿਕਲ ਗਿਆ । ਬਾਹਰ ਨਿਕਲਿਆ ਤੇ ਭੁਲੀਂ ਪੈ ਗਿਆ । ਭੁਲੀਂ ਪਿਆ ਤੇ ਰੋਣ ਲਗ ਪਿਆ । ਸੂਰਦਾਸ ਨੇ ਓਹਦੇ ਰੋਣ ਦੀ ਆਵਾਜ਼ ਸੁਣੀ ਤੇ ਉਹਨੂੰ ਚੁਕ ਕੇ ਲੈ ਆਇਆ ਤੇ ਮੇਰੀ ਝੋਲੀ ਵਿਚ ਪਾ ਦਿੱਤਾ ।

ਡਾਕਟਰ : ਕਿਉਂ ਓਏ ਸੂਰਦਾਸ ਚਾਚੀ ਸਚ ਕੈਹ ਰਹੀ ਏ ਕਿ ਐਵੇਂ ਗੜਪਲ ਮਾਰ ਰਹੀ ਏ । ਏਦ੍ਹੀ ਆਦਤ ਏ ਐਵੇਂ ਈਂ ਕਿੱਸੇ-ਕਹਾਣੀਆਂ ਬਣਾ ਕੇ ਲੋਕਾਂ ਨੂੰ ਸੁਣਾਂਦੀ ਰਹਿੰਦੀ ਏ ।

ਚਾਚੀ : ਚੁਪ ਕਰ ਕੇ ਖਲੋਤਾ ਰੈਹ ਨਹੀਂ ਤੇ...

ਸੂਰਦਾਸ : ਚਲ ਚਾਚੀ ਤੂੰ ਈਂ ਜਾਣ ਦੇ । ਡਾਕਟਰ ਸਾਹਬ ਨੂੰ ਏਹ ਗਲ ਸਮਝ ਨਹੀਂ ਆਉਣੀ ।

ਨਰਤਕੀ : ਹੈ ਤੇ ਕਮਾਲ ਕਿ ਅੱਖੋਂ ਅੰਨ੍ਹਾ ਔਰ ਸਭ ਕੁਝ ਸਿਆਣ ਲਏ । ਪਤਾ ਨਹੀਂ ਕਿਸ ਤਰ੍ਹਾਂ ਕਰਦੇ ਨੇ ।

ਸੂਰਦਾਸ : ਏਦ੍ਹੇ ਵਿਚ ਕੋਈ ਕਮਾਲ ਨਹੀਂ ਦੇਵੀ । ਏਹ ਸਭ ਭਗਵਾਨ ਦੀ ਮਾਇਆ ਏ । ਭਗਵਾਨ ਇਕ ਪਾਸੇ ਕੁਝ ਖੋਂਹਦਾ ਏ ਤੇ ਦੂਜੇ ਪਾਸੇ ਜ਼ਿਆਦਾ ਦੇ ਦੇਂਦਾ ਏ । ਤੂੰ ਆਪਣਾ ਈਂ ਵੇਖ । ਭਗਵਾਨ ਨੇ ਤੈਨੂੰ ਪੈਦਾ ਤੇ ਕੀਤਾ ਏ ਨਚਣ ਗੌਣ ਵਾਲਿਆਂ ਦੇ ਘਰ, ਪਰ ਤੇਰੇ ਗਲੇ ਵਿਚ ਮਿਸ਼ਰੀ ਦੀ ਮਿਠਾਸ ਭਰ ਦਿੱਤੀ ਸੂ । ਗਾਂਉਂਦੀ ਏਂ ਤੇ ਇੰਜ ਲਗਦਾ ਏ ਜਿਵੇਂ ਕਿਤੋਂ ਸ਼ਹਦ ਟਪਕ ਟਪਕ ਕੇ ਮੂੰਹ ਵਿਚ ਪੈ ਰਿਹਾ ਹੋਵੇ ।

ਸ਼ਾਹ : ਵਾਹ ਓਏ ਸੂਰਦਾਸਾ ਸਾਰਾ ਦਿਨ ਸ਼ਹਿਰ ਵਿਚੋਂ ਭੀਖ ਮੰਗਨਾ ਏਂ, "ਔ ਭਈ ਅੱਖਾਂ ਵਾਲਿਓ, ਅੰਨ੍ਹੇ ਮੋਹਤਾਜ ਨੂੰ ਇਕ ਪੈਸਾ ਦੇ ਦਿਓ" ਤੇ ਰਾਤ ਨੂੰ ਗਾਣਾ ਸੁਨਣ ਨਿਕਲ ਜਾਂਨਾ ਏਂ । ਪੁਤਰਾ ਸਾਡੇ ਮਾਲ ਤੇ ਐਸ਼ ।

ਦਰਜੀ : ਸ਼ਾਹ ਜੀ ਤੁਹਾਨੂੰ ਕਿਉਂ ਤਕਲੀਫ ਹੋ ਰਹੀ ਏ ? ਓਹਦੀ ਆਪਣੀ ਕਮਾਈ ਏ ਭਾਵੇਂ ਦਾਰੂ ਪੀਏ ਤੇ ਭਾਵੇਂ ਗਾਣਾ ਸੁਣੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੁਸੀਂ ਆਪਣੇ ਆਪ ਨੂੰ ਕੀ ਸਮਝਦੇ ਓ, ਔਰੰਗਜ਼ੇਬ ! ਲੋਕਾਂ ਨੂੰ ਗਾਣਾ ਨਹੀਂ ਸੁਣਨ ਦਿਓਗੇ ?

ਸ਼ਾਹ : ਅੱਛਾ ਤੇ ਤੂੰ ਵੀ ਰਾਤੀਂ ਓਥੇ ਈ ਹੋਨਾ ਏਂ । ਸ਼ਾਵਾਸ਼ੇ, ਸ਼ਾਵਾਸ਼ੇ, ਠੀਕ ਏ ਪੁਤਰੋ ਬੇਈਮਾਨੀ ਦਾ ਪੈਸਾ ਏ, ਸੁਣੋ ਗਾਣਾ ।

ਦਰਜੀ : ਸ਼ਾਹ ਜੀ ਸਾਡਾ ਪੈਸਾ ਹਕ ਹਲਾਲ ਦਾ ਏਂ । ਬੇਈਮਾਨੀ ਦਾ ਹੋਏਗਾ ਤੁਹਾਡਾ ।

ਸ਼ਾਹ : ਦੇਖ ਓਏ ਦਰਜੀਆ ਕਪੜੇ ਸਿਲਵਾਨੇ ਬੰਦ ਕਰ ਦਊਂਗਾ ਤੇਰੀ ਦੁਕਾਨ ਤੋਂ ।

ਦਰਜੀ : ਅੱਗੇ ਕਿਹੜਾ ਤੁਸੀਂ ਮੈਨੂੰ ਰੋਟੀ ਦੇ ਰਹੇ ਓ । ਕਦੀ ਛੇਈਂ ਮਹੀਨੀਂ ਇਕ ਕੱਛਾ ਸਵਾ ਲਿਆ ਤੇ ਸਮਝਦੇ ਓ ਮੇਰਾ ਸਾਰਾ ਟੱਬਰ ਪਾਲ ਰਹੇ ਓ ।

ਸ਼ਾਹ : (ਤੱਤਾ ਹੋ ਕੇ) ਵਕੀਲ ਸਾਹਬ ਏਹਨੂੰ ਸਮਝਾ ਲਓ ਮੇਰਾ ਹਥ ਉਠ ਜਾਏਗਾ ।

ਮਾਸਟਰ : (ਪੁਜਾਰੀ ਨੂੰ) ਪੰਡਿਤ ਜੀ ਤੁਸੀਂ ਪ੍ਰਸ਼ਾਦ ਵੰਡੋ ਤੇ ਅਸੀਂ ਘਰ ਚਲੀਏ । ਛੇਤੀ ਦੇਓ ਨਹੀਂ ਤੇ ਮੈਂ ਲਗਾ ਜੇ ਆਪੇ ਚੁਕਣ । (ਫੇਰ ਗੁਲੂਬੰਦ ਨਾਲ ਮੂੰਹ ਢਕ ਲੈਂਦਾ ਏ ।)

ਪੁਜਾਰੀ : ਖ਼ਬਰਦਾਰ ਜੇ ਪ੍ਰਸ਼ਾਦ ਵਾਲੇ ਥਾਲ ਨੂੰ ਹਥ ਲਾਇਆ । ਪਹਿਲੋਂ ਏਹ ਪਤਾ ਕਰਨਾ ਏਂ ਕਿ ਮੈਨੂੰ ਘਸੁੰਨ ਕਿਸ ਮਾਰਿਆ ਸੀ । ਆਪੇ ਮੰਨ ਲਓ ਨਹੀਂ ਤੇ ਭਾਵੇਂ ਸਾਰਾ ਦਿਨ ਏਥੇ ਖਲੋਤੇ ਰਹੋ, ਨਾ ਮੈਂ ਪ੍ਰਸ਼ਾਦ ਵੰਡਣਾ ਏਂ ਤੇ ਨਾ ਮੈਂ ਕਿਸੇ ਨੂੰ ਘਰ ਜਾਣ ਦੇਣਾ ਏਂ ।

ਭਗਵਾਨ : ਮੈਂ ਮਾਰਿਆ ਸੀ ।

ਪੁਜਾਰੀ : ਮੈਂ ਕੌਣ ?

ਭਗਵਾਨ : ਮੈਂ ।

ਸੂਰਦਾਸ : ਭਗਵਾਨ ਤੁਸਾਂ ਮਾਰਿਆ ਸੀ ?

ਪੁਜਾਰੀ : ਓਏ ਅੰਨ੍ਹਿਆਂ, ਤੂੰ ਚੁਪ ਕਰ ਕੇ ਖਲੋਤਾ ਰਹਿ । — ਹਾਂ ਬਈ ਕਿਨ੍ਹੇ ਕਿਹਾ ਏ, ਮੈਂ ਮਾਰਿਆ ਏ ।

ਭਗਵਾਨ : ਮੈਂ ਕਿਹਾ ਏ ।

ਪੁਜਾਰੀ : ਆਵਾਜ਼ ਓਧਰੋਂ ਆਈ ਏ ਪਰਕਰਮਾ ਵਿਚੋਂ । ਮੈਂ ਜਾ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਮੇਰੇ ਪਿੱਛੋਂ ਕੋਈ ਆਪਣੀ ਥਾਂ ਤੋਂ ਨਾ ਹਿੱਲੇ । ਜਿਥੇ ਖੜੇ ਓ ਖੜੇ ਰਿਹੋ । ਨਹੀਂ ਤੇ ਮੇਰੇ ਤੋਂ ਭੈੜਾ ਕੋਈ ਨਹੀਂ ਹੋਵੇਗਾ ।

(ਪੁਜਾਰੀ ਅੰਦਰ ਚਲਾ ਜਾਂਦਾ ਏ)

ਵਕੀਲ : ਵੇਖੋ ਜੀ ਆਵਾਜ਼ ਆਈ ਤੇ ਅੰਦਰੋਂ ਈ ਸੀ ।

ਸੂਰਦਾਸ : ਹਾਂ ਵਕੀਲ ਸਾਹਬ, ਮੁਰਲੀ ਮਨੋਹਰ ਦੀ ਆਵਾਜ ਸੀ ।

ਦਰਜੀ : ਓਏ ਤੂੰ ਚੁਪ ਰੋਹ ਸੂਰਦਾਸਾ । ਐਵੇਂ ਸਿਆਣਿਆਂ ਦੀਆਂ ਗੱਲਾਂ ਵਿਚ ਬੋਲੀ ਜਾਨਾ ਏਂ । (ਉਚੀ ਸਾਰੀ) ਪੰਡਿਤ ਜੀ ਕੋਈ ਲੱਭਾ ਏ ਅੰਦਰੋਂ ।

ਸੂਰਦਾਸ : ਅੰਦਰ ਕੀ ਢੂੰਡਦੇ ਓ । ਓ ਤੇ ਤੁਹਾਡੇ ਸਾਹਮਣੇ ਖੜਾ ਏ । ਦਿਸਦਾ ਨਹੀਂ ਜੇ ?

ਡਾਕਟਰ : ਲਓ ਸੁਣ ਲਓ, ਸੂਰਦਾਸ ਦੀ ਗੱਲ । ਸਾਨੂੰ ਕਹਿੰਦੈ ਦਿਸਦਾ ਨਹੀਂ ਜੇ । ਸੂਰਦਾਸ ਜੀ ਹਨੇਰੇ ਵਿਚ ਕੁੱਤੇ ਬਿੱਲੀਆਂ ਨੂੰ ਦਿਸਦਾ ਏ, ਏਹ ਤੇ ਸਾਡਾ ਤਜਰਬਾ ਏ, ਪਰ ਅੰਨ੍ਹੇ ਨੂੰ ਦਿਸਦਾ ਏ, ਇਹ ਅਜ ਪਏ ਸੁਣਦੇ ਆਂ ।

ਵਕੀਲ : ਮੈਂ ਕਿਹਾ, ਡਾਕਟਰ ਸਾਹਬ, ਏਹ ਕੁਤੇ ਬਿੱਲੀਆਂ ਦਾ ਤਜਰਬਾ ਤੁਹਾਨੂੰ ਕਿਸ ਤਰ੍ਹਾਂ ਹੋ ਗਿਆ ।

ਡਾਕਟਰ : ਓ ਪਿਆਰਿਓ, ਬਥੇਰੇ ਕੁਤੇ ਮੇਰੇ ਮਰੀਜ਼ ਨੇ ।

ਸ਼ਾਹ : ਚਲੋ ਚੰਗਾ ਏ ਮਰੀਜ਼ ਕੁਤੇ ਨੇ, ਫੀਸ ਦੀ ਥੁੱਕ ਤੇ ਨਹੀਂ ਲਾਂਦੇ ।

ਡਾਕਟਰ : ਮੈਂ ਤੇ ਕਹਿਨਾਂ ਵਪਾਰ ਵੀ ਕੁਤਿਆਂ ਦੇ ਹੱਥ ਵਿਚ ਦੇ ਦਿੱਤਾ ਜਾਏ । ਉਹ ਰੇਤ ਨੂੰ ਆਟਾ ਕਹਿ ਕੇ ਕਦੇ ਨਹੀਂ ਵੇਚਣਗੇ ।

ਵਕੀਲ : ਇਹ ਆਪਣਾ ਪੰਡਿਤ ਕਿਥੇ ਗਵਾਚ ਗਿਆ ਏ ? ਹੁਣ ਤਕ ਆਇਆ ਈ ਨਹੀਂ ?

ਦਰਜੀ : ਔਰ ਸਾਡੇ ਅਗੇ ਲਕਸ਼ਮਣ ਲਕੀਰ ਖਿਚ ਗਿਆ ਏ ਕਿ ਆਪਣੀ ਥਾਂ ਤੋਂ ਹਿੱਲਣਾ ਨਹੀਂ ।

(ਪੁਜਾਰੀ ਆਉਂਦਾ ਏ । ਉਹਦੇ ਸਾਰੇ ਕਪੜਿਆਂ ਤੇ ਮਿੱਟੀ ਪਈ ਹੋਈ ਤੇ ਜਾਲੇ ਲਗੇ ਹੋਏ ਨੇ)

ਦਰਜੀ : ਮੈਂ ਕਿਹਾ ਏ ਪੰਡਿਤ ਜੀ — ਏਹ ਘੱਟਾ ਕਿਥੋਂ ਪੁਆ ਆਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਰਤਕੀ : ਅੰਦਰੋਂ ਕਦੀ ਪਰਕਰਮਾ ਸਾਫ ਕੀਤੀ ਹੁੰਦੀ ਤਾਂ ਅਜ ਇਹ ਹਾਲ ਨਾ ਹੁੰਦਾ ।
(ਸਾਰੇ ਲੋਕ ਪੁਜਾਰੀ ਦੀ ਮਿੱਟੀ ਝਾੜਦੇ ਨੇ)

ਸ਼ਾਹ : ਚਲੋ ਜੀ, ਪੰਡਿਤ ਜੀ ਦੇ ਅੰਦਰ ਜਾਣ ਦਾ ਇਕ ਫਾਇਦਾ ਤੇ ਹੋ ਗਿਆ । ਅੰਦਰ ਸਫਾਈ ਹੋ ਗਈ । ਜਾਲਾ ਜੂਲਾ ਲਹਿ ਗਿਆ ।

ਡਾਕਟਰ : ਕਿਉਂ ਪੰਡਿਤ ਜੀ, ਹੈ ਕੋਈ ਅੰਦਰ ?

ਪੁਜਾਰੀ : ਅੰਦਰ ਕੋਈ ਨਹੀਂ । ਹੁਣ ਤੇ ਪੱਕਾ ਹੋ ਗਿਆ ਏ ਕਿ ਘਸੁੰਨ ਤੁਹਾਡੇ ਵਿਚੋਂ ਈਂ ਕਿਸੇ ਮਾਰਿਆ ਏ । ਬੋਲੋ ਕਿਸ ਮਾਰਿਆ ਏ ? ਆਪ ਦਸ ਦਿਉ ਨਹੀਂ ਤੇ ਇਕ ਇਕ ਦੀ ਖੁੰਬ ਠੱਪਣੀ ਪਏਗੀ ਮੈਨੂੰ, ਬੋਲੋ ਕਿਸ ਮਾਰਿਆ ਸੀ ।

ਭਗਵਾਨ : ਮੈਂ ।

ਦਰਜੀ : ਬੋਲ ਭਈ ਸੂਰਦਾਸ ਇਹ ਕਿਦ੍ਹੀ ਆਵਾਜ਼ ਸੀ । ਤੂੰ ਤੇ ਬੜੀਆਂ ਅਵਾਜ਼ਾਂ ਪਹਿਚਾਣਦਾ ਏਂ ।

ਸੂਰਦਾਸ : ਮੇਰੇ ਭਗਵਾਨ ਦੀ ਆਵਾਜ਼ ਸੀ । ਮੁਰਲੀ ਮਨੋਹਰ ਦੀ ਅਵਾਜ਼ ਸੀ ।

ਪੁਜਾਰੀ : ਓਏ ਐਡੀਆਂ ਘੁੰਮਣ ਘੇਰੀਆਂ ਨਾ ਪਾ । ਸਿੱਧੀ ਗੱਲ ਕਰ ਸਿੱਧੀ । ਭਗਵਾਨ ਦੀ ਅਵਾਜ਼ ਸੀ ਕਿ ਮੁਰਲੀ ਮਨੋਹਰ ਦੀ ਅਵਾਜ਼ ਸੀ ?

ਸੂਰਦਾਸ : ਪੰਡਿਤ ਜੀ, ਜੋ ਚਾਹੇ ਕਹਿ ਲਓ । ਭਗਵਾਨ ਕਹਿ ਲੌ, ਮੁਰਲੀ ਮਨੋਹਰ ਕਹਿ ਲਓ, ਸਤ ਦੇਵ ਕਹਿ ਲਓ, ਸਤੱਯ ਨਾਰਾਇਣ ਕਹਿ ਲਓ—ਓਹਦਾ ਕੋਈ ਇਕ ਨਾਂ ਏਂ ? ਉਹਦੇ ਤੇ ਹਜ਼ਾਰਾਂ ਨਾਂ ਨੇ ।

ਪੁਜਾਰੀ : ਓਏ ਸਤ ਨਾਰਾਇਣ ਦੇ ਪੁਤਰ ਬੰਦਿਆਂ ਵਾਂਗਣ ਗੱਲ ਕਰ, ਲੱਗਾ ਏਂ ਪਿਓ ਵਾਲੀਆਂ ਘੁੰਮਣ ਘੇਰੀਆਂ ਪਾਣ । ਠੀਕ ਦਸ ਕਿਹਦੀ ਆਵਾਜ਼ ਸੀ, ਨਹੀਂ ਤੇ ਸਿਰ ਪਾੜ ਦਿਆਂਗਾ ।

ਸੂਰਦਾਸ : ਓ ਭਈ ਭਗਵਾਨ ਨੇ ਅੱਖਾਂ ਖੋਹ ਲਈਆਂ ਨੇ, ਤੂੰ ਸਿਰ ਪਾੜ ਦੇ ।

CC-0. In Public Domain. Gurukul Kangri Collection, Haridwar

ਨਰਤਕੀ : ਹਾਏ ਪੰਡਿਤ ਜੀ ਕਿਉਂ ਵਿਚਾਰੇ ਨੂੰ ਸੜਾਂਦੇ ਓ।

Digitized by Arya Samaj Foundation Chennai and eGangotri

ਪੁਜਾਰੀ : ਓਏ ਤੂੰ ਚੁਪ ਰੌਹ। ਉਹਨੇ ਗਲੇ ਦੀ ਤਾਰੀਫ਼ ਕਰ ਦਿਤੀ ਏ ਤੇ ਹੁਣ ਅਨ੍ਹੇ ਤੇ ਡੁਲ੍ਹ ਪਈ ਏਂ।

ਭਗਵਾਨ : ਅਨ੍ਹਾ ਤੂੰ ਏਂ ਓਹ ਨਹੀਂ।

ਪੁਜਾਰੀ : ਇਹ ਕਿਨ੍ਹੇ ਕਿਹਾ ਏ। ਓ ਅੰਨ੍ਹਿਆ ਬੋਲ ਕੀਹਦੀ ਆਵਾਜ਼ ਸੀ? ਕੋਈ ਸਾਡੇ ਸ਼ਹਿਰ ਦਾ ਬੰਦਾ ਏ।

(ਨਕਲ ਲਗਾ ਕੇ) ਹੈ ਵੀ ਏ ਤੇ ਨਹੀਂ ਵੀ। ਓਏ ਸਿੱਧੀ ਗਲ ਕਰ ਜੇਹੜਾ ਬੋਲਿਆ ਏ, ਓਹ ਏਥੇ ਹਾਜ਼ਰ ਹੈ ਕਿ ਨਹੀਂ।

ਸੂਰਦਾਸ : ਇਥੇ ਈ ਨਹੀਂ ਉਹ ਤੇ ਹਰ ਜਗ੍ਹਾ ਹਾਜ਼ਰ ਏ।

ਵਕੀਲ : ਪੰਡਿਤ ਜੀ, ਐਤਕੀਂ ਮੈਂ ਵੀ ਸਾਰਿਆਂ ਦਾ ਮੂੰਹ ਵੇਖ ਰਿਹਾ ਸਾਂ, ਜਿਸ ਵੇਲੇ ਵਾਜ ਸੁਣਾਈ ਦਿਤੀ ਏ, ਓਸ ਵੇਲੇ ਕਿਸੇ ਦੇ ਹੋਂਟ ਨਹੀਂ ਜੇ ਹਿੱਲੇ। ਹੋ ਸਕਦਾ ਏ ਸੂਰਦਾਸ ਠੀਕ ਈ ਕਹਿ ਰਿਹਾ ਹੋਵੇ।

ਸ਼ਾਹ : ਦੇਖੋ ਜੀ! ਮੈਂ ਵੀ ਕਾਣੀ ਅੱਖ ਕਰਕੇ ਵੇਖ ਰਿਹਾ ਸਾਂ ਭਈ ਕਿਹੜਾ ਬੋਲਦਾ ਏ। ਸੱਚੀ ਗਲ ਏ, ਓਸ ਵੇਲੇ ਮੇਰਾ ਧਿਆਨ ਦਰਜੀ ਵਲ ਸੀ...

ਦਰਜੀ : ਸ਼ਾਹ ਜੀ ਤੁਸੀਂ ਮੰਦਰ ਵਿਚ ਪੂਜਾ ਕਰਨ ਆਂਦੇ ਓ ਕਿ ਮੇਰਾ ਮੂੰਹ ਵੇਖਣ ਆਂਦੇ ਓ?

ਪੁਜਾਰੀ : ਐਵੇਂ ਟੈਂ ਟੈਂ ਨਾ ਕਰੋ। ਬੋਲ ਓਏ ਅਨ੍ਹਿਆ ਕਿਹਦੀ ਆਵਾਜ਼ ਸੀ। ਨਈਂ ਦਸਦਾ ਤਾਂ ਇਕ ਘਸੁੰਨ ਦਿਆਂਗਾ ਤੈਨੂੰ।

ਸੂਰਦਾਸ : ਮੈਂ ਤੇ ਕਿਹਾ ਏ ਪੰਡਿਤ ਜੀ ਕਿ ਮੁਰਲੀ ਮਨੋਹਰ ਦੀ ਆਵਾਜ਼ ਸੀ।

ਪੁਜਾਰੀ : ਮੁਰਲੀ ਮਨੋਹਰ ਕਿਹੜਾ? ਸ਼ਹਿਰ ਵਿਚ ਕਈ ਮੁਰਲੀ ਮਨੋਹਰ ਫਿਰਨ ਡੈਹੇ ਨੇ। ਉਹਦਾ ਅਤਾ ਪਤਾ ਦਸ, ਉਹਦੇ ਪਿਓ ਦਾ ਨਾਂ ਦਸ।

ਦਰਜੀ : ਆਹੋ ਭਈ ਸੂਰਦਾਸ ਜ਼ਰਾ ਸਮਝਾ ਕੇ ਦਸ ਯਾਰ। ਐਵੇਂ ਗਲਤ ਬੰਦਾ ਨਾ ਫੜ ਲਈਏ। ਆਪਣੇ ਵਕੀਲ ਸਾਹਿਬ ਦਾ ਨਾਂ ਵੀ ਤੇ ਮੁਰਲੀ ਮਨੋਹਰ ਏ। ਕਿਉਂ ਵਕੀਲ ਸਾਹਿਬ?

ਵਕੀਲ : ਓਏ ਕੱਛਾ ਮਾਸਟਰ, ਮੂੰਹ ਬੰਦ ਰਖ। ਸੂਰਦਾਸ ਤੇ ਕਹਿੰਦਾ ਏ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri [illegible] ਏਂ ।
ਬੋਲ ਹੈ ਕਿ ਨਹੀਂ ।

ਦਰਜੀ : ਓਏ ਇਹ ਵਾਰ ਵਾਰ ਕੱਛਾ ਮਾਸਟਰ ਕੀ ਕਹਿਨਾ ਏਂ । ਹੁਣ ਕਹਿ ਕੇ ਵੇਖ ਮੈਂ ਤੇਰੀ ਵਕਾਲਤ ਬਾਹਰ ਕੱਢ ਕੇ ਰਖ ਦੇਣੀ ਏਂ ।

ਪੁਜਾਰੀ : ਓਏ ਦਰਜੀ ਦੀ ਔਲਾਦ ਇਹ ਮੰਦਰ ਏ ਕਿ ਥਾਨਾ ?

ਵਕੀਲ : ਥਾਨੇਦਾਰੀ ਤੇ ਤੂੰ ਆਪ ਦਿਖਾ ਰਿਹਾ ਏਂ (ਨਕਲ ਲਗਾ ਕੇ), ਮੇਰੇ ਪੁਛਿਆਂ ਬਗੈਰ ਕੋਈ ਹਿਲ ਨਹੀਂ ਸਕਦਾ । ਕਿਉਂ ਨਹੀਂ ਹਿਲ ਸਕਦਾ—ਤੂੰ ਮਾਮਾ ਲਗਨਾ ਏਂ ਸਾਡੇ ਉਤੇ ਰੋਬ ਝਾੜਨ ਦਾ ।

ਪੁਜਾਰੀ : ਠੀਕ ਏ ਠੀਕ ਏ, ਵਕੀਲ ਸਾਹਬ ਘਸੁੰਨ ਸਾਨੂੰ ਪਿਆ ਏ ਤੁਹਾਨੂੰ ਨਹੀਂ । ਤੁਹਾਡਾ ਮਤਲਬ ਏ ਅਸੀਂ ਕੁਟ ਖਾ ਕੇ ਬੈਠ ਜਾਈਏ—ਵਕੀਲ ਸਾਹਿਬ ਜਿੰਨਾ ਚਿਰ ਮੁਲਜ਼ਮ ਪਕੜਿਆ ਨਈਂ ਜਾਂਦਾ, ਮੈਂ ਏਥੋਂ ਕਿਸੇ ਨੂੰ ਹਿਲਣ ਨਹੀਂ ਦੇਣਾ, ਭਾਵੇਂ ਅਜ ਮੈਨੂੰ ਸਿਰ ਪੜਵਾਣਾ ਪਏ । ਬੋਲ ਓਏ ਅਨ੍ਹਿਆ ਮੁਰਲੀ ਮਨੋਹਰ ਕੌਣ ਏਂ ?

ਭਗਵਾਨ : ਜੇ ਦਸ ਦੇਵੇ ਤੇ ਕੀ ਕਰ ਲਏਂਗਾ ?

ਪੁਜਾਰੀ : (ਚੌਂਕ ਕੇ) ਮੈਂ.. ਮੈਂ ਓਹਦੀ ਕੰਡ ਵਿਚ ਐਸਾ ਘਸੁੰਨ ਮਾਰਾਂਗਾ ਕਿ ਉਹਨੂੰ ਬੇਬੇ ਯਾਦ ਆ ਜਾਏਗੀ ।

ਭਗਵਾਨ : ਮਾਰ ਕੇ ਵੇਖ ।

ਪੁਜਾਰੀ : ਸਾਹਮਣੇ ਆ ਤੇ ਫੇਰ ਵੇਖ, ਮੇਰੇ ਇਕ ਘਸੁੰਨ ਨਾਲ ਨਾਰੀਅਲ ਟੁਟਦਾ ਏ । ਇਕ ਮੁਕੇ ਨਾਲ ਇੱਟ ਤੋੜਨਾ ਆਂ । ਏਸ ਮੁੱਕੇ ਨਾਲ (ਹਵਾ ਵਿਚ ਮੁੱਕਾ ਚਲਾਂਦਾ ਏ ਅਤੇ ਪੀੜ ਨਾਲ ਚੀਕਣ ਲਗ ਪੈਂਦਾ ਏ, ਜਿਸ ਤਰ੍ਹਾਂ ਕਿਸੇ ਪੱਥਰ ਨੂੰ ਜਾ ਵੱਜਾ ਹੋਵੇ)

ਸ਼ਾਹ : ਕਿਉਂ ਪੰਡਿਤ ਜੀ, ਕੀ ਹੋਇਆ ?

ਦਰਜੀ : ਹੋਣਾ ਕੀ ਏ, ਮੋਚ ਆ ਗਈ ਹੋਣੀ ਏਂ ।

ਪੁਜਾਰੀ : ਮੋਚ ਵੋਚ ਕੋਈ ਨਹੀਂ ਆਈ, ਮੁੱਕਾ ਹਵਾ ਵਿਚ ਚਲਾਇਆ ਸੀ ਤੇ ਹੱਥ ਕੰਧ ਨੂੰ ਜਾ ਵੱਜਾ ਏ ।

ਵਕੀਲ : ਪਰ ਪਿਆਰਿਓ ਕੰਧ ਤੇ ਇਥੋਂ ਘਟ ਤੋਂ ਘਟ ਦਸ ਫੁਟ ਪਰ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏ, [illegible] ।

ਸੂਰਦਾਸ : ਏਸ ਦੁਸ਼ਟ ਦਾ ਮੁੱਕਾ ਮੁਰਲੀ ਮਨੋਹਰ ਦੀ ਕੰਡ ਵਿਚ ਲਗਾ ਏ। ਭਗਵਾਨ—ਮੇਰੇ ਭਗਵਾਨ ਇਹ ਕਿਹੋ ਜਹੇ ਭਗਤ ਨੇ ਤੇਰੇ।
(ਅਗੇ ਵਧ ਕੇ ਦੀਵੇ ਵਿਚ ਉਂਗਲੀਆਂ ਪਾਉਂਦਾ ਏ)

ਪੁਜਾਰੀ : ਓਏ-ਓਏ ਅਨ੍ਹਿਆ ਕਿਥੇ ਚਲਿਆ ਏਂ ? ਹੱਥ ਸੜਦਾ ਈ।

ਸੂਰਦਾਸ : ਤੇਰਾ ਮੁੱਕਾ ਮੇਰੇ ਮੁਰਲੀ ਮਨੋਹਰ ਦੀ ਕੰਡ ਵਿਚ ਲੱਗਾ ਏ। ਮੈਂ ਉਹਨੂੰ ਤੇਲ ਦੀ ਮਾਲਸ਼ ਕਰਾਂਗਾ।
(ਅਨ੍ਹਾ ਮੂਰਤੀ ਕੋਲ ਜਾਂਦਾ ਏ। ਉਹਦਾ ਹੱਥ ਲਗਦਿਆਂ ਈਂ ਭਗਵਾਨ ਥੱਲੇ ਉਤਰ ਆਂਉਂਦੇ ਨੇ।

ਸਾਰੇ : (ਹੈਰਾਨੀ ਨਾਲ) ਹੈਂ !

ਭਗਵਾਨ : ਸ਼ੁਕਰ ਏ ਤੁਹਾਡਾ ਧਿਆਨ ਮੇਰੇ ਵਲ ਗਿਆ ਤੇ ਹੈ।

ਦੋਨੋਂ ਔਰਤਾਂ : ਹਾਏ ਰਾਮ, ਹਾਏ ਰਾਮ।

ਭਗਵਾਨ : ਕਿਉਂ ਪੰਡਿਤ ਮੈਨੂੰ ਮੁੱਕਾ ਮਾਰੇਂਗਾ ?

ਪੁਜਾਰੀ : ਕੌਣ ਏਂ ਭਈ ਤੂੰ ?

ਭਗਵਾਨ : ਕੋਈ ਮੈਨੂੰ ਪਹਿਚਾਣਦਾ ਏ ?

ਸ਼ਾਹ : ਦੇਖੋ ਜੀ ਝੂਠ ਨਹੀਂ ਬੋਲਾਂਗਾ—ਕਿਤੇ ਵੇਖਿਆ ਜ਼ਰੂਰ ਏ ਪਰ ਯਾਦ ਨਹੀਂ ਆ ਰਿਹਾ।

ਭਗਵਾਨ : ਤੈਨੂੰ ਯਾਦ ਨਹੀਂ ਆ ਰਿਹਾ, ਪਰ ਮੈਨੂੰ ਚੰਗੀ ਤਰ੍ਹਾਂ ਯਾਦ ਏ। ਜਦੋਂ ਚੌਲਾਂ ਦੀ ਬੋਰੀ ਵਿਚ ਪੱਥਰ ਭਰ ਰਿਹਾ ਸੈਂ ਨਾ, ਮੈਂ ਉਥੇ ਹੀ ਸੀ। ਜਦੋਂ ਹਲਦੀ ਵਿਚ ਰੰਗਿਆ ਹੋਇਆ ਚੂਰਾ ਪਾ ਰਿਹਾ ਸੈਂ, ਮੈਂ ਕੋਲ ਈ ਖਲੋਤਾ ਸੀ। ਜਦੋਂ...

ਸ਼ਾਹ : ਠੀਕ ਏ ਜੀ ਮਿਲੇ ਹੋਵਾਂਗੇ, ਪਰ ਬੰਦੇ ਨੂੰ ਨਹੀਂ ਵੀ ਯਾਦ ਰਹਿੰਦਾ।

ਭਗਵਾਨ : ਕਿਉਂ ਵਕੀਲ ਸਾਹਬ ਪਹਿਚਾਣਦੇ ਓ ਮੈਨੂੰ ?

ਵਕੀਲ : ਏਸ ਤਰ੍ਹਾਂ ਤੇ ਪਤਾ ਨਹੀਂ ਲਗ ਰਿਹਾ। ਜ਼ਰਾ ਮੁਕਟ ਹਟਾਓ ਨਾ, ਤਾਂ ਸ਼ਾਇਦ ਸਿਆਣ ਲਾਂ ?

ਭਗਵਾਨ : ਕਿਉਂ ਲਾਹਵਾਂ ਮੁਕਟ ?

ਵਕੀਲ : ਓ ਗੱਲ ਇਹ ਹੈ ਕਿ ਮਹਾਰਾਜ ਮੇਰਾ ਇਕ ਕਲਾਇੰਟ ਸੀ। ਕਲਾ-ਇੰਟ ਸਮਝਦੇ ਓ ਕਿ ਨਹੀਂ ? ਮੇਰਾ ਮਤਲਬ ਏ ਮੁਵੱਕਿਲ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਕੇ ਵਿਚ ਪਕੜਿਆ ਗਿਆ ਸੀ। ਹੁਣ ਸ਼ਕਲ ਤੇ ਚੰਗੀ ਤਰ੍ਹਾਂ ਯਾਦ ਨਹੀਂ ਪਰ ਰੰਗ ਰੂਪ ਤੁਹਾਡੇ ਨਾਲ ਮਿਲਦਾ ਸੀ ਓਹਦਾ। ਕਾਲਾ ਕਾਲਾ ਰੰਗ ਸੀ ਓਹਦਾ ਵੀ।

ਸੂਰਦਾਸ : ਵਕੀਲ ਸਾਹਬ ਅੱਖਾਂ ਖੋਹਲ ਕੇ ਵੇਖੋ ਕਿੱਡੀ ਸੋਹਣੀ ਸੂਰਤ ਏ ਮੇਰੇ ਮੁਰਲੀ ਮਨੋਹਰ ਦੀ। ਮੇਰਾ ਸਾਂਵਰੀਆ ਤੁਹਾਨੂੰ ਡਾਕੂ ਲਗਦਾ ਏ ?

ਡਾਕਟਰ : ਮਾਫ ਕਰਨਾ ਭਰਾ ਜੀ ਇਹ ਅਨ੍ਹਾ ਏ ਇਹਨੂੰ ਦਿਸਦਾ ਨਹੀਂ।ਐਵੇਂ ਈਂ ਸੋਹਣੀ ਮੂਰਤ ਕਹੀ ਜਾਂਦਾ ਏ। ਇਹਦੀ ਆਦਤ ਏ ਹਰੇਕ ਦਾ ਮਜ਼ਾਕ ਉਡਾਉਂਦਾ ਰਹਿੰਦਾ ਏ। ਓ ਗਲ ਅਸਲ ਵਿਚ ਇਹ ਹੈ ਕਿ ਇਹਨੇ ਸੁਣਿਆ ਏ ਕਿ ਰਾਸ ਲੀਲ੍ਹਾ 'ਚ ਜੇਹੜੇ ਲੋਕ ਕ੍ਰਿਸ਼ਨ ਦਾ ਪਾਰਟ ਕਰਦੇ ਨੇ ਓਹ ਸੋਹਣੇ ਹੁੰਦੇ ਨੇ...

ਭਗਵਾਨ : ਮੈਂ ਰਾਸ ਲੀਲ੍ਹਾ ਵਾਲਾ ਨਹੀਂ।

ਦਰਜੀ : ਪਿਛੋਂ ਕਿਥੋਂ ਦੇ ਓ, ਸਾਡੇ ਸ਼ਹਿਰ ਦੇ ਤੇ ਲਗਦੇ ਨਈਂ। (ਭਗਵਾਨ ਦੇ ਕਪੜਿਆਂ ਨੂੰ ਹੱਥ ਲਾ ਕੇ) ਆਹ ਮੇਰਾ ਸੀਤਾ ਤੇ ਲਗਦਾ ਨਈਂ।

ਭਗਵਾਨ : ਆਪਣੇ ਬਜ਼ੁਰਗ ਦਾ ਤੋਪਾ ਨਹੀਂ ਪਛਾਣਦਾ ? ਇਹ ਤੇਰੇ ਦਾਦੇ ਦੇ ਪੜਦਾਦੇ ਨੇ ਸੀਤਾ ਸੀ। ਓਦੋਂ ਦਾ ਇਹ ਈ ਪਾਈ ਬੈਠਾ ਆਂ।

ਦਰਜੀ : ਮੇਰੇ ਦਾਦੇ ਦੇ ਪੜਦਾਦੇ ਨੂੰ ਮਰਿਆਂ ਸੌ ਸਾਲ ਹੋ ਚਲੇ ਨੇ।

ਭਗਵਾਨ : ਇਹ ਕਪੜੇ ਵੀ ਕੋਈ ਅੱਜ ਦੇ ਨਹੀਂ, ਓਨੇ ਹੀ ਪੁਰਾਣੇ ਨੇ।

ਪੁਜਾਰੀ : ਚਲੋ ਮਹਾਰਾਜ ਜਾਣ ਦਿਓ। ਬਥੇਰਾ ਮਜ਼ਾਕ ਹੋ ਗਿਆ ਏ। ਮੈਨੂੰ ਇਹ ਤੇ ਦਸੋ ਭਈ ਏਥੇ ਮੰਦਰ ਵਿਚ ਆ ਕੇ ਲੁਕਣ ਦੀ ਕੀ ਲੋੜ ਸੀ। ਜੇ ਯਾਰ ਸਾਡੇ ਨਾਲ ਰਾਸ ਲੀਲ੍ਹਾ ਈ ਕਰਨੀ ਸੀ ਤੇ ਭਈ ਸਾਹਮਣੇ ਦਰਵਾਜ਼ੇ ਤੋਂ ਆਣਾ ਸੀ। ਨਾਲੇ ਭਰਾਵਾ ਰਾਸ ਲੀਲ੍ਹਾ ਦੇ ਦਿਨ ਤੇ ਲੰਘ ਗਏ। ਅਜ ਭਗਵਾਨ ਬਨਣ ਦਾ ਕੀ ਫਾਇਦਾ। ਜਾ ਕਾਕਾ ਘਰ ਜਾਹ।

ਭਗਵਾਨ : ਵਾਹ ਪੰਡਿਤ — ਪਬਲਿਕ ਕੋਲੋਂ ਲਖ ਰੁਪਿਆ ਇਕੱਠਾ ਕਰ ਕੇ, ਵਿਚੋਂ ਵੀਹ ਹਜ਼ਾਰ ਦਾ ਮੰਦਰ ਬਣਾ ਕੇ ਬਾਕੀ ਦਾ ਡਕਾਰ ਮਾਰ ਗਿਆ ਏਂ। ਅਤੇ ਮੈਨੂੰ ਕੈਨ੍ਹਾਂ ਏਂ ਘਰ ਜਾਹ। ਇਹ ਘਰ ਕੀਦ੍ਹਾ ਏ। ਮੇਰਾ ਕਿ ਤੇਰਾ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਜਾਰੀ : ਵੇਖੋ ਜੀ ਬਹੁਤੀ ਗੱਲ ਕਰਨ ਦੀ ਲੋੜ ਨਹੀਂ ਸਚੋ ਸਚ ਦਸ ਦੇਹ ਤੂੰ ਕੌਣ ਏਂ, ਨਹੀਂ ਤੇ ਪੁਲਸ ਬੁਲਾਵਾਂਗਾ । ਇਕ ਤੇ ਧੱਕੇ ਨਾਲ ਮੰਦਰ ਵਿਚ ਵੜ ਆਇਆਂ ਏਂ ਤੇ ਉਤੋਂ ਰੋਹਬ ਵੀ ਪਾ ਰਿਹਾਂ ਏਂ । ਕੌਣ ਏਂ ਤੂੰ ?

ਭਗਵਾਨ : ਮੈਂ ਮੁਰਲੀ ਮਨੋਹਰ ਆਂ ।

ਵਕੀਲ : ਯਾਨੀ ਮੁਰਲੀ ਮਨੋਹਰ । ਮੇਰਾ ਮਤਲਬ ਏ, ਅਸਲੀ ਮੁਰਲੀ ਮਨੋਹਰ ?

ਭਗਵਾਨ : ਬਿਲਕੁਲ ਅਸਲੀ ।

ਵਕੀਲ : ਯਾਨੀ ਸਾਂਵਰੀਆ — ਓਹ ਆਪਣਾ ਮੱਖਣ ਦੀ ਚੋਰੀ — ਗੋਪੀਆਂ ਦੇ ਕਪੜੇ...... ਓਹ ਵਾਲਾ ?

ਭਗਵਾਨ : ਬਿਲਕੁਲ ਓਹ ।

ਵਕੀਲ : ਪਰ ਅੱਜ ਇਥੇ ਕਿਥੇ ?

ਭਗਵਾਨ : ਮਜਬੂਰਨ ਆਣਾ ਪਿਆ ਏ । ਮੈਂ ਤੇ ਤੰਗ ਆ ਗਿਆ ਵਾਂ । ਰੋਜ਼ ਰੋਜ਼ ਓਹ ਈ ਭਗਤ ਬੇਸੁਰੀ ਅਵਾਜ਼ ਵਿਚ ਆ ਕੇ ਚੀਖ ਕੇ ਚਲੇ ਜਾਂਦੇ ਨੇ, ਮੁਰਲੀ ਮਨੋਹਰ ਕੀ ਜੈ, ਕ੍ਰਿਸ਼ਨ ਕਨ੍ਹਈਆ ਕੀ ਜੈ । ਤੁਸੀਂ ਦਸੋ । ਵਕੀਲ ਸਾਹਬ ਜੇ ਇਹ ਨਰਤਕੀ ਤੁਹਾਨੂੰ ਰੋਜ਼ ਇਕੋ ਈ ਗਾਣਾ ਸੁਣਾਏ ਤੇ ਤੁਸੀਂ ਤੰਗ ਨਹੀਂ ਪੈ ਜਾਓਗੇ। ਤੁਹਾਡਾ ਮਨ ਉਕਤਾ ਨਹੀਂ ਜਾਏਗਾ ?

ਵਕੀਲ : ਮੈਂ ਨਹੀਂ ਜੀ ਸ਼ੌਕੀਨ ਗਾਣੇ ਸੁਨਣ ਦਾ ।

ਸ਼ਾਹ : ਕੀ ਕਹਿ ਰਹੇ ਓ ਮੇਹਰਬਾਨ, ਓਹ ਤੇ ਰੋਜ਼ ਨਵਾਂ ਗਾਣਾ ਸੁਣਾਉਂਦੀ ਏ । ਰੋਜ ਇਕੋ ਤੇ ਨਹੀਂ ਸੁਣਾਂਦੀ । ਕਿਉਂ ਓਹਨੂੰ ਬਦਨਾਮ ਕਰ ਰਿਹਾਂ ਏਂ ।

ਨਰਤਕੀ : ਇਹਦੇ ਵਿਚ ਬਦਨਾਮੀ ਕਾਹਦੀ ਏ ਸ਼ਾਹ ਜੀ । ਠੀਕ ਤੇ ਕਹਿ ਰਹੇ ਨੇ । ਮੈਂ ਤੇ ਕਈ ਦਿਨਾਂ ਦਾ ਇਕੋ ਹੀ ਗਾਣਾ ਗਾ ਰਹੀ ਆਂ ।

ਸ਼ਾਹ : ਪਰ ਮੈਨੂੰ ਤੇ ਰੋਜ਼ ਨਵਾਂ ਲਗਦਾ ਏ ।

ਨਰਤਕੀ : ਨਹੀਂ ਸ਼ਾਹ ਜੀ ਮੈਂ ਕੋਈ ਨਹੀਂ ਜੇ ਨਵਾਂ ਗਾਂਦੀ । ਅਠ ਦਿਨ ਤੋਂ ਓਹ ਈ ਗਾ ਰਹੀ ਆਂ । ਤੁਸੀਂ ਆਪ ਈ ਕਹਿੰਦੇ ਓ ਉਹੀ ਗਾਈ ਜਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹ : ਅੱਕਾ। ਪਤਾ ਹੀ ਨਹੀਂ ਲਗਾ। ਅਜ ਜ਼ਰੂਰ ਬਦਲ ਦੇਈਂ। ਅਠ ਦਿਨ ਮੈਂ ਇਕੋ ਗਾਣਾ ਕਿਵੇਂ ਸੁਣ ਸਕਦਾ ਆਂ !

ਭਗਵਾਨ : ਬਸ, ਤੇ ਫਿਰ ਆਪੇ ਈ ਹਿਸਾਬ ਲਾਓ। ਮੇਰੀ ਕੀ ਹਾਲਤ ਏ। ਤੁਹਾਨੂੰ ਤਬਦੀਲੀ ਚਾਹੀਦੀ ਏ, ਮੈਨੂੰ ਕਿਉਂ ਨਈਂ ਚਾਈਦੀ। ਮੈਂ ਕੀ ਪਾਪ ਕੀਤਾ ਏ, ਕਿ ਰੋਜ਼ ਰੋਜ਼ ਓਹੀ ਆਰਤੀ ਅਤੇ ਓਹ ਵੀ ਬੇਸੁਰੀ ਆਵਾਜ਼ ਵਿਚ।

ਚਾਚੀ : ਹੈ ਨਾ ਮੇਰੀ ਮਤ ਮਾਰੀ ਗਈ। ਬਾਲਾਂ ਨੂੰ ਲੈ ਆਂਦੀ ਨਾਲ। ਓਹ ਵੀ ਸਚੇ ਭਗਵਾਨ ਦੇ ਦਰਸ਼ਨ ਕਰ ਲੈਂਦੇ। ਪਰ ਇਸ ਮੋਏ ਡਾਕਟਰ ਨੇ ਨਹੀਂ ਮੰਨਣਾ। ਕਲ੍ਹ ਜਦ ਮੈਂ ਲੋਕਾਂ ਨੂੰ ਦਸਾਂਗੀ ਕਿ ਮੈਂ ਸੱਚੇ ਭਗਵਾਨ ਦੇਖੇ ਨੇ ਤਾਂ ਇਹ ਕਹੇਗਾ ਚਾਚੀ ਐਵੇਂ ਗੱਪਾਂ ਮਾਰ ਰਹੀ ਏ।

ਡਾਕਟਰ : ਪੁਜਾਰੀ ਜੀ, ਚਾਚੀ ਨੂੰ ਛੇਤੀ ਜਾਣ ਦਿਓ ਬਾਹਰ ਤਾਂਕਿ ਲੋਕਾਂ ਨੂੰ ਦਸ ਆਏ ਭਗਵਾਨ ਵੇਖ ਆਈ ਏ। ਇਹਦੇ ਢਿਡ ਵਿਚ ਮਰੋੜ ਉਠ ਰਹੇ ਜੇ।

ਪੁਜਾਰੀ : ਓਏ ਦਮ ਲੈ। ਪਹਿਲੇ ਪਤਾ ਤੇ ਕਰ ਲਈਏ ਹੈ ਕੌਣ ? ਸੱਚਾ ਭਗਵਾਨ ਏਂ ਕਿ ਬੇਰੂਪੀਆ।

ਸ਼ਾਹ : ਸਾਨੂੰ ਕਿਸ ਤਰ੍ਹਾਂ ਵਿਸ਼ਵਾਸ਼ ਆਵੇ ਕਿ ਤੁਸੀਂ ਭਗਵਾਨ ਓਂ। ਭਗਵਾਨ ਤੇ ਇੰਜ ਚਲਦਾ ਫਿਰਦਾ ਨਈਂ।

ਭਗਵਾਨ : ਰੋਜ਼ ਕਹਿਨਾਂ ਏਂ ਸਰਵਸ਼ਕਤੀਮਾਨ। ਹੁਣ ਸਾਡੀ ਸ਼ਕਤੀ ਤੇ ਏਨਾ ਵੀ ਇਤਬਾਰ ਨਹੀਂ ਕਿ ਮੈਂ ਟੁਰ ਫਿਰ ਸਕਨਾ ਆਂ।

ਸ਼ਾਹ : ਓ ਜੀ ਸਾਡੇ ਕਹਿਣ ਨੂੰ ਛੱਡੋ।

ਮਾਸਟਰ : ਆਹੋ ਜੀ, ਇਹ ਤੇ ਫੱਕ ਨੂੰ ਹਲਦੀ ਕੈਂਹਦਾ ਜੇ।

ਸ਼ਾਹ : ਓਏ ਮੁਨਸ਼ੀ, ਪੀਸ ਕੇ ਰੱਖ ਦਿਆਂਗਾ।

ਮਾਸਟਰ : ਹਲਦੀ ਵਾਂਗਣ।

ਸ਼ਾਹ : ਤੇਰੇ ਨਾਲ ਮੈਂ ਨਿਬੜਾਂਗਾ। ਪਰ ਏਧਰ ਫੈਸਲਾ ਕਰ ਲਾਂ : ਮਹਾਰਾਜ ਸਾਨੂੰ ਕਿਸ ਤਰ੍ਹਾਂ ਯਕੀਨ ਆਏ ਕਿ ਤੁਸੀਂ ਮੁਰਲੀ ਮਨੋਹਰ ਓ।

ਭਗਵਾਨ : ਮੇਰਾ ਇਮਤਿਹਾਨ ਲੈ ਲੈ।

ਸ਼ਾਹ : ਇਹ ਹੋਈ ਨਾ ਗਲ (ਰੁਪਿਆ ਕਢ ਕੇ) ਲਓ ਮਹਾਰਾਜ ਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਸੀਂ ਸੱਚੇ ਮੁਰਲੀ ਮਨੋਹਰ ਓ ਤੇ ਆਹ ਰੁਪਿਆ ਲਓ ਤੇ ਏਹਨੂੰ ਸੋਨੇ ਦਾ ਕਰ ਦਿਓ ।

ਭਗਵਾਨ : ਲਿਆ ਏਧਰ ।

ਵਕੀਲ : ਠਹਿਰ ਓਏ ਸ਼ਾਹ ! ਤੂੰ ਮਾਮਾ ਲਗਦਾ ਏਂ ਇਮਤਿਹਾਨ ਲੈਣ ਦਾ । ਅਸੀਂ ਆਪ ਇਮਤਿਹਾਨ ਲਾਂਗੇ । ਲਓ ਮਹਾਰਾਜ ਆਹ ਮੇਰਾ ਜਨੇਊ ਸੋਨੇ ਦਾ ਬਣਾ ਦਿਓ ਤਾਂ ਗਲ ਏ ।

ਦਰਜੀ : ਰੈਣ੍ਹ ਦਿਊ ਵਕੀਲ ਸਾਹਬ । ਸੋਨੇ ਦਾ ਜਨੇਊ ਭਾਰਾ ਹੋ ਜਾਏਗਾ, ਪਾਉਗੇ ਕਿਸ ਤਰ੍ਹਾਂ । ਲਓ ਭਗਵਾਨ ਤੁਸੀਂ ਇਸ ਇੰਚੀ ਟੇਪ ਨੂੰ ਸੋਨੇ ਦਾ ਬਣਾ ਦਿਉ । ਬਸ ਮੈਨੂੰ ਤੇ ਓਸੇ ਵੇਲੇ ਤਬਾਰ ਆ ਜਾਏਗਾ ।

ਭਗਵਾਨ : ਲਿਆ ਇਧਰ ਇੰਚੀ ਟੇਪ ।

ਮਾਸਟਰ : ਕਿਉਂ ਜੀ ਇੰਚੀ ਟੇਪ ਕਿਉਂ ਮੇਰਾ ਰੂਲਰ ਕਿਉਂ ਨਾ ਬਨਉਣ ਸੋਨੇ ਦਾ ?

ਦਰਜੀ : ਤੇਰਾ ਕਿਉਂ ਭਈ — ਬੜਾ ਲਾਲਚੀ ਏਂ ?

ਮਾਸਟਰ : ਓ ਮੈਨੂੰ ਕੋਈ ਨਹੀਂ ਲਾਲਚ, ਮੈਂ ਤੇ ਸਿਰਫ ਇਸ ਕਰ ਕੇ ਰੂਲਰ ਸੋਨੇ ਦਾ ਬਣਵਾ ਰਿਹਾ ਹਾਂ ਕਿ ਜਦੋਂ ਮੁੰਡਿਆਂ ਨੂੰ ਮਾਰਾਂਗਾ ਤਾਂ ਮੁੰਡੇ ਭਗਵਾਨ ਦਾ ਨਾਂ ਲੈਣਗੇ ।

ਬੇਬੇ : ਓਏ ਬੇਸ਼ਰਮੋ, ਮਰਦ ਹੋ ਕੇ ਸੋਨਾ ਸੋਨਾ ਕਰੀ ਜਾਂਦੇ ਓ । ਜਨਾਨੀਆਂ ਓਂ ਜਨਾਨੀਆਂ, ਲੋ ਭਗਵਾਨ ਤੁਸੀਂ ਮੇਰੀਆਂ ਚੂੜੀਆਂ ਸੋਨੇ ਦੀਆਂ ਬਣਾ ਦਿਓ । ਮੈਂ ਇਕ ਚੂੜੀ ਏਥੇ ਈ ਮੱਥਾ ਟੇਕ ਜਾਵਾਂਗੀ ।

ਪੁਜਾਰੀ : ਨਾ ਰੈਹਣ ਦੇ, ਬੁਢੜੀ ਆਈ ਏ ਹਾਤਮਤਾਈ ਦੀ ਮਾਂ । ਭਗਵਾਨ ਸਾਡੇ ਆਪਣੇ ਮੰਦਰ ਦਾ ਏ । ਅਸੀਂ ਆਪੇ ਸਬੂਤ ਲੈ ਲਾਂਗੇ, ਜਾਓ ਘਰੋ ਘਰ ।

ਵਕੀਲ : ਨਹੀਂ ਪੰਡਿਤ ਇੰਜ ਨਹੀਂ ਅਸੀਂ ਜਾਂਦੇ, ਸਬੂਤ ਸਾਡੇ ਸਾਹਮਣੇ ਪੇਸ਼ ਹੋਵੇਗਾ ।

ਪੁਜਾਰੀ : ਚਲੋ ਤੇ ਫੇਰ ਪੁਛ ਲੋ ਏਨ੍ਹਾਂ ਨੂੰ । ਕਿਉਂ ਵੀਰਾ ਤੂੰ ਭਗਵਾਨ ਏਂ ਨਾ, ਮੁਰਲੀ ਮਨੋਹਰ ਏਂ ਨਾ ?

ਵਕੀਲ : ਤੇਰਾ ਮਤਲਬ ਏ ਓਹ ਕੈਹ ਦੇਵੇ ਕਿ ਹਾਂ ! ਕੰਮ ਮੁਕ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਜਾਰੀ : ਚਲੋ ਭਗਵਾਨ ਏਸ ਨਾਸਤਕ ਨੂੰ ਵਿਖਾ ਦਿਓ ਕੌਤਕ ਤਾਂ ਕਿ ਏਹਨੂੰ ਠੰਢ ਪੈ ਜਾਏ। ਆਹ ਲਓ ਚੰਦਨ ਪੀਹਣ ਦਾ ਵੱਟਾ ਤੇ ਆਹ ਸਿਲ। ਦੋਨੋਂ ਸੋਨੇ ਦੀਆਂ ਬਣਾ ਦਿਓ। ਸਭ ਨੂੰ ਠੰਢ ਪੈ ਜਾਏਗੀ।

ਸ਼ਾਹ : ਚਲੋ ਠੀਕ ਏ। ਨਾਲ ਦੇ ਨਾਲ ਆਹ ਰੁਪਿਆ ਵੀ ਸੋਨੇ ਦਾ ਬਣਾ ਦਿਓ ਕੰਮ ਮੁੱਕੇ।

ਡਾਕਟਰ : ਓਏ ਮੂਰਖੋ, ਏਹ ਭਗਵਾਨ ਏਂ, ਭਗਵਾਨ ਕੋਈ ਜਾਦੂਗਰ ਨਹੀਂ।

ਭਗਵਾਨ : ਲੇਕਿਨ ਲੋੜ ਪੈਣ ਤੇ ਮੈਂ ਜਾਦੂਗਰੀ ਵੀ ਕਰ ਸਕਨਾ ਵਾਂ।

ਡਾਕਟਰ : ਜਾਦੂਗਰੀ ਕਰ ਸਕਦੇ ਓ ਤਾਂ ਤੇ ਮੇਰੇ ਨਾਲ ਚਲੋ। ਅਸੀਂ ਤੁਹਾਡਾ ਪ੍ਰੋਗਰਾਮ ਕਰਵਾਨੇ ਆਂ ਆਪਣੇ ਥੀਏਟਰ ਵਿਚ। ਮੈਂ ਕਰਵਾਨਾ ਰਹਿਨਾਂ ਡਰਾਮੇ, ਤਮਾਸ਼ੇ। ਅਜੇ ਪਿਛਲੇ ਮਹੀਨੇ ਈਂ ਬਲਰਾਮ ਮੰਡਲੀ ਦਾ ਨਾਟਕ ਕਰਵਾਇਆ ਸੀ। ਹਜ਼ਾਰ ਰੁਪਿਆ ਕੱਠਾ ਹੋ ਗਿਆ ਸੀ। ਮਵੇਸ਼ੀਆਂ ਦੇ ਹਸਪਤਾਲ ਵਾਸਤੇ। ਡਰਾਮੇ ਦਾ ਡਰਾਮਾ ਤੇ ਪੁੰਨ ਦਾ ਪੁੰਨ।

ਭਗਵਾਨ : ਇਕੱਠਾ ਤੇ ਦੋ ਹਜ਼ਾਰ ਹੋਇਆ ਸੀ, ਬਾਕੀ ਤੂੰ ਆਪ ਰਖ ਲਿਆ ਸੀ, ਹੈ ਨਾ।

ਡਾਕਟਰ : ਤੁਹਾਨੂੰ ਕਿੱਦਾਂ ਪਤਾ ?

ਭਗਵਾਨ : ਮੈਂ ਭਗਵਾਨ ਆਂ। ਭਈ ਮੈਨੂੰ ਸਭ ਪਤਾ ਏ। ਆਖੇਂ ਤੇ ਹੋਰ ਦਸਾਂ। ਹਸਪਤਾਲ ਦੀਆਂ ਦਵਾਈਆਂ ਬਜ਼ਾਰ ਵਿਚ ਕਿੱਦਾਂ ਜਾਂਦੀਆਂ ਨੇ। ਮੈਂ ਜਾਣੀ ਜਾਣ ਵਾਂ।

ਡਾਕਟਰ : ਰੈਣ ਦੇ, ਰੈਣ। ਇੰਜ ਕਹਿੰਦਾ ਏਂ ਭਗਵਾਨ ਆਂ, ਜਿਸ ਤਰ੍ਹਾਂ ਅਸਲੀ ਭਗਵਾਨ ਨੂੰ ਪਹਿਚਾਣਦੇ ਨਈਂ। ਤੇਰਾ ਮਤਲਬ ਏ ਅਸੀਂ ਭਗਵਾਨ ਵੇਖਿਆ ਈ ਨਹੀਂ, ਅਸੀਂ ਸਭ ਜਾਣਦੇ ਆਂ। ਭਗਵਾਨ ਸ਼ੰਕਰ ਨੂੰ ਜਾਣਨੇ ਆਂ। ਭਗਵਾਨ ਰਾਮ ਨੂੰ ਜਾਣਨੇ ਆਂ, ਹਨੂਮਾਨ ਜੀ ਨੂੰ ਜਾਣਨੇ ਆਂ। ਓਨ੍ਹਾਂ ਤੇ ਕਦੀ ਇੰਜ ਅਗੋਂ ਜਵਾਬ ਨਹੀਂ ਦਿੱਤਾ। ਕਦੀ ਪਬਲਿਕ ਵਿਚ ਖਲੋ ਕੇ ਮੇਰੀ ਪਗ ਨਹੀਂ ਲਾਹੀ। ਸਾਰੇ ਭਗਵਾਨ ਆਪਣੇ ਆਪਣੇ ਮੰਦਰਾਂ ਵਿਚ ਅਰਾਮ ਨਾਲ ਬੈਠੇ ਰੈਂਹਦੇ ਨੇ। ਤੇਰੇ ਵਾਂਕਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible]
ਫਿਰਨਾ ਸ਼ੁਰੂ ਕਰ ਦਿੱਤਾ। ਇਹ ਭਗਵਾਨ ਏ। ਆਪਣਾ ਕੰਮ ਕਰ।

ਸ਼ਾਹ : ਓ ਰੈਣੂ ਦੇ ਡੰਗਰਾਂ ਦੇ ਡਾਕਟਰ। ਸਾਡੇ ਵਿਚੋਂ ਕੇਹੜਾ ਏ ਜੇਹੜਾ ਆਪਣਾ ਕਮ ਕਰ ਰਿਹਾ ਏ। ਤੂੰ ਡਾਕਟਰ ਹੋ ਕੇ ਨਾਟਕ ਚਲਾਣ ਡਿਹਾਂ ਏਂ। ਵਕੀਲ ਟਿਊਸ਼ਨਾਂ ਕਰਦਾ ਫਿਰਦਾ ਏ। ਸਕੂਲ ਦਾ ਮਾਸਟਰ ਘਿਓ ਵੇਚਦਾ ਫਿਰਦਾ ਏ।

ਮਾਸਟਰ : ਵਿਕਦਾ ਕਿਥੇ ਏ, ਕੋਈ ਲੈਂਦਾ ਈ ਨਹੀਂ।

ਸ਼ਾਹ : ਜਦ ਸਾਰੇ ਏਧਰ ਓਧਰ ਦੇ ਕੰਮ ਕਰਦੇ ਫਿਰਦੇ ਨੇ, ਏਹ ਭਗਵਾਨ ਆਪਣੀ ਜਗ੍ਹਾ ਤੋਂ ਹਟ ਕੇ ਟਹਲੇ ਕਿਉਂ ਨਹੀਂ। ਇਕ ਥਾਂਈਂ ਬੈਠ ਬੈਠ ਕੇ ਬੰਦਾ ਤੰਗ ਨਹੀਂ ਪੈ ਜਾਂਦਾ। ਮੈਂ ਕਹਿਨਾਂ ਮੁਰਲੀ ਮਨੋਹਰ ਘੁੰਮੇ — ਭਗਵਾਨ ਖੂਬ ਘੁੰਮੇ, ਜੋ ਮਨ ਵਿਚ ਆਏ ਕਰੇ, ਬਸ ਮੇਰਾ ਇਕ ਰੁਪਿਆ ਸੋਨੇ ਦਾ ਕਰ ਦਿਓ।

ਪੁਜਾਰੀ : ਸੇਠ ਰੁਪਿਆ ਚੁਪ ਕਰ ਕੇ ਰਖ ਲੈ ਬੋਝੇ ਵਿਚ।

ਸ਼ਾਹ : ਪੰਡਤ ਏਹਨੂੰ ਬਨਾਣ ਦੇਹ ਸੋਨੇ ਦਾ ਨਹੀਂ ਤੇ ਏਨ੍ਹਾਂ ਮੂਰਖਾਂ ਨੇ ਕੋਈ ਨਹੀਂ ਮੰਨਣਾ ਕਿ ਭਗਵਾਨ ਸਾਹਮਣੇ ਖੜਾ ਏ। ਲਓ ਮਹਾਰਾਜ ਬਣਾਓ ਏਹਨੂੰ ਸੋਨੇ ਦਾ।

ਸੂਰਦਾਸ : ਪਰ ਭਗਵਾਨ ਨੂੰ ਸਬੂਤ ਦੇਣ ਦੀ ਕੀ ਜ਼ਰੂਰਤ ਏ। ਭਗਵਾਨ ਤੇ ਹੈ ਈ ਭਗਵਾਨ।

ਦਰਜੀ : ਤੂੰ ਚੁਪ ਰਹੁ ਅਨ੍ਹਿਆ। ਦਿਸਦਾ ਤੈਨੂੰ ਹੈ ਨਹੀਂ। ਤੇ ਘੜੀ ਘੜੀ ਕਹੀ ਜਾਨਾ ਏਂ ਭਗਵਾਨ ਦਿਸ ਰਿਹਾ ਏ। ਮੈਂ ਤੇ ਤੈਨੂੰ ਦਿਸ ਨਹੀਂ ਰਿਹਾ। ਭਗਵਾਨ ਕਿਵੇਂ ਦਿਸ ਰਿਹਾ ਏ।

ਭਗਵਾਨ : ਅੱਛਾ ਏਹ ਗੱਲ ਏ, ਤੇ ਔਹ ਲਓ।
(ਭਗਵਾਨ ਸੂਰਦਾਸ ਦੀਆਂ ਅੱਖਾਂ ਤੇ ਹੱਥ ਫੇਰਦੇ ਨੇ, ਉਹਨੂੰ ਦਿਸਣਾ ਸ਼ੁਰੂ ਹੋ ਜਾਂਦਾ ਏ)

ਸੂਰਦਾਸ : ਭਗਵਾਨ!
(ਭਗਵਾਨ ਦੇ ਚਰਨਾਂ ਤੇ ਸਿਰ ਰੱਖ ਦੇਂਦਾ ਏ)

ਪੁਜਾਰੀ : ਲੈ ਭਈ ਅਨ੍ਹੇ ਨੂੰ ਚੱਕਰ ਆ ਗਿਆ ਜੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਰਦਾਸ : (ਉਠ ਕੇ) ਮੈਨੂੰ ਚੱਕਰ ਨਹੀਂ ਆਇਆ ਪੰਡਿਤ ਜੀ । ਮੇਰੀਆਂ ਅੱਖਾਂ ਦੀ ਰੌਸ਼ਨੀ ਵਾਪਸ ਆ ਗਈ ਏ । ਮੈਨੂੰ ਦਿਸ ਰਿਹਾ ਏ । ਮੈਨੂੰ ਸਭ ਕੁਝ ਦਿਸ ਰਿਹਾ ਏ ।

ਵਕੀਲ : ਦਿਸ ਰਿਹਾ ਏ — ਇੰਮਪਾਸੀਬਲ ।

ਸ਼ਾਹ : ਏਵੇਂ ਈਂ ਮਾਰਦਾ ਏ ।

ਸੂਰਦਾਸ : ਨਹੀਂ ਸ਼ਾਹ ਜੀ ਮੈਨੂੰ ਦਿਸ ਰਿਹਾ ਏ ।

ਸ਼ਾਹ : ਅੱਛਾ ਦਿਸ ਰਿਹਾ ਏ, ਤੇ ਦਸ ਏਹ ਕੀ ਏ ।

ਸੂਰਦਾਸ : ਏਹ ਇਕ ਰੁਪਿਆ ਏ ਖੋਟਾ ।

ਸ਼ਾਹ : ਖੋਟਾ ਕਿਸ ਤਰ੍ਹਾਂ ?

ਸੂਰਦਾਸ : ਧਾਤ ਦਾ ਏ ।

ਸ਼ਾਹ : ਤੈਨੂੰ ਕਿਸ ਤਰ੍ਹਾਂ ਪਤਾ ਏ ਏਹ ਰੁਪਿਆ ਧਾਤ ਦਾ ਏ ?

ਸੂਰਦਾਸ : ਮੈਨੂੰ ਭਗਵਾਨ ਨੇ ਅੱਖਾਂ ਜੋ ਦੇ ਦਿਤੀਆਂ ਨੇ !

ਵਕੀਲ : ਔਰ ਸ਼ਾਹ ਜੀ ਤੁਸੀਂ ਖੋਟੇ ਰੁਪੈ ਦੀ ਮੋਹਰ ਬਨਵਾਣ ਲਗੇ ਸੀ। ਫਿੱਟੇ ਮੂੰਹ ਜੇ ।

ਸੂਰਦਾਸ : ਮਾਸਟਰ ਜੀ, ਚਾਚੀ, ਵਕੀਲ ਸਾਹਬ, ਬੇਬੇ, ਟੇਲਰ ਮਾਸਟਰ ਜੀ, ਸ਼ਾਹ ਜੀ, ਸਾਰੇ ਬੋਲੋ ਮੁਰਲੀ ਮਨੋਹਰ ਕੀ......ਜੈ ।
(ਕੋਈ ਓਹਦੇ ਨਾਲ ਨਹੀਂ ਬੋਲਦਾ । ਸਾਰੇ ਇਕ ਦੂਜੇ ਵਲ ਹੈਰਾਨੀ ਨਾਲ ਦੇਖਦੇ ਨੇ)

ਬੇਬੇ : ਸਤਿਯੁਗ ਆ ਗਿਆ । ਮੈਨੂੰ ਭਗਵਾਨ ਦੇ ਦਰਸ਼ਨ ਹੋ ਗਏ ।

ਡਾਕਟਰ : ਚਲ, ਤੇਰਾ ਕੰਮ ਤੇ ਹੋ ਗਿਆ ਏ ਹੁਣ ਸ਼ਵਰਗ ਦੀ ਤਿਆਰੀ ਕਰ ।

ਚਾਚੀ : ਆਹੋ ਏਹ ਉਤੇ ਜਾਏ ਤੇ ਇਹਦੀ ਨੂੰਹ ਨੂੰ ਸੁਖ ਦਾ ਸਾਹ ਮਿਲੇ ।

ਬੇਬੇ : ਮੈਂ ਕਿਹਾ ਵਧ ਘਟ ਗੱਲ ਕੀਤੀ ਤਾਂ ਮੈਂ ਗੁੱਤ ਪੁਟ ਕੇ ਹੱਥ ਵਿਚ ਫੜਾ ਦਊਂਗੀ ।

ਵਕੀਲ : ਚਾਚੀ ਏਹਨੂੰ ਪੁੱਟਣ ਦੇ ਗੁੱਤ — ਮੁਕੱਦਮਾ ਦਾਇਰ ਕਰ ਦਿਆਂਗੇ ।

ਭਗਵਾਨ : ਵਕੀਲ ਸਾਹਬ ਤੁਸੀਂ ਕਦੋਂ ਦੇ ਆ ਰਹੇ ਹੋ ਮੰਦਰ ਵਿਚ ?

ਵਕੀਲ : ਮੈਂ ਨਿੱਕਾ ਜਿਹਾ ਹੁੰਦਾ ਸੀ । ਏਡਾ ਕੂ । ਮੇਰੇ ਪਿਤਾ ਜੀ ਮੈਨੂੰ ਉਂਗਲੀ ਲਾ ਕੇ ਲੈ ਆਂਦੇ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਵਾਨ : ਇਕ ਉਮਰ ਹੋ ਗਈ ਏਹਨੂੰ ਮੰਦਰ ਵਿਚ ਆਉਂਦਿਆਂ, ਪਰ ਮੈਨੂੰ ਨਈਂ ਪਹਿਚਾਣਦਾ। ਔਰ ਏਹ ਪੰਡਿਤ ਮੇਰੇ ਦਵਾਰਕਾ ਦੇਸ਼ ਦਾ ਰਹਿਣ ਵਾਲਾ ਮੈਨੂੰ ਨਹੀਂ ਪਹਿਚਾਣਦਾ। ਮੈਂ ਏਹਦੇ ਬਾਪ ਨੂੰ ਜਾਣਦਾਂ। ਏਹਦੇ ਦਾਦੇ ਨੂੰ ਜਾਣਦਾਂ ਔਰ ਏਹ ਮੈਨੂੰ ਈਂ ਨਹੀਂ ਪਹਿਚਾਣਦਾ।

ਪੁਜਾਰੀ : ਅੱਛਾ ਜੇ ਮੇਰੇ ਪਿਓ ਨੂੰ ਪਹਿਚਾਣਦੇ ਓ ਤੇ ਓਹਨਾਂ ਦੀ ਕੋਈ ਨਿਸ਼ਾਨੀ ਦਸੋ।

ਭਗਵਾਨ : ਓਹਦੀ ਨਕ ਦੀ ਹੱਡੀ ਟੁੱਟੀ ਹੋਈ ਸੀ, ਹੈ ਸੀ ਕਿ ਨਹੀਂ ?

ਪੁਜਾਰੀ : ਆਹੋ। ਇਕ ਵਾਰੀ ਸੜਕ ਤੇ ਤਿਲ੍ਹਕ ਕੇ ਡਿੱਗ ਪਏ ਸਨ। ਤੇ ਹੱਡੀ ਟੁੱਟ ਗਈ ਸੀ।

ਭਗਵਾਨ : ਨਹੀਂ ਪੰਡਿਤ, ਸੜਕ ਤੇ ਨਈਂ ਸਨ ਡਿਗ, ਓਹ ਤੇ ਭੰਗ ਜ਼ਿਆਦਾ ਪੀਣ ਕਰ ਕੇ ਏਥੋਂ ਮੰਦਰ ਦੀਆਂ ਪੌੜੀਆਂ ਤੋਂ ਡਿਗ ਪਏ ਸਨ। ਹੋਰ ਕੋਈ ਦਸਾਂ ਨਿਸ਼ਾਨੀ।

ਪੁਜਾਰੀ : ਮਹਾਰਾਜ, ਨਿਸ਼ਾਨੀ ਦਸੋ ਪਰ ਆਹ ਭੰਗ ਭੁੰਗ ਦਾ ਚੱਕਰ ਨਾ ਪਾਓ, ਐਵੇਂ ਗਲ ਬਾਹਰ ਨਿਕਲ ਜਾਂਦੀ ਏ।

ਵਕੀਲ : ਪੰਡਿਤ ਤੇਰੇ ਪਿਓ ਦਾ ਨੱਕ ਡਿੰਗਾ ਸੀ। ਤੇ ਏਹਦਾ ਮਤਲਬ ਏਹ ਨਹੀਂ ਕਿ ਏਹ ਭਗਵਾਨ ਏਂ। ਤੇਰੇ ਪਿਓ ਦੇ ਨੱਕ ਦਾ ਤੇ ਮੈਨੂੰ ਵੀ ਪਤਾ ਏ।

ਡਾਕਟਰ : ਤੇ ਫੇਰ ਹੋਰ ਕੀ ਸਬੂਤ ਚਾਹੀਦਾ ਏ ?

ਵਕੀਲ : ਮੈਂ ਜਿਰਹਾ ਕਰਨੀ ਚਾਹੁੰਦਾ ਆਂ।

ਸੂਰਦਾਸ : ਵਕੀਲ ਸਾਹਬ ਭਗਵਾਨ ਨਾਲ ਜਿਰਹਾ, ਕੀ ਗਲ ਕਰ ਰਹੇ ਓ ?

ਵਕੀਲ : ਤੂੰ ਚੁਪ ਰਹਿ ਅਨ੍ਹਿਆ, ਮੁਫਤੋਂ ਮੁਫਤ ਵਿਚ ਦੋ ਅੱਖਾਂ ਮਾਰ ਗਿਆ ਏਂ। ਹੁਣ ਬਹੁਤਾ ਚਲਾਕ ਨਾ ਬਣ। ਤੈਨੂੰ ਤੇ ਮਿਲ ਗਿਆ ਏ ਸਬੂਤ। ਸਾਡੀ ਵੀ ਤੇ ਤਸੱਲੀ ਹੋਣ ਦੇ। ਅਸੀਂ ਸਬੂਤ ਲਾਂਗੇ। ਤੇਰੀ ਮਰਜ਼ੀ ਏ ਇਥੇ ਖਲੋ ਨਹੀਂ ਤੇ ਜਾਂਦਾ ਹੋ। (ਭਗਵਾਨ ਨੂੰ) ਹਾਂ ਜੀ। ਭਗਵਾਨ ਨੂੰ ਹਾਜ਼ਿਰ ਨਾਜ਼ਿਰ ਜਾਣ ਕੇ ਕਹੋ ਕਿ ਜੋ ਕੁਝ ਕਹਾਂਗਾ ਸੱਚ ਕਹਾਂਗਾ ਔਰ ਸਿਰਫ ਸੱਚ ਹੀ ਕਹਾਂਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਹੀ ਕਹੇ ਕਿ ਭਗਵਾਨ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਾਂਗਾ । ਏਹ ਤੇ ਸਾਰੀ ਗਰਾਮਰ ਈ ਗਲਤ ਹੋ ਗਈ ।

ਵਕੀਲ : ਏ ਮਾਸਟਰ ਜੀ ਤੁਸੀਂ ਵਕਾਲਤ ਕਦੋਂ ਦੀ ਸ਼ੁਰੂ ਕਰ ਦਿੱਤੀ ਏ । ਆਪਣਾ ਕੰਮ ਕਰੋ ਪਿਆਰਿਓ, ਤੇ ਸਾਡਾ ਸਾਨੂੰ ਕਰਨ ਦਿਓ । ਹਾਂ ਜੀ ਤੁਹਾਡਾ ਨਾਂ ।

ਭਗਵਾਨ : ਭਈ ਜੋ ਤੇਰਾ ਨਾਂ ਓਹ ਮੇਰਾ ਨਾਂ । ਮੁਰਲੀ ਮਨੋਹਰ । ਮੇਰੇ ਕਰ ਕੇ ਈ ਤੇ ਤੇਰਾ ਨਾਂ ਮੁਰਲੀ ਮਨੋਹਰ ਰਖਿਆ ਗਿਆ ਸੀ ।

ਵਕੀਲ : ਪਿੰਡ ਦਾ ਨਾਂ ?

ਭਗਵਾਨ : ਬੈਕੁੰਠ ।

ਵਕੀਲ : ਇਥੇ ਕਦੋਂ ਆਏ ?

ਭਗਵਾਨ : 28 ਯੁਗ ਹੋ ਗਏ ਵਕੀਲ ਸਾਹਬ ।

ਵਕੀਲ : ਪੇਸ਼ਾ ?

ਭਗਵਾਨ : ਏਸ ਵੇਲੇ ਤੇ ਬਿਲਕੁਲ ਬੇਕਾਰ ਆਂ ।

ਵਕੀਲ : ਬੇਕਾਰੀ ਤੇ ਪਾਪ ਏ । ਜਾਣਨਾ ਏਂ ।

ਭਗਵਾਨ : ਬਿਲਕੁਲ ਜਾਣਨਾ ਆਂ ।

ਵਕੀਲ : ਰੋਟੀ ਟੁੱਕਰ ਦਾ ਕੀ ਪ੍ਰਬੰਧ ਏ ?

ਭਗਵਾਨ : ਕੋਈ ਪ੍ਰਬੰਧ ਨਈਂ, ਭੁੱਖਾ ਮਰ ਰਿਹਾ ਆਂ ।

ਪੁਜਾਰੀ : ਹੈ ਕੋਈ ਕਰਨ ਵਾਲੀ ਗਲ । ਭਗਵਾਨ ਕੋਈ ਰੋਟੀਆਂ ਦਾ ਭੁੱਖਾ ਹੁੰਦਾ ਏ । ਭਗਵਾਨ ਤੇ ਭਾਵ ਦਾ ਭੁੱਖਾ ਹੁੰਦਾ ਏ । ਭਗਤ ਭਾਵ ਦੇ ਦੇਣ, ਸਮਝੋ ਭਗਵਾਨ ਦਾ ਪੇਟ ਭਰ ਗਿਆ ।

ਭਗਵਾਨ : ਓਹ ਭਾਵ ਈ ਤੇ ਅਜ ਕਲ ਮੰਦਾ ਏ ।

ਸ਼ਾਹ : ਓ ਮਹਾਰਾਜ ਭਾ ਅਜਕਲ ਸਾਰਾ ਈ ਮੰਦਾ ਏ । ਸਾਡੇ ਧੰਦੇ ਵਿਚ ਅਜ ਕਲ ਭਾ ਬਿਲਕੁਲ ਡਿਗ ਗਿਆ ਏ । ਪਤਾ ਨਹੀਂ ਕਲ ਰੋਟੀ ਮਿਲਦੀ ਏ ਕਿ ਨਹੀਂ ।

ਭਗਵਾਨ : ਜੇ ਏਹ ਗੱਲ ਹੁੰਦੀ ਨਾ ਸ਼ਾਹ ਜੀ ਤਾਂ ਤੁਹਾਡੇ ਸਿਰਹਾਣੇ ਵਿਚ ਨੋਟ ਨਾ ਹੁੰਦੇ ਰੂੰ ਦੀ ਥਾਂ । ਤੁਹਾਡੀ ਤਿਜੋਰੀ ਵਿਚ ਸੋਨੇ ਦੀਆਂ ਇਟਾਂ ਨਾ ਹੁੰਦੀਆਂ ।

ਸ਼ਾਹ : ਤੁਹਾਨੂੰ ਕਿਸ ਤਰ੍ਹਾਂ ਪਤਾ ਮੇਰੀ ਤਿਜੋਰੀ ਵਿਚ ਸੋਨੇ ਦੀਆਂ

CC-0. In Public Domain. Gurukul Kangri Collection, Haridwar

ਇੱਟਾਂ ਨੇ ਐਵੇਂ ਈ [illegible] ਮੇਰੇ [illegible] ਗਏ ਓ।

Digitized by Arya Samaj Foundation Chennai and eGangotri

ਭਗਵਾਨ : ਏਹ ਵੀ ਦਸ ਦੇਵਾਂ ਕਿੰਨੀਆਂ ਇੱਟਾਂ ਨੇ।

ਸ਼ਾਹ : ਨਹੀਂ ਮਹਾਰਾਜ ਤੁਸੀਂ ਰੈਣ੍ਹ ਈਂ ਦਿਓ। ਐਵੇਂ ਹੋਰ ਕੋਈ ਟੰਟਾ ਪਾਂਦੇ ਓ।

ਵਕੀਲ : ਸ਼ਾਹ ਜੀ ਵਿਚ ਬੋਲਣ ਦੀ ਲੋੜ ਕੀ ਸੀ ਚੰਗਾ ਭਲਾ ਮੈਂ ਸਵਾਲ ਕਰ ਰਿਹਾ ਸਾਂ।

ਸ਼ਾਹ : ਠੀਕ ਹੈ ਵਕੀਲ ਸਾਹਬ, ਪਰ ਕੋਈ ਫਾਲਤੂ ਸਵਾਲ ਨਾ ਪੁਛ ਬੈਠਣਾ। ਓਹ ਨਾ ਹੋਵੇ ਕਿਤੇ ਵਕੀਲ ਤੋਂ ਮੁਲਜ਼ਮ ਬਣ ਜਾਓ!

ਭਗਵਾਨ : ਕਿਉਂ ਭਈ ਭਗਤੋ ਬੋਲੋ, ਹੋ ਗਿਆ ਵਿਸ਼ਵਾਸ਼ ਕਿ ਨਹੀਂ?

ਸੂਰਦਾਸ : ਪਾਪੀਓ! ਕਹਿੰਦੇ ਕਿਉਂ ਨਹੀਂ ਕਿ ਹੋ ਗਿਆ ਏ ਮਹਾਰਾਜ, ਹੋ ਗਿਆ ਏ।

ਭਗਵਾਨ : ਜੇ ਨਹੀਂ ਹੋਇਆ ਤੇ ਹੋਰ ਕੁਝ ਪੁਛ ਲਓ।

ਮਾਸਟਰ : ਨਹੀਂ ਮਹਾਰਾਜ, ਮੈਂ ਕੁਝ ਨਹੀਂ ਪੁਛਣਾ ਚਾਹੁੰਦਾ। ਜੇਹੜੀ ਥੋਹੜੀ ਬਹੁਤ ਇੱਜ਼ਤ ਬਣੀ ਏਂ ਮੁੰਡਿਆਂ ਵਿਚ ਬਣੀ ਰਹਿਣ ਦਿਓ।

ਭਗਵਾਨ : ਕਿਉਂ ਭਈ ਟੇਲਰ ਮਾਸਟਰ ਤੂੰ ਵੀ ਕੁਝ ਪੁਛ ਲੈ?

ਦਰਜੀ : ਮੇਰੇ ਕੰਮ ਵਿਚ ਘਪਲਾ ਕੋਈ ਨਹੀਂ। ਮੇਰਾ ਕੋਈ ਕੰਮ ਐਸਾ ਨਹੀਂ ਜਿਹਨੂੰ ਸੁਣ ਕੇ ਮੈਨੂੰ ਸ਼ਰਮ ਆਵੇ।

ਭਗਵਾਨ : ਕਪੜਾ ਚੁਰਾਣ ਦਾ ਚੱਕਰ...

ਦਰਜੀ : ਮੈਂ ਕਿਹਾ ਕੋਈ ਲੋੜ ਈ ਨਹੀਂ ਗਲ ਕਰਨ ਦੀ। ਮੈਂ ਕੋਈ ਇਹਨਾਂ ਵਾਕਣ ਨਾਸਤਕ ਆਂ ਜੋ ਤੁਹਾਡੇ ਤੇ ਵਿਸ਼ਵਾਸ ਨਾ ਕਰਾਂ। ਇਕ ਵਾਰੀ ਮੇਰੇ ਕੋਲੋਂ ਅਪਣਾ ਅਪਰਨਾ ਸਿਵਾਓ। ਏਡਾ ਪੱਕਾ ਤੋਪਾ ਮਾਰਾਗਾ ਕਿ ਖੁਸ਼ ਹੋ ਜਾਓਗੇ।

ਚਾਚੀ : ਭਈ, ਸਾਨੂੰ ਤਾਂ ਇਤਬਾਰ ਈ ਇਤਬਾਰ ਏ। ਚਲ ਬੇਬੇ ਤੂੰ ਵੀ ਕਹਿ ਦੇ ਕਿ ਇਤਬਾਰ ਹੈ, ਤੇ ਘਰ ਚਲੀਏ।

ਭਗਵਾਨ : ਬੇਬੇ ਆਪਣੀ ਨੂੰਹ ਦੇ ਕੜਿਆਂ ਦੀ ਗੱਲ ਨਹੀਉਂ ਸੁਣਨੀ?

ਬੇਬੇ : ਚਲ ਨੀ ਚਲੀਏ ਕਿੰਨੀ ਦੇਰ ਹੋ ਗਈ ਏ।

ਚਾਚੀ : ਮੈਂ ਤੇ ਕਹਿਨੀ ਪਈ ਆਂ ਏਥੋਂ ਨਿਕਲ ਚਲੀਏ, ਤੂੰ ਆਪ ਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਲਮਕ ਕਰ ਰਹੀ ਸੋਂ। ਭਗਵਾਨ ਵੀ ਤੇ ਅਜ ਸਚ ਈ
ਬੋਲੀ ਜਾ ਰਹੇ ਨੇ।

(ਦੋਨੋਂ ਭਗਵਾਨ ਦੇ ਪੈਰ ਛੂਹ ਕੇ ਬਾਹਰ ਜਾਂਦੀਆਂ ਨੇ)

ਭਗਵਾਨ : ਓ ਬਈ, ਮੇਰੇ ਪੈਰੀਂ ਹਥ ਨਾ ਲਾਓ। ਮੈਂ ਤੇ ਤੰਗ ਆ ਗਿਆਂ। ਕਈ ਯੁਗਾਂ ਤੋਂ ਉਹੀ ਆਰਤੀ, ਉਹੀ ਨਮਸਕਾਰ। ਯਾਰ ਏਸ ਭਗਵਾਨ ਪੁਣੇ ਤੋਂ ਮੈਂ ਤੇ ਤੰਗ ਆ ਗਿਆਂ।

ਪੰਡਿਤ : ਵੇਖੋ ਮਹਾਰਾਜ ਜੇ ਆਰਤੀ ਜਾਂ ਪੂਜਾ ਵਲੋਂ ਕੋਈ ਭੁਲ ਚੁਕ ਹੋ ਗਈ ਹੋਵੇ ਤਾਂ ਮਾਫ਼ੀ ਦੇ ਦਿਉ। ਪਰ ਕੰਮ ਤੇ ਤੁਹਾਨੂੰ ਭਗਵਾਨ ਦਾ ਈ ਕਰਨਾ ਪਏਗਾ। ਇਹਦੇ ਬਗੈਰ ਕੰਮ ਨਹੀਂ ਜੇ ਚਲਣਾ।

ਭਗਵਾਨ : ਕੀਹਦਾ ਕੰਮ ਨਹੀਂ ਚਲਨਾ, ਮੇਰਾ ਕਿ ਤੇਰਾ ?

ਪੰਡਿਤ : ਨਾ ਮੇਰਾ ਨਾ ਤੁਹਾਡਾ।

ਭਗਵਾਨ : ਵੇਖੋ ਭਰਾਓ ਪੰਡਿਤ ਕੁਝ ਵੀ ਕਵ੍ਹੇ ਮੈਂ ਤੁਹਾਡਾ ਭਲਾ ਕਰ ਕਰ ਕੇ ਥਕ ਗਿਆ ਆਂ, ਕੋਈ ਕਹਿੰਦਾ ਏ ਮੇਰੀ ਲਾਟਰੀ ਕਢਾ ਦਿਓ, ਕੋਈ ਕਹਿੰਦਾ ਮੈਨੂੰ ਬੀਮਾਰੀ ਕੋਲੋਂ ਛੁੱਟੀ ਦਿਵਾਓ। ਕੋਈ ਕਹਿੰਦਾ ਏ ਮੇਰੀ ਟਰਾਂਸਫਰ ਰੁਕਵਾ ਦੇ। ਕੋਈ ਕਹਿੰਦਾ ਏ ਮੈਨੂੰ ਇਨਕਮ ਟੈਕਸ ਦੇ ਚੱਕਰ ਵਿਚੋਂ ਛੁੜਾ ਦੇ। ਮੇਰੇ ਕੋਲੋਂ ਨਹੀਂ ਹੁੰਦਾ ਸਾਰਾ ਬਖੇੜਾ। ਮੈਨੂੰ ਕੁਝ ਆਪਣਾ ਵੀ ਸਵਾਰਨ ਦਿਓ। ਮੈਂ ਫੈਸਲਾ ਕਰ ਲਿਆ ਏ ਕਿ ਮੈਂ ਵੀ ਅਜ ਤੋਂ ਮੇਹਨਤ ਦੀ ਰੋਟੀ ਖਾਵਾਂਗਾ...... ਮੇਹਨਤ ਮੈਂ ਤੁਹਾਡੇ ਨਾਲੋਂ ਕਿਤੇ ਜ਼ਿਆਦਾ ਕਰ ਸਕਨਾ ਆਂ। ਕਈ ਕਈ ਘੰਟੇ ਬਗੈਰ ਅਰਾਮ ਤੋਂ ਕੰਮ ਕਰ ਸਕਨਾ ਆਂ। ਘੋੜੇ ਨੁਹਾ ਸਕਨਾ ਆਂ। ਚੱਕੀ ਚਲਾ ਸਕਨਾ ਆਂ। ਕਬੀਰ ਦੇ ਘਰ ਵਿਚ ਬੁਣਾਈ ਕਰਨੀ ਸਿਖੀ ਏ, ਓਹ ਵੀ ਕਰ ਸਕਨਾ ਆਂ। ਫਿਰ ਮੈਨੂੰ ਤੁਹਾਡੇ ਵਾਕਣ ਖਾਣ-ਪੀਣ ਦੇ ਸਿਲਸਿਲੇ ਵਿਚ ਨਖਰੇ ਦੀ ਆਦਤ ਨਹੀਂ। ਸੁਦਾਮੇ ਦੇ ਚਾਵਲਾਂ ਤੋਂ ਲੈ ਕੇ ਮੀਰਾਂ ਦੀ ਜ਼ਹਿਰ ਤਕ ਪੀਤੀ ਏ। ਇਹ ਸਭ ਕੁਝ ਹਜ਼ਮ ਕਰ ਸਕਨਾ ਆਂ। ਮੈਨੂੰ ਕੋਈ ਕੰਮ ਦੱਸੋ ਮੈਂ ਕਰਾਂਗਾ। ਤੁਸੀਂ ਦਸੋ ਮਾਸਟਰ ਜੀ। ਵਕੀਲ ਸਾਹਬ ਤੁਸੀਂ ਦਸੋ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਉਂ ਡਾਕਟਰ ਸਾਹਬ ਬੋਲੋ। ਕਿਹੜਾ ਕੰਮ ਦਸਦੇ ਓ ਮੇਰੇ ਵਾਸਤੇ ? ਸੋਚੋ, ਮੈਂ ਕੋਈ ਵੀ ਕੰਮ ਕਰਾਂਗਾ, ਪਰ ਮੈਂ ਤੁਹਾਡੇ ਵਰਗੇ ਝੂਠੇ ਭਗਤਾਂ ਦਾ ਭਗਵਾਨ ਬਣੇ ਰਹਿਣ ਨੂੰ ਤਿਆਰ ਨਹੀਂ । ਅਜ ਤੋਂ ਏਸ ਮੰਦਰ ਵਿਚ ਮੇਰੀ ਹੜਤਾਲ ।

(ਸਾਰੇ ਭਗਤ ਅੱਖਾਂ ਪਾੜ ਕੇ ਹੈਰਾਨੀ ਨਾਲ ਭਗਵਾਨ ਵਲ ਵੇਖਦੇ ਨੇ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਐਕਟ

ਸਥਾਨ : ਕ੍ਰਿਸ਼ਨ ਭਗਵਾਨ ਦਾ ਮੰਦਿਰ

(ਪਰਦਾ ਉਠਦਾ ਹੈ ਤਾਂ ਭਗਵਾਨ ਕ੍ਰਿਸ਼ਨ ਤੇ ਭਗਤ ਜਨ ਉਸੇ ਤਰ੍ਹਾਂ ਖੜੇ ਨੇ ਜਿਸ ਤਰ੍ਹਾਂ ਪਹਿਲੇ ਐਕਟ ਦੇ ਸਮਾਪਤ ਹੋਣ ਤੇ ਖੜੇ ਸਨ)

ਭਗਵਾਨ : ਹਾਂ ਬਈ ਕੁਝ ਸੋਚਿਆ ਜੇ—ਕੋਈ ਲਭਿਆ ਏ ਮੇਰੇ ਮਤਲਬ ਦਾ ਕੰਮ ?

ਪੁਜਾਰੀ : ਗਲ ਇਹ ਹੈ ਭਗਵਾਨ, ਕਿ ਹਰ ਕਮ ਲਈ ਤਜਰਬੇ ਦੀ ਲੋੜ ਏ—ਬਗੈਰ ਐਕਸਪੀਰਿਐਂਸ ਤੋਂ ਅਜਕਲ ਕੋਈ ਦੇਂਦਾ ਜੇ ਕੰਮ ?

ਭਗਵਾਨ : ਤੈਨੂੰ ਦਸਿਆ ਤੇ ਹੈ ਕਿ ਘੋੜਿਆਂ ਦੀ ਦੇਖਭਾਲ ਕਰ ਸਕਨਾਂ, ਖੱਡੀ ਚਲਾ ਸਕਨਾਂ ।

ਪੁਜਾਰੀ : ਕੀ ਗਲਾਂ ਕਰ ਰਹੇ ਹੋ ਭਗਵਾਨ, ਇਹ ਕੰਮ ਰਹਿ ਕਿਥੇ ਗਏ ਜੇ, ਘੋੜੇ ਕੌਣ ਪਾਲਦਾ ਜੇ, ਅਜਕਲ ਲੋਕਾਂ ਮੋਟਰਾਂ ਤੇ ਸਕੂਟਰ ਰਖ ਲਏ ਨੇ । ਰਹਿ ਗਿਆ ਕਪੜਾ ਬੁਨਣਾ, ਖਡੀਆਂ ਖਤਮ ਹੋ ਗਈਆਂ ਨੇ ਮਹਾਰਾਜ । ਕਪੜੇ ਦੀਆਂ ਮਿੱਲਾਂ ਲਗ ਗਈਆਂ ਨੇ, ਜੁਲਾਹੇ ਅਜਕਲ ਮਿੱਲਾਂ ਵਿਚ ਨੌਕਰੀਆਂ ਕਰ ਰਹੇ ਨੇ ।

ਭਗਵਾਨ : ਚਲ ਨਹ੍ਹੀਂ ਖੱਡੀ ਤੇ ਨਾ ਸਈ, ਹੋਰ ਕੋਈ ਕੰਮ ਦਸੋ । ਅਜ ਤਕ ਤੁਸੀਂ ਲੋਕ ਮੇਰੇ ਸਾਹਮ੍ਹਣੇ ਮੱਥੇ ਰਗੜ ਰਗੜ ਕੇ ਕਹਿੰਦੇ ਸਾਓ, ਹੇ ਘਨਸ਼ਾਮ ਮੁਰਲੀ ਵਾਲੇ, ਸਾਨੂੰ ਕੰਮ ਦਿਵਾਓ, ਸਾਨੂੰ ਨੌਕਰੀ ਦਿਵਾਓ । ਅਜ ਮੈਂ ਤੁਹਾਡੀ ਸ਼ਰਨ ਮੰਗੀ ਏ, ਤਾਂ ਠੰਡੇ ਪੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਏ ਓ । ਕੋਈ ਕੰਮ ਤੇ ਐਸਾ ਜ਼ਰੂਰ ਹੋਣਾ ਏ ਜਿਹੜਾ ਮੈਂ ਕਰ ਸਕਨਾ ਆਂ । ਮੇਰੇ ਵਾਸਤੇ ਕੀ ਮੁਸ਼ਕਲ ਏ, ਮੈਂ ਝਟ ਸਿਖ ਜਾਣਾ ਏਂ । ਕਿਉਂ ਮਾਸਟਰ ਜੀ ਤੁਹਾਡਾ ਕੀ ਖ਼ਿਆਲ ਏ, ਮੈਂ ਬੱਚੇ ਵੀ ਨਹੀਂ ਪੜ੍ਹਾ ਸਕਦਾ ?

ਮਾਸਟਰ : ਮਹਾਰਾਜ ਹਦ ਕਰਦੇ ਓ, ਪੜ੍ਹਾ ਕਿਉਂ ਨਹੀਂ ਸਕਦੇ । ਮੇਰੇ ਕੋਲ ਜਿਹੜੀ ਥੋਹੜੀ ਬਹੁਤ ਅਕਲ ਹੈ ਓਹ ਮੈਂ ਕਿਥੋਂ ਲਈ ਏ । ਤੁਹਾਡੇ ਕੋਲੋਂ ਈਂ ਤੇ ਲਈ ਏ । ਪਰ ਕਈ ਟੰਟੇ ਨੇ ਭਗਵਾਨ ਸਾਡੀ ਨੌਕਰੀ ਵਿਚ । ਪੁਛਣਗੇ, ਬੀ. ਟੀ. ਕੀਤੀ ਏ ਕਿ ਨਹੀਂ...ਜੇ ਸੱਚ ਪੁਛੋ ਮੁਰਲੀ ਮਨੋਹਰ ਮੈਨੂੰ ਤੇ ਸਮਝ ਨਹੀਂ ਆਉਂਦੀ ਕਿ ਤੁਸੀਂ ਨੌਕਰੀ ਦੇ ਚੱਕਰ ਵਿਚ ਪੈਂਦੇ ਈ ਕਿਉਂ ਹੋ । ਤੁਹਾਨੂੰ ਕਿਹੜੀ ਪਰਵਾਹ ਪਈ ਏ । ਮਾਸਟਰੀ ਵੀ ਕੋਈ ਕੰਮ ਏਂ ? ਮੁੰਡਿਆਂ ਦੀਆਂ ਕਾਪੀਆਂ ਚੈੱਕ ਕਰੋ— ਅਜਕਲ ਮੁੰਡੇ ਕੰਜਰ ਅੱਗੋ ਵੀ ਬੋਲ ਪੈਂਦੇ ਨੇ, ਓਹ ਗੱਲ ਨਹੀਂ ਰਹੀ ਪੁਰਾਣੀ । ਮੈਂ ਤੇ ਕਹਿਨਾਂ ਓਥੇ ਹੀ ਖਲੋਤੇ ਰਹੋ ਆਪਣੀ ਜਗ੍ਹਾ ਤੇ ।

ਭਗਵਾਨ : ਨਹੀਂ ਮਾਸਟਰ ਜੀ, ਜੇ ਤੁਹਾਨੂੰ ਇਹ ਜਗ੍ਹਾ ਏਨੀ ਈਂ ਪਸੰਦ ਏ, ਤੁਸੀਂ ਜਾ ਕੇ ਖੜ੍ਹੇ ਹੋ ਜਾਓ ਉਥੇ । ਮੈਂ ਤੁਹਾਡੇ ਮੁੰਡੇ ਸੰਭਾਲ ਲਾਂਗਾ ।

ਮਾਸਟਰ : ਕੀ ਗਲਾਂ ਪਏ ਕਰਦੇ ਓ । ਤੁਸੀਂ ਹਫਤੇ ਵਿਚ ਨਸ ਜਾਣਾ ਏਂ । ਮੁੰਡੇ ਬੜੇ ਮੱਛਰੇ ਹੋਏ ਨੇ । ਬੈਂਤ ਮਾਰੋ ਤੇ ਅਗੋਂ ਡਾਂਗ ਕਢ ਮਾਰਦੇ ਨੇ । ਮੈਂ ਮੁੰਡਿਆਂ ਨੂੰ ਭੇਜਨਾਂ ਆਪਣੇ ਵਾਸਤੇ ਬੀੜੀਆਂ ਲਿਆਉਣ, ਅੱਧੀਆਂ ਰਾਹ ਵਿਚ ਪੀ ਜਾਂਦੇ ਨੇ । ਜੇ ਕਿਸੇ ਨੂੰ ਬੈਂਚ ਤੇ ਖੜਾ ਕਰ ਦਿਓ ਤਾਂ ਜਲੂਸ ਕਢ ਲੈਣਗੇ । ਹਾਏ ਹਾਏ, ਹਾਏ ਹਾਏ । ਅੱਛਾ, ਅਮੀਰਾਂ ਦੇ ਮੁੰਡੇ ਤੇ ਬੰਦਾ ਉਂਝ ਫੇਹਲ ਕਰ ਨਈਂ ਸਕਦਾ, ਟਿਊਸ਼ਨ ਦਾ ਚੱਕਰ ਹੁੰਦਾ ਏ ਨਾ । ਰਹਿ ਗਏ ਗਰੀਬਾਂ ਦੇ, ਓਹ ਵੀ ਫੇਲ੍ਹ ਨਹੀਂ ਕਰ ਸਕਦੇ । ਕਿਉਂਕਿ ਉਨ੍ਹਾਂ ਦੇ ਪਿਓਆਂ ਕੋਲ ਵੋਟ ਏ, ਔਰ ਵੋਟ ਦੀ ਲੋੜ ਏ ਲੀਡਰ ਨੂੰ । ਤੇ ਲੀਡਰ ਸਕੂਲ ਦਾ ਚੇਅਰਮੈਨ ਲਗਾ ਹੋਇਆ ਏ । ਕਿਸੇ ਮਾੜੇ ਦਾ ਮੁੰਡਾ ਫੇਲ੍ਹ, ਤਾਂ ਸਮਝ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਓ, ਅਗਲੀ ਇਲੈਕਸ਼ਨ ਵਿਚ ਚੇਅਰਮੈਨ ਆਪ ਫੇਲ੍ਹ।

ਭਗਵਾਨ : ਇਹ ਤੇ ਬੜੀ ਮਾੜੀ ਗਲ ਏ।

ਮਾਸਟਰ : ਬੜੀ ਮਾੜੀ ? ਮੈਂ ਕਹਿਨਾਂ ਬੜੀ ਈ ਮਾੜੀ।

ਭਗਵਾਨ : ਜੇ ਇਹ ਗਲ ਏ ਤਾਂ ਤੈਨੂੰ ਤੇ ਆਪ ਚਾਹੀਦਾ ਏ ਕਿ ਮਾਸਟਰੀ-ਮੂਸਟਰੀ ਛੱਡ, ਤੇ ਕੋਈ ਹੋਰ ਕੰਮ ਕਰ।

ਮਾਸਟਰ : ਹੋਰ ਕੰਮ ਕਿੱਦਾਂ ਕਰਾਂ ਮਹਾਰਾਜ ? ਧੌਲੇ ਆ ਗਏ ਨੇ। ਹੋਰ ਕੰਮ ਕਰਨ ਜੋਗਾ ਕਿਥੇ ਰਹਿ ਗਿਆਂ। ਨਾਲੇ ਬੀ. ਟੀ. ਕੀਤੀ ਏ। ਬੇਸਿਕ ਦੇ ਸਾਰੇ ਮਜ਼ਮੂਨ ਪਾਸ ਕਰ ਚੁੱਕਾਂ, ਸੂਤ ਕਤਾਈ, ਹੈਂਡੀ ਕ੍ਰਾਫਟ ਵਗੈਰਾ ਵਗੈਰਾ, ਏਨੀ ਕੁਆਲੀਫਿਕੇਸ਼ਨ ਏਂ, ਪਰ ਫੇਰ ਵੀ ਹੁਣ ਤੀਕਣ ਪਰਮਾਨੈਂਟ ਨਹੀਂ ਹੋਇਆ।

ਭਗਵਾਨ : ਉਹ ਕਿਉਂ ?

ਮਾਸਟਰ : ਏਥੇ ਕਿਦਾਂ ਦਸਾਂ ? ਇਹ ਸਾਰੇ ਬਦਮਾਸ਼ ਸਿੱਧੇ ਦੌੜਨਗੇ ਸਕੂਲ ਦੇ ਚੇਅਰਮੈਨ ਕੋਲ। ਤੁਸੀਂ ਇਨ੍ਹਾਂ ਨੂੰ ਜਾਣਦੇ ਨਹੀਂ। ਇਨ੍ਹਾਂ ਦੇ ਢਿਡ ਵਿਚ ਗਲ ਨਹੀਂ ਜੇ ਪਚਦੀ। ਚੇਅਰਮੈਨ ਕੀ ਕਰ ਰਿਹਾ ਏ ਸਕੂਲ ਨਾਲ, ਤੁਹਾਨੂੰ ਤੇ ਪਤਾ ਈ ਹੋਣਾ ਏਂ। ਐਧਰ ਕਰੋ ਕੰਨ।

(ਕੰਨ ਵਿਚ ਕੁਝ ਕਹਿੰਦਾ ਏ)

ਗਲ ਨਾ ਕਰਿਆ ਜੇ ਕਿਸੇ ਅੱਗੇ...ਏਥੇ ਤੇ ਬਿਲਕੁਲ ਨਾ ਕਰਿਆ ਜੇ ਧਰਤੀ ਤੇ। ਬੈਕੁੰਠ ਵਿਚ ਭਾਵੇਂ ਕਰੀ ਜਾਓ।

(ਇਸ਼ਾਰੇ ਨਾਲ ਕਹਿੰਦਾ ਏ ਕਿ ਚੇਅਰਮੈਨ ਪੈਸੇ ਖਾ ਰਿਹਾ ਏ)

ਭਗਵਾਨ : ਤੇਰਾ ਮਤਲਬ ਏ ਮਾਸਟਰ ਨਾ ਬਣਾਂ ?

ਮਾਸਟਰ : ਬਿਲਕੁਲ ਨਹੀਂ। ਖਿਆਲ ਈ ਛੱਡ ਦਿਓ। ਨਿਰਾ ਪੜ੍ਹਾਣਾ ਹੋਵੇ ਤੇ ਬੰਦਾ ਪੜ੍ਹਾ ਵੀ ਲਏ। ਹੋਰ ਬੜੇ ਟੰਟੇ ਨੇ। ਮਹਾਤਮਾ ਬੁੱਧ ਤੋਂ ਲੈ ਕੇ ਸਕੂਲ ਦੇ ਚੇਅਰਮੈਨ ਤਕ ਦਾ ਜਨਮ ਦਿਨ ਮਨਾਓ। ਪੁਛੋ ਭਲਾ ਕਿਥੇ ਗੌਤਮ ਬੁੱਧ ਤੇ ਕਿਥੇ ਲਾਲਾ ਹਵੇਲੀ ਰਾਮ। ਰਾਤ ਨੂੰ ਰੋਜ਼ ਦਾਰੂ ਪੀਂਦਾ ਏ, ਹੋਰ ਛੱਤੀ ਕੁੱਤੇ ਕੰਮ ਕਰਦਾ ਏ। ਏਦ੍ਹਾ ਮੈਂ ਜਨਮ ਦਿਨ ਮਨਾਵਾਂ ?

ਪੁਜਾਰੀ : ਓਏ ਮੁਨਸ਼ੀ, ਬੰਦੇ ਦਾ ਪੁੱਤਰ ਬਣ ਓਏ, ਕਿਉਂ ਸਾਰੀ ਗਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਗਵਾਨ ਨੂੰ ਸੁਣਾਈ [illegible] ਮੂਰਖ ਆਦਮੀ ਏ । ਖਿਮਾਂ ਕਰ ਦਿਓ ਇਹਨੂੰ ।

ਮਾਸਟਰ : ਖਿਮਾਂ ਭਗਵਾਨ ਨਹੀਂ ਕਰਨਗੇ ਤੇ ਹੋਰ ਤੂੰ ਕਰੇਂਗਾ ? ਪਰ ਮੈਂ ਝੂਠ ਕੋਈ ਨਹੀਂ ਜੇ ਬੋਲਿਆ, ਜੇ ਬੋਲਿਆ ਹੋਵੇ ਤਾਂ ਮੈਂ ਮੁਰਗਾ ਬਨਣ ਨੂੰ ਤਿਆਰ ਆਂ...ਅੱਛਾ ਤੁਸੀਂ ਆਪੇ ਦਸੋ, ਭਈ ਹਵੇਲੀ ਰਾਮ ਦਾ ਜਨਮ ਦਿਨ ਕਾਹਦਾ ? ਮੈਂ ਤੇ ਓਹਦੇ ਸੰਸਕਾਰ ਦੇ ਜਲੂਸ ਵਿਚ ਸ਼ਾਮਲ ਹੋਣ ਨੂੰ ਤਿਆਰ ਨਹੀਂ । ਕੋਈ ਬੰਦਾ ਹੋਵੇ ਤੇ ਗਲ ਵੀ ਏ । ਲੈ ਭਈ, ਮੁੰਡਿਆਂ ਦੀਆਂ ਲੈਣਾਂ ਲਵਾ ਦਿਓ । ਸਾਰਾ ਦਿਨ ਲੈਫਟ ਰਾਈਟ-ਲੈਫਟ ਰਾਈਟ, ਹੋਰ ਨਾਲ ਮਾਰੋ ਨਾਹਰੇ ਕਿ ਹਵੇਲੀ ਰਾਮ ਜ਼ਿੰਦਾਬਾਦ । ਖਸਮਾ ਨੂੰ ਨਈਂ ਖਾਂਦਾ ਹਵੇਲੀ ਰਾਮ । ਫੇਰ ਜਨਾਬ ਹੋਰ ਸੁਣ ਲਓ । ਕੋਈ ਯੋਜਨਾ ਸ਼ੁਰੂ ਹੋਵੇ, ਮਾਸਟਰ ਨੂੰ ਅਗੇ ਲਾ ਲੈਂਦੇ ਜੇ । ਸਫਾਈ ਹਫਤਾ ਮਨਾਣਾ ਏਂ, ਚਲ ਬਈ ਮਾਸਟਰ, ਫੜ ਲੈ ਝਾੜੂ ਤੇ ਹੋ ਜਾ ਸ਼ੁਰੂ । ਦਰਖਤ ਉਗਾਣੇ ਨੇ, ਚਲ ਬਈ ਮਾਸਟਰ, ਫੜ ਲੈ ਕਹੀ, ਤੇ ਹੋ ਜਾ ਸ਼ੁਰੂ । ਜੇ ਫੈਮਲੀ ਪਲੈਨਿੰਗ ਦਾ ਜ਼ੋਰ ਸ਼ੁਰੂ ਹੋਇਆ, ਤੇ ਸਭ ਤੋਂ ਅਗੇ ਮਾਸਟਰ ਜੀ, ਭਈ ਨਸਬੰਦੀ ਦੇ ਕੇਸ ਲਿਆ । ਤੁਸੀਂ ਚੰਗੇ ਭਲੇ ਆਰਾਮ ਨਾਲ ਖੜੇ ਓ, ਤੁਹਾਨੂੰ ਕੀ ਲੋੜ ਏ ਸਾਰਾ ਸਿਆਪਾ ਗਲ ਪਾਣ ਦੀ ?

ਭਗਵਾਨ : ਮਾਸਟਰੀ ਠੀਕ ਨਹੀਂ ਰਹੇਗੀ ?

ਮਾਸਟਰ : ਮੈਂ ਕਹਿਨਾਂ ਸੋਚਣਾ ਈਂ ਛੱਡ ਦਿਓ । ਜੇ ਜ਼ਰੂਰ ਈ ਕੰਮ ਕਰਨਾ ਏਂ ਤਾਂ ਬੇਸ਼ਕ ਡੰਗਰਾਂ ਦੇ ਡਾਕਟਰ ਬਣ ਜਾਓ । ਮਾਸਟਰੀ ਨਾਲੋਂ ਹਜ਼ਾਰ ਦਰਜੇ ਚੰਗਾ ਕੰਮ ਜੇ, ਡੰਗਰ ਮਨ ਜਾਇਗਾ ਤੁਹਾਡੀ ਗਲ । ਮੁੰਡਾ ਬਦਮਾਸ਼ ਕਦੀ ਨਈਂ ਮੰਨੇਗਾ ।

ਭਗਵਾਨ : ਕਿਉਂ ਭਈ ਡਾਕਟਰ ?

ਡਾਕਟਰ : ਐਵੇਂ ਬਕਦਾ ਏ, ਜਾਨਵਰ ਮਨ ਜਾਂਦਾ ਏ ? ਮੋਇਆਂ ਦੀ ਥਾਂਈ ਮੰਨਦਾ ਏ । ਆਹ ਵੇਖੋ ਕੋਈ ਹੈ ਥਾਂ ਮੇਰੇ ਮੂੰਹ ਤੇ ਜਿਥੇ ਮੈਨੂੰ ਡੰਗਰਾਂ ਨੇ ਲੱਤ ਨਾ ਮਾਰੀ ਹੋਵੇ ।

ਭਗਵਾਨ : ਅੱਛਾ ?

ਡਾਕਟਰ : ਤੇ ਹੋਰ ਕੀ । ਜਾਨਵਰ ਬੰਦੇ ਨਾਲੋਂ ਘਟ ਸ਼ਰਾਰਤੀ ਨਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਇਕ ਵਹਿੜਕੇ ਨੂੰ ਦਵਾਈ ਪਿਆ ਰਿਹਾ ਸਾਂ, ਚਾਰ ਬੰਦਿਆਂ ਨੇ ਉਹਨੂੰ ਫੜਿਆ, ਮੈਂ ਜਦੋਂ ਮੂੰਹ ਵਿਚ ਨਾਲ ਪਾਈ ਤੇ ਪਿਛੋਂ ਲਗਾ ਫੂਕ ਮਾਰਨ, ਭਈ ਦਵਾਈ ਓਹਦੇ ਅੰਦਰ ਚਲੀ ਜਾਏ, ਪਰ ਓਸ ਬਦਮਾਸ਼ ਨੇ ਉਧਰੋਂ ਦੀ ਫੂਕ ਮਾਰ ਦਿਤੀ ! ਓਹ ਸਾਰੀ ਦਵਾਈ ਮੇਰੇ ਅੰਦਰ ਚਲੀ ਗਈ ।

ਮਾਸਟਰ : ਸਾਰੀਆਂ ਬੀਮਾਰੀਆ ਤੇਰੀਆਂ ਵੱਲ ਹੋ ਗਈਆਂ ਹੋਣਗੀਆਂ ?

ਡਾਕਟਰ : ਓ ਚੁਪ ਕਰਕੇ ਖਲੋਤਾ ਰੋਹ ।

ਵਕੀਲ : ਡਾਕਟਰ ਸਾਹਬ ਕੱਟੇ ਵਿਚਾਰੇ ਨੂੰ ਮੋਇਆਂ ਦੀ ਅਕਲ ਏ ਕਿ ਉਧਰੋਂ ਫੂਕ ਨਹੀਂ ਮਾਰਨੀ ।

ਡਾਕਟਰ : ਆਹੋ, ਨਹੀਂ ਹੋਣੀ ਅਕਲ, ਸਾਡੇ ਮਾਸਟਰ ਦਾ ਸ਼ਾਗਿਰਦ ਲਗਦਾ ਸੀ...ਹਾਂ ਤੇ ਮਹਾਰਾਜ ਮੈਂ ਅਰਜ਼ ਕਰ ਰਿਹਾ ਸਾਂ ਕਿ ਕੱਟਾ ਤੇ ਖ਼ੈਰ ਚਲਾਕ ਹੋ ਈ ਗਿਆ ਏ, ਜੱਟ ਬੜੇ ਉਸਤਾਦ ਹੋ ਗਏ ਜੇ । ਜਾਣ ਬੁਝ ਕੇ ਇਕ ਮੋਟਾ-ਤਾਜ਼ਾ ਤੰਦਰੁਸਤ ਡੰਗਰ ਲਿਆ ਕੇ ਮੇਰੇ ਅੱਗੇ ਖੜਾ ਕਰ ਦੇਣਗੇ, ਔਰ ਕਹਿਣਗੇ ਡਾਕਟਰ ਸਾਹਬ, ਆਹ ਵੇਖੋ ਖਾਂ ਮੇਰੇ ਬਲਦ ਨੂੰ ਕੀ ਹੋ ਗਿਆ ਏ, ਮਤਲਬ ਇਹ ਕਿ ਮੇਰੇ ਮੂੰਹੋਂ ਕੋਈ ਗਲਤ ਗਲ ਨਿਕਲੇ ਤੇ ਮੈਨੂੰ ਫੜਵਾ ਦੇਣ । ਡੰਗਰ ਕੋਲੋਂ ਲੱਤ ਖਾਓ, ਜਟ ਕੋਲੋਂ ਗਾਲਾਂ ਖਾਓ, ਔਰ ਅਫਸਰਾਂ ਕੋਲੋਂ ਫਿਟਕਾਰ ਖਾਓ ।

ਮਾਸਟਰ : ਸਾਰਾ ਕੁਝ ਖਾਣ ਨੂੰ ਏਂ ? ਪੀਣ ਨੂੰ ਕੁਝ ਨਈਂ ?

ਡਾਕਟਰ : ਮੈਂ ਕਿਹਾ ਚੁਪ ਕਰਕੇ ਖਲੋਤਾ ਰੋਹ...ਇਹ ਚੱਕਰ ਜੇ ਮਹਾਰਾਜ ।

ਭਗਵਾਨ : ਪਰ ਬਈ ਤੈਨੂੰ ਅਫਸਰ ਕੋਲੋਂ ਡਰਨ ਦੀ ਕੀ ਲੋੜ ਏ । ਤੂੰ ਆਪਣਾ ਕੰਮ ਮੇਹਨਤ ਨਾਲ ਕਰੀ ਜਾ ।

ਡਾਕਟਰ : ਨਹੀਂ ਘਨਸ਼ਾਮ । ਅਫਸਰ ਦੀ ਮੁੱਠੀ ਚਾਪੀ ਤੋਂ ਬਗੈਰ ਕੰਮ ਨਹੀਂ ਚਲਦਾ...ਓਹਦੇ ਕੋਲ ਇਕ ਬੜਾ ਵੱਡਾ ਹਥਿਆਰ ਏ ਸਾਨੂੰ ਭੁੰਜੇ ਲ਼ਾਣ ਦਾ, ਓਹਨੂੰ ਕਹਿੰਦੇ ਨੇ ਤਬਾਦਲਾ, ਯਾਨੀ ਟਰਾਂਸਫਰ ! ਚੁਕਿਆ ਇਕ ਥਾਂ ਤੋਂ ਤੇ ਦੂਜੀ ਥਾਈਂ ਸੁਟ ਦਿਤਾ । ਦਸ ਸਾਲ ਦੀ ਨੌਕਰੀ ਹੋ ਗਈ ਜੇ, ਅਜੇ ਤਕ ਬਿਸਤਰਾ ਮੋਢੇ ਤੇ ਲਈ ਫਿਰਨਾਂ ।

ਭਗਵਾਨ : ਅੱਛਾ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾਕਟਰ : [illegible] । ਡੰਗਰ ਦਾ ਇਲਾਜ ਭਾਵੇਂ ਕਰੋ ਨਾ ਕਰੋ ਅਫਸਰ ਦੀ ਮਾਲਸ਼ ਕਰੀ ਜਾਓ । ਬਥੇਰਾ ਕਰਨਾਂ, ਪਰ ਫੇਰ ਵੀ ਫਸ ਜਾਨਾਂ । ਆਹ ਪਿਛਲੇ ਮਹੀਨੇ ਦੀ ਗੱਲ ਏ, ਜਾਨਵਰਾਂ ਦੀ ਨੁਮਾਇਸ਼ ਲੱਗੀ, ਮੈਂ ਬੜੀ ਮੇਹਨਤ ਕੀਤੀ, ਸਾਰੇ ਜਾਨਵਰ ਨਹਾ-ਧੁਹਾ ਕੇ ਖੜੇ ਕੀਤੇ, ਉਨ੍ਹਾਂ ਦੇ ਅੱਗੇ ਸੋਹਣੀਆਂ ਸੋਹਣੀਆਂ ਖੁਰਲੀਆਂ ਬਣਾਈਆਂ, ਉਨ੍ਹਾਂ ਦੇ ਸਿੰਙਾਂ ਤੇ ਤੇਲ ਚੋਪੜਿਆ, ਉਨ੍ਹਾਂ ਦੀਆਂ ਪੂਛਾਂ ਤੇ ਰਿਬਨ ਬੰਨ੍ਹੇ । ਲਓ ਜੀ ਨੁਮਾਇਸ਼ ਦੇ ਉਦਘਾਟਨ ਵਾਸਤੇ ਪਹੁੰਚਿਆ ਬੜਾ ਸਾਹਬ । ਅਸੀਂ ਲੈ ਗਏ ਉਹਨੂੰ ਆਪਣੇ ਸਭ ਤੋਂ ਵਧੀਆ ਬਲਦ ਕੋਲ । ਅੱਛਾ ਮਹਾਰਾਜ, ਹੁਣ ਸੁਨਣ ਵਾਲੀ ਗਲ ਜੇ । ਬਲਦ ਨੂੰ ਬੀਮਾਰੀ ਸੀ ਕਿ ਓਹਦੇ ਸਾਹਮਣੇ ਜੇ ਕੋਈ ਦੂਆ ਬਲਦ ਆ ਜਾਏ ਤਾਂ ਉਹਨੂੰ ਸਿੰਙ ਜ਼ਰੂਰ ਮਾਰਨਾ । ਜਿਸ ਵੇਲੇ ਸਾਡਾ ਸਾਹਬ ਪਹੁੰਚਿਆ ਸਾਡੇ ਬਲਦ ਕੋਲ, ਬਲਦ ਨੂੰ ਪਤਾ ਨਹੀਂ ਕੀ ਗਲਤੀ ਲਗੀ, ਓਹਨੇ ਜਾ ਸਿੰਙ ਮਾਰਿਆ ਸਾਹਬ ਦੇ ਢਿਡ ਵਿਚ । ਹੁਣ ਤੁਸੀਂ ਆਪ ਦਸੋ, ਸਿੰਙ ਬਲਦ ਦਾ, ਢਿਡ ਸਾਹਬ ਦਾ । ਮੈਂ ਤੇ ਵਿਚ ਕੁਝ ਨਹੀਂ ਨਾ ਕੀਤਾ । ਪਰ ਹੋਇਆ ਕੀ ? ਟਰਾਂਸਫਰ ਮੇਰੀ ਹੋ ਗਈ । ਓਹ ਦਿਨ ਤੇ ਆਹ ਦਿਨ । ਸਾਹਬ ਮੇਰੇ ਵਲ ਇੰਝ ਵੇਖਦਾ ਏ ਜਿਵੇਂ ਮੈਨੂੰ ਸਿੰਙ ਕਢ ਮਾਰੇਗਾ । ਮੈਂ ਕਹਿਨਾਂ ਮਹਾਰਾਜ ਜੇ ਜ਼ਰੂਰ ਈ ਕੰਮ ਕਰਨਾ ਏਂ ਨਾ, ਤਾਂ ਤੁਸੀਂ ਵਕੀਲ ਬਣ ਜਾਓ । ਮੈਂ ਕਹਿਨਾਂ ਧਰਮ ਨਾਲ ਬੜੀਆਂ ਮੌਜ਼ਾਂ ਜੇ । ਟਰਾਂਸਫਰ ਤੇ ਹੋਣੀ ਈਂ ਨਹੀਂ । ਮੈਜਿਸਟ੍ਰੇਟ ਦਾ ਤਬਾਦਲਾ ਹੋਏਗਾ, ਮੁਲਜ਼ਮ ਦਾ ਤਬਾਦਲਾ ਹੋਏਗਾ, ਪਰ ਵਕੀਲ ਓਥੇ ਦਾ ਓਥੇ...ਕਿਉਂ ਵਕੀਲ ਸਾਹਬ ?

ਵਕੀਲ : ਭਗਵਾਨ, ਇਹਦੀਆਂ ਗੱਲਾਂ ਵਿਚ ਨਾ ਆਣਾ । ਅਜਕਲ ਵਕੀਲਾਂ ਦੀ ਬੁਰੀ ਹਾਲਤ ਜੇ । ਪਿੰਡਾਂ ਵਿਚ ਪੰਚਾਇਤਾਂ ਬਣ ਗਈਆਂ ਨੇ । ਆਪੇ ਈ ਲੜਦੇ ਨੇ, ਤੇ ਆਪੇ ਈ ਫੈਸਲਾ ਕਰ ਲੈਂਦੇ ਨੇ । ਵਕੀਲ ਨੂੰ ਕੋਈ ਪੁਛਦਾ ਈ ਨਹੀਂ...। ਅਛਾ, ਨਵੇਂ ਵਕੀਲ ਨੂੰ ਤੇ ਖੈਰ ਬਹੁਤ ਈ ਸਿਆਪਾ ਏ ਨਾ । ਸਾਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਕਚਹਿਰੀ ਬੈਠੇ ਰਹੋ ਇਕ ਟੁਟੀ ਭੱਜੀ ਕੁਰਸੀ ਤੇ । ਮੁਨਸ਼ੀ ਹੈ, ਜੇ ਕੋਈ ਘੇਰ ਘਾਰ ਕੇ ਕੇਸ ਲੈ ਆਵੇ । ਅੱਛਾ ਹੁਣ ਮੁਨਸ਼ੀ ਦੀ ਸੁਣ ਲਓ । ਨਾ ਕਾਲਾ ਕੋਟ ਪਾਣਾ, ਨਾ ਐਲ. ਐਲ. ਬੀ. ਕਰਨੀ ਏਂ, ਬਸ ਆਪਣੀ ਅੱਧੀ ਫੀਸ ਵਕੀਲ ਕੋਲੋਂ ਟਿਕਾ ਲੈਣੀ ਏਂ । ਇਹ ਅਗੇ ਹੁੰਦਾ ਸੀ, ਇਕ ਵਕੀਲ ਨੇ ਦੋ ਦੋ ਮੁਨਸ਼ੀ ਰਖੇ ਹੁੰਦੇ ਸਨ, ਹੁਣ ਇਕ ਮੁਨਸ਼ੀ ਨੇ ਪੰਜ ਪੰਜ ਵਕੀਲ ਰਖੇ ਹੋਏ ਨੇ । ਤੁਸੀਂ ਜ਼ਰਾ ਕੁ ਆਕੜੇ ਤੇ ਮੁਕੱਦਮਾ ਦੂਜੇ ਵਕੀਲ ਕੋਲ ਪਹੁੰਚ ਜਾਣਾ ਏਂ ।......ਹਾਂ ਇਕ ਗੱਲ ਹੈ, ਜੇ ਕੋਈ ਤੁਹਾਡਾ ਦਾਅ ਲਗ ਜਾਏ, ਤੇ ਉਥ ਕਮਿਸ਼ਨਰ ਬਣ ਜਾਓ । ਫੇਰ ਹੈ ਕੰਮ ਵਧੀਆ । ਇਕ ਠੱਪਾ ਲਾਇਆ ਤੇ ਅਠਿਆਨੀ ਖਰੀ ।

ਭਗਵਾਨ : ਤੇਰਾ ਖਿਆਲ ਏ ਵਕਾਲਤ ਮੇਰੇ ਲਈ ਠੀਕ ਨਹੀਂ ਰਹੇਗੀ ।

ਵਕੀਲ : ਮੈਂ ਕਹਿਨਾਂ ਬਿਲਕੁਲ ਸੋਚੋ ਵੀ ਨਾ । ਆਮਦਨ ਤੇ ਛੱਡੋ, ਏਦ੍ਹੇ ਵਿਚ ਖਤਰੇ ਬੜੇ ਜੇ । ਇਕ ਵਾਰੀ ਮੈਂ ਆਪਣੇ ਇਕ ਮੁਅੱਕਲ ਤੇ ਰੋਅਬ ਪਾਣ ਦੀ ਖਾਤਰ ਅਦਾਲਤ ਵਿਚ ਫਿਲਮੀ ਵਕੀਲ ਬਣ ਗਿਆ ਤੇ ਲਗਾ ਉੱਚੀ ਉੱਚੀ ਬੋਲਣ ਕਿ ਅਦਾਲਤ ਨੂੰ ਯਾਦ ਰਖਣਾ ਚਾਹੀਦਾ ਏ ਕਿ ਓਸ ਦੇ ਉਤੇ ਵੀ ਇਕ ਅਦਾਲਤ ਏ, ਭਗਵਾਨ ਦੀ ਅਦਾਲਤ । ਜੇ ਸਾਨੂੰ ਇਥੋਂ ਇਨਸਾਫ ਨਾ ਮਿਲਿਆ ਤਾਂ ਅਸੀਂ ਉਤੇ ਜਾਵਾਂਗੇ । ਮਜਿਸਟ੍ਰੇਟ ਨੇ ਓਸੇ ਵੇਲੇ ਹੁਕਮ ਦਿਤਾ — ਫੜ ਲਓ ਵਕੀਲ ਨੂੰ । ਇਹ ਅਦਾਲਤ ਨੂੰ ਧਮਕੀ ਦੇ ਰਿਹਾ ਏ । ਹਥ ਪੈਰ ਜੋੜ ਕੇ ਜਾਨ ਛੁਡਾਈ । ਵਕਾਲਤ ਵੀ ਕੋਈ ਕੰਮ ਏਂ । ਰਬ ਈ ਜਾਣਦਾ ਏ ਕਿਵੇਂ ਡੰਗ ਟਪਾ ਰਹੇ ਆਂ ।

ਦਰਜ਼ੀ : ਭਗਵਾਨ, ਵਕੀਲ ਸਾਹਬ ਬਿਲਕੁਲ ਠੀਕ ਕਹਿ ਰਹੇ ਨੇ । ਇਹ ਕੋਟ ਜਿਹੜਾ ਇਨ੍ਹਾਂ ਪਾਇਆ ਹੋਇਆ ਏ, ਮੈਂ ਪਿਛਲੇ ਸਾਲ ਸੀਤਾ ਸੀ । ਅਜੇ ਤਕ ਸੁਵਾਈ ਦੇ ਪੈਸੇ ਨਹੀਂ ਮਿਲੇ । ਕੰਮ ਮੰਦਾ ਲਗਦਾ ਏ ।

ਵਕੀਲ : ਓਏ ਤੈਨੂੰ ਕਿੰਨੀ ਵਾਰੀ ਕਿਹਾ ਏ ਮੈਨੂੰ ਸੁਵਾਈ ਨਾ ਯਾਦ ਕਰਾਇਆ ਕਰ । ਪੈਸੇ ਤੇਰੇ ਕਿਤੇ ਨਹੀਂ ਜਾਂਦੇ ।

CC-0. In Public Domain. Gurukul Kangri Collection, Haridwar

ਦਰਜੀ : ਮੈਂ ਤੇ ਵਕੀਲ ਸਾਹਬ ਕਦੀ ਉਧਾਰ ਕੀਤਾ ਹੀ ਨਹੀਂ। ਪਤਾ ਨਹੀਂ ਤੁਹਾਡੇ ਨਾਲ ਕਿਵੇਂ ਕਰ ਲਿਆ ਸੀ।

Digitized by Arya Samaj Foundation Chennai and eGangotri

ਵਕੀਲ : ਜੇ ਅਸੀਂ ਨਕਦ ਦੇਣੇ ਹੁੰਦੇ ਤਾਂ ਹੋਰ ਦਰਜੀ ਮਰ ਗਏ ਸਨ, ਕੱਛਾ ਮਾਸਟਰ ?

ਦਰਜੀ : ਇਹ ਚੰਗਾ ਏ। ਪੈਸੇ ਮੰਗੋ ਤਾਂ ਅਗੋਂ ਗਾਲ੍ਹਾਂ ਕਢਣ ਲਗ ਪੈਂਦੇ ਓ।

ਵਕੀਲ : ਤੈਨੂੰ ਦਸਿਆ ਤੇ ਹੈ, ਅਜ ਕਲ ਮੰਦਾ ਏ।

ਭਗਵਾਨ : ਜੇ ਅਜ ਕਲ ਮੰਦਾ ਏ, ਤਾਂ ਫੇਰ ਗੁਜ਼ਾਰਾ ਕਿਸ ਤਰ੍ਹਾਂ ਕਰਨਾਂ ਏਂ ?

ਵਕੀਲ : ਓ ਮਹਾਰਾਜ ਕੀ ਦਸਾਂ। ਤੁਹਾਡੇ ਕੋਲੋਂ ਗਲ ਲੁਕਾਈ ਵੀ ਤੇ ਨਹੀਂ ਜਾ ਸਕਦੀ। ਆਪਣੇ ਘਰ ਦੇ ਕੋਠੇ ਤੇ ਮੁਰਗੀਖਾਨਾ ਖੋਹਲਿਆ ਹੋਇਆ ਏ। ਕਚਹਿਰੀ ਜਾਣ ਤੋਂ ਪਹਿਲਾਂ ਸਵੇਰੇ ਅੰਡੇ ਵੇਚਣ ਜਾਨਾਂ।

ਪੁਜਾਰੀ : ਛੀ-ਛੀ-ਛੀ-ਛੀ। ਮੰਦਿਰ ਵਿਚ ਆਂਡਿਆਂ ਦੀ ਗੱਲ। ਸ਼ਰਮ ਤੇ ਨਹੀਂ ਆਉਂਦੀ।

ਵਕੀਲ : ਪੰਡਿਤ ਜੀ.........ਚਲੋ ਜਾਣ ਦਿਓ। ਭਗਵਾਨ ਨੂੰ ਤੇ ਪਤਾ ਈ ਏ। ਬਾਕੀਆਂ ਨੂੰ ਕ੍ਹਾਨੂੰ ਦਸਣਾ।

ਭਗਵਾਨ : ਫੇਰ ਵਕਾਲਤ ਦਾ ਵੀ ਛੱਡਾਂ ਖਿਆਲ ?

ਵਕੀਲ : ਬਿਲਕੁਲ ਸੋਚੋ ਈ ਨਾ। ਮੈਂ ਤੇ ਕਹਿਨਾਂ ਕੋਈ ਵਪਾਰ ਕਰ ਲਓ। ਉਹਦੇ ਵਿਚ ਫਾਇਦਾ ਈ ਫਾਇਦਾ ਏ।

ਭਗਵਾਨ : ਵਪਾਰ ਕਰ ਲਾਂਗਾ। ਪਰ ਏਥੇ ਮੈਂ ਨਹੀਂ ਰਹਿਣਾ। ਏਥੇ ਖਲੋ ਖਲੋ ਕੇ ਮੈਂ ਤੰਗ ਆ ਗਿਆ ਆਂ। ਮੰਦਰ ਵਿਚ ਹਨੇਰਾ ਘੁੱਪ — ਨਾ ਹਵਾ ਨਾ ਧੁੱਪ। ਔਰ ਇਹ ਪੰਡਤ ਮੈਨੂੰ ਅੰਮ੍ਰਿਤ ਕਹਿ ਕਹਿ ਕੇ ਚੂਨੇ ਵਾਲਾ ਪਾਣੀ ਪਿਲਾ ਦੇਂਦਾ ਏ। ਛਾਲੇ ਪੈ ਗਏ ਨੇ ਮੂੰਹ ਵਿਚ। ਹੋਰ, ਪਰਕਰਮਾ ਵਿਚ ਏਨਾ ਗੰਦ ਏ ਕਿ ਮੇਰੇ ਕੋਲੋਂ ਬਰਦਾਸ਼ਤ ਨਹੀਂ ਹੁੰਦਾ। ਆਹ ਹੁਣੇ ਗਿਆ ਸੀ ਨਾ ਪੰਡਤ ਅੰਦਰ, ਵੇਖਿਆ ਸੀ ਕੀ ਹਾਲਤ ਹੋਈ ਸੀ ਇਹਦੀ ?

ਸ਼ਾਹ : ਕਿਉਂ ਪੰਡਤਾ ਏਹ ਕੀ ਚੱਕਰ ਏ ? ਸਾਰੀ ਦਕਸ਼ਣਾ ਹੜੱਪ ਕਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਲੈਂ ?

ਪੁਜਾਰੀ : (ਨਕਲ ਲਾ ਕੇ) ਪੰਡਤਾ ਏਹ ਕੀ ਚੱਕਰ ਏ... ਚੱਕਰ ਤੁਹਾਨੂੰ ਨਹੀਂ ਪਤਾ ਸ਼ਾਹ ਜੀ। ਆਪਣੇ ਅੰਦਰ ਝਾਤੀ ਮਾਰੋ। ਆਰਤੀ ਵਿਚ ਇਕ ਪੈਸੇ ਤੋਂ ਵੱਧ ਤੁਸੀਂ ਕਦੀ ਕੁਝ ਰਖਿਆ ਨਹੀਂ। ਪਹਿਲੋਂ ਪੁਰਾਣਾ ਤੇ ਅਜ ਕਲ ਨਵਾਂ। ਇਹਦੇ ਵਿਚ ਮੈਂ ਮੰਦਰ ਦੀ ਸਫਾਈ ਵੀ ਕਰਾਵਾਂ, ਭਗਵਾਨ ਨੂੰ ਅੰਮ੍ਰਿਤ ਵੀ ਪਿਲਾਵਾਂ, ਕਿਉਂ, ਮੇਰੀ ਕਿਹੜੀ ਟਕਸਾਲ ਚਲ ਰਹੀ ਏ ?

ਭਗਵਾਨ : ਪਰ ਪੰਡਤ ਜੀ ਉਹ ਜਿਹੜੇ ਭਗਤ ਚੜ੍ਹਾ ਜਾਂਦੇ ਨੇ ਬਦਾਮ ਤੇ ਪਿਸਤੇ, ਕਾਜੂ ਤੇ ਕਿਸ਼ਮਿਸ਼, ਉਹ ਕਿਧਰ ਜਾਂਦੇ ਨੇ, ਮੈਨੂੰ ਨਈਂ ਪਤਾ ਤੁਹਾਡੇ ਘਰ ਰੋਜ਼ ਪਾਪੜ ਤਲੇ ਜਾਂਦੇ ਨੇ। ਪਕੌੜੀਆਂ ਬਣਦੀਆਂ ਨੇ, ਬੂੰਦੀ ਦੇ ਲੱਡੂ ਖਾਧੇ ਜਾਂਦੇ ਨੇ। ਤੁਹਾਨੂੰ ਕਦੀ ਆਇਆ ਏ ਖਿਆਲ ਕਿ ਸਾਰਾ ਕੁਝ ਤੁਹਾਨੂੰ ਮੇਰੇ ਕਰ ਕੇ ਮਿਲ ਰਿਹਾ ਏ। ਕਦੀ ਆਇਆ ਏ ਖਿਆਲ ਕਿ ਅਜ ਸਭ ਕੁਝ ਭਗਵਾਨ ਦੀ ਭੇਟਾ ਕਰ ਦਿਆਂ। ਇਕ ਦਿਨ ਕੋਈ ਕਰਾਰੀ ਚੀਜ਼ ਖੁਆ ਦੇਏਂਗਾ ਤਾਂ ਮੈਂ ਕਿਹੜਾ ਰੁਸ ਚਲਿਆਂ।

ਪੁਜਾਰੀ : ਪ੍ਰਭੂ, ਬੂੰਦੀ ਦੇ ਲੱਡੂ ਮੈਂ ਕਿਹੜਾ ਆਪ ਖਾ ਰਿਹਾਂ। ਉਹੀ ਵੇਚ ਕੇ ਤੇ ਬਾਲ ਬੱਚਿਆਂ ਦਾ ਖਰਚ ਚਲਾ ਰਿਹਾਂ। ਮਹਿੰਗਾਈ ਕਿੰਨੀ ਏਂ ਅਜ ਕਲ ? ਮੇਰਾ ਤੇ ਜੀ ਕਰਦਾ ਏ ਪ੍ਰਭੂ, ਕਿ ਰੋਜ਼ ਰਾਤ ਨੂੰ ਦੁਧ ਦਾ ਕਟੋਰਾ ਤੁਹਾਨੂੰ ਭੋਗ ਲਵਾਵਾਂ। ਪਰ ਮਹਾਰਾਜ ਦੁਧ ਦਾ ਭਾ ਕਿੰਨਾ ਵਧ ਗਿਆ ਏ।

ਭਗਵਾਨ : ਦੁਧ ਨਈਂ ਤਾਂ ਚਾਹ ਪਿਲਾ, ਮੈਂ ਪੀਆਂਗਾ। ਲੇਕਿਨ ਤੁਲਸੀ ਦੇ ਪੱਤਿਆਂ ਦਾ ਪਾਣੀ ਮੈਂ ਕੋਈ ਨਹੀਂ ਰੋਜ਼ ਰੋਜ਼ ਪੀਣਾ। ਜਿਹੜਾ ਕਰਮੰਡਲ ਰਖਿਆ ਹੋਇਆ ਏ ਪਾਣੀ ਵਾਸਤੇ, ਕਦੀ ਸਾਫ ਕੀਤਾ ਈ ? ਜਿਹੜੇ ਚਿਮਚੇ ਨਾਲ ਮੈਨੂੰ ਅੰਮ੍ਰਿਤ ਪਿਲਾਨਾ ਏਂ, ਓਹ ਕਦੀ ਧੋਤਾ ਈ ? ਆਪ ਤੇ ਬੜੇ ਸਵਾਦ ਲਾ ਲਾ ਕੇ ਚਾਹ ਪੀਨਾ ਏਂ, ਕਾਫੀ ਪੀਨਾ ਏਂ, ਕਦੇ ਇਹ ਸੋਚਿਆ ਈ ਕਿ ਇਹ ਕਾਫੀ ਬਣਾਈ ਕਿਸ ਏ ? ਚਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸ ਨੇ ਬਖ਼ਸ਼ੀ ਏ? ਮੈਂ ਬਖ਼ਸ਼ੀ ਏ। ਲੇਕਿਨ ਮੈਂ ਪੀ ਨਹੀਂ ਸਕਦਾ। ਕਿਉਂ? ਇਸ ਲਈ ਕਿ ਤੂੰ ਆਪੇ ਈ ਫੈਸਲਾ ਕਰ ਲਿਆ ਏ ਕਿ ਮੈਨੂੰ ਸਿਵਾਏ ਚਰਨਾਮਤ ਦੇ ਕੁਝ ਚੰਗਾ ਨਹੀਂ ਲਗਦਾ। ਕਿਉਂ ਬਈ ਤੈਨੂੰ ਕ੍ਹਿੰਨੇ ਕਿਹਾ ਏ ਮੈਂ ਦਿਨੇ ਰਾਤ ਚਰਨਾਮ੍ਰਤ ਪੀਣਾ ਚਾਹਨਾਂ?

ਪੁਜਾਰੀ : ਭਗਵਾਨ?

ਭਗਵਾਨ : ਔਰ ਇਹ ਅਪਰਣਾ! ਕਿੰਨੇ ਸਾਲ ਹੋ ਗਏ ਨੇ ਮੈਂ ਇਹਨੂੰ ਪਾ ਕੇ ਖਲੋਤਾ ਆਂ। ਕਿਉਂ ਬਈ ਇਹਨੂੰ ਧੁਆਣ ਦੀ ਵੀ ਲੋੜ ਨਹੀਂ। ਤੂ ਫੈਸ਼ਨ ਬਦਲ ਸਕਦਾ ਏਂ। ਮੰਦਰ ਵਿਚ ਧੋਤੀ, ਬਾਹਰ ਪਤਲੂਨ। ਮੈਂ ਕਿਉਂ ਨਹੀਂ ਪਤਲੂਨ ਪਾ ਸਕਦਾ? ਮੈਨੂੰ ਕੀ ਕਹਿੰਦੀ ਏ ਪਤਲੂਨ?

ਸੂਰਦਾਸ : ਛੀ-ਛੀ। ਇਹ ਕੀ ਕਹਿ ਰਹੇ ਓ ਭਗਵਾਨ। ਪਤਲੂਨ ਤੁਹਾਨੂੰ ਚੰਗੀ ਲਗੇਗੀ? ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ। ਭਗਤ ਤੇ ਰੋਜ਼ ਗਾਉਂਦੇ ਨੇ — ਕਟੀ ਪਿਤਾਂਬਰ ਸੋਹੇ ਪ੍ਰਭੂ। ਐਵੇਂ ਥੋੜ੍ਹਾ ਈ ਗਾਉਂਦੇ ਨੇ? ਕੋਈ ਗੱਲ ਹੈ ਤਾਂ ਈਂ ਗਾਉਂਦੇ ਨੇ। ਤੁਸੀਂ ਭਗਵਾਨ ਓ ਭਗਵਾਨ। ਤੁਹਾਨੂੰ ਭਗਵਾਨ ਵਾਕਣ ਈਂ ਰਹਿਣਾ ਚਾਹੀਦਾ ਏ।

ਭਗਵਾਨ : ਕਿਉਂ, ਤੁਸੀਂ ਲੋਕ ਭਗਤਾਂ ਵਾਂਕਣ ਰਹਿ ਰਹੇ ਓ? ਕਿਥੇ ਗਏ ਤੁਹਾਡੇ ਜਨੇਊ? ਕਿਥੇ ਗਈਆਂ ਤੁਹਾਡੀਆਂ ਚੋਟੀਆਂ? ਖੜਾਵਾਂ ਕਿਥੇ ਗਈਆਂ ਤੁਹਾਡੀਆਂ? ਤੁਸੀ ਕਰ ਸਕਦੇ ਓ, ਮੈਂ ਨਹੀਂ ਕਰ ਸਕਦਾ? ਮੈਂ ਫੈਸਲਾ ਕਰ ਚੁਕਾ ਆਂ, ਮੈਂ ਇਥੇ ਨਹੀਂ ਰਹਿਣਾ। ਕਿਉਂ ਸ਼ਾਹ ਜੀ, ਤੁਸੀਂ ਕੋਈ ਮਸ਼ਵਰਾ ਦਿਓ, ਮੈਂ ਕੀ ਕੰਮ ਕਰਾਂ?

ਸ਼ਾਹ : ਭਗਵਾਨ ਮੈਂ ਇਹਨਾਂ ਵਾਕਣ ਇਹ ਨਹੀਂ ਕਹਾਂਗਾ ਕਿ ਮੇਰੀ ਲਾਈਨ ਵਿਚ ਨਾ ਪਓ। ਬਿਜ਼ਨੈਸ ਕਰੋ, ਜੇਹੜਾ ਮਰਜ਼ੀ ਏ ਕਰੋ। ਹੱਟੀ ਪਾ ਲਓ, ਕਾਰਖਾਨਾ ਲਾ ਲਓ, ਕੋਈ ਏਜੰਸੀ ਲੈ ਲਓ। ਵੈਸੇ ਇਹ ਗਲ ਏ ਕਿ ਅਜ ਕਲ ਚੱਕਰ ਬੜੇ ਵਧ ਗਏ ਜੇ। ਛੱਤੀ ਤਰ੍ਹਾਂ ਦੇ ਟੈਕਸ ਲਗ ਗਏ ਨੇ। ਬਿਜ਼ਨੈਸ ਘਟ ਤੇ ਹਿਸਾਬ ਜ਼ਿਆਦਾ। ਅੱਛਾ, ਫਿਰ ਟੈਕਸਾਂ ਦੀ ਵੀ ਸੁਣ ਲਓ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਏ ਲੈਣਾ ਜ਼ਰੂਰ, ਗਾਹਕ ਕਹਿੰਦਾ ਏ ਦੇਣਾ ਕੋਈ ਨਹੀਂ । ਪੰਜਾਹ ਰੁਪੈ ਦੀ ਸਾੜ੍ਹੀ ਗਾਹਕ ਸੌ ਵਿਚ ਮੁਲ ਲੈਂਦਾ ਹੈ, ਪਰ ਸੇਲ ਟੈਕਸ ਮੰਗ ਲੋ ਤਾਂ ਓਹਦੀ ਮਾਂ ਮਰ ਜਾਂਦੀ ਏ......ਫੇਰ ਇਨਕਮ ਟੈਕਸ ਜੇ । ਜੇ ਓਹਦਾ ਚੱਕਰ ਪੈ ਗਿਆ ਤਾਂ ਸਮਝ ਮਾਰੇ ਗਏ । ਤੁਸੀਂ ਇਹਨਾਂ ਚੱਕਰਾਂ ਵਿਚ ਕਾਹਨੂੰ ਪੈਂਦੇ ਓ । ਤੁਹਾਡੇ ਕੰਮ ਵਿਚ ਨਾ ਕੋਈ ਸੇਲ ਟੈਕਸ ਤੇ ਨਾ ਕੋਈ ਇਨਕਮ ਟੈਕਸ । ਮਜ਼ੇ ਨਾਲ ਖੜੇ ਓ — ਏਹੀ ਕਰੀ ਜਾਓ ।

ਭਗਵਾਨ : ਨਹੀਂ, ਮੈਂ ਕੁਝ ਹੋਰ ਕਰਨਾ ਚਾਹੁੰਦਾਂ । ਕਿਉਂ ਬਈ ਟੇਲਰ ਮਾਸਟਰ, ਤੇਰੇ ਕੋਲ ਹੈ ਕੋਈ ਮੇਰੇ ਗੋਚਰਾ ਕੰਮ ?

ਦਰਜੀ : ਕੰਮ ਤੇ ਬਥੇਰਾ ਸੀ, ਪਰ ਏਸ ਰੈਡੀਮੇਡ ਨੇ ਬੇੜਾ ਗਰਕ ਕਰ ਦਿੱਤਾ ਏ । ਮੈਨੂੰ ਤੇ ਸਮਝ ਨਹੀਂ ਆਉਂਦੀ ਲੋਕ ਰੈਡੀਮੇਡ ਵਲ ਕਿਉਂ ਪੈ ਗਏ ਨੇ । ਨਾ ਤੇ ਓਹਦਾ ਤੋਪਾ ਚੰਗਾ ਹੁੰਦਾ ਏ ਨਾ ਫਿਟਿੰਗ ਠੀਕ ਆਉਂਦੀ ਏ । ਫੇਰ ਵੀ ਭੇਡ ਚਾਲ, ਜਣਾ-ਖਣਾ ਰੈਡੀਮੇਡ ਪਾਈ ਫਿਰਦਾ ਏ ।

ਵਕੀਲ : ਤੇਰੀ ਫਿਟਿੰਗ ਕਿਹੜੀ ਠੀਕ ਏ । ਆਹ ਵੇਖ ਮੇਰਾ ਕੋਟ ਕੱਛਾਂ ਤੋਂ ਕਿੰਨਾ ਤੰਗ ਏ ।

ਦਰਜੀ : ਵਕੀਲ ਸਾਹਬ ਫਿਟਿੰਗ ਓਹਨੂੰ ਠੀਕ ਆਂਦੀ ਏ ਜਿਹਦਾ ਜਿਸਮ ਠੀਕ ਹੋਵੇ । ਤੁਹਾਡੇ ਜਿਸਮ ਤੇ ਕੋਟ ਫਿਟ ਕਰਨਾ ਕੋਈ ਆਸਾਨ ਕੰਮ ਨਹੀਂ । ਕੋਈ ਹੋਰ ਮਾਈ ਦਾ ਲਾਲ ਕਰ ਕੇ ਵਿਖਾਏ ।

ਵਕੀਲ : ਅੱਛਾ ਪੁੱਤਰਾ ਐਤਕੀਂ ਵੇਖੀਂ ਅਸੀਂ ਫਿਟਵੈਲ ਟੇਲਰਸ ਕੋਲੋਂ ਸਿਵਾਵਾਂਗੇ ।

ਦਰਜੀ : ਫਿਟਵੈਲ ਉਧਾਰ ਨਹੀਂ ਜੇ ਕਰਦਾ, ਵਕੀਲ ਸਾਹਬ ।

ਭਗਵਾਨ : ਓਏ ਲੜਦੇ ਕਾਹਨੂੰ ਓਂ । ਮੇਰੇ ਕੰਮ ਦਾ ਸੋਚੋ ।

ਮਾਸਟਰ : ਦਰਜੀ ਮਾਸਟਰ, ਰਖ ਲੈ ਭਗਵਾਨ ਨੂੰ ਆਪਣੇ ਕੋਲ ।

ਦਰਜੀ : ਮੇਰੇ ਕੋਲ ਕਿਹੜਾ ਕੰਮ ਏਂ ?

ਮਾਸਟਰ : ਰੋਜ਼ ਮੰਦਰ ਵਿਚ ਉੱਚੀ ਉੱਚੀ ਗਾਉਂਦਾ ਏਂ "ਭਗਤਾਂ ਦੇ ਤੂੰ ਕਾਜ ਸੰਵਾਰੇ ।" ਕਾਜ ਕਢਾ ਲਿਆ ਕਰ ਭਗਵਾਨ ਕੋਲੋਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਵਾਨ : ਹਾਂ, ਮੈਂ ਕਾਜ ਕਢ ਦਿਆ ਕਰਾਂਗਾ।

ਦਰਜੀ : ਨਹੀਂ, ਭਗਵਾਨ ! ਇਹਨੂੰ ਮਾਸਟਰ ਨੂੰ ਕੀ ਪਤਾ ਅਜ ਕਲ ਕਾਜ ਕਢਣ ਵਾਲੀਆਂ ਮਸ਼ੀਨਾਂ ਆ ਗਈਆਂ ਨੇ। ਚਾਰ ਰੁਪਏ ਸੈਂਕੜਾ ਕਾਜ ਕਢਦੇ ਨੇ ਮਸ਼ੀਨਾਂ ਵਾਲੇ। ਬੰਦਾ ਤੇ ਬੜਾ ਮਹਿੰਗਾ ਪਏਗਾ। ਤੁਸੀਂ ਕੋਈ ਬਿਜ਼ਨੈਸ ਈ ਖੋਲ੍ਹ ਲਓ।

(ਜਗਨ ਨਾਥ, ਸੋਮ ਨਾਥ ਔਰ ਰਾਮ ਨਾਥ ਮੰਦਰ ਵਿਚ ਆਂਦੇ ਨੇ)

ਜਗਨਨਾਥ : ਹਾਈ ਬੁਲਬੁਲ।

ਨਰਤਕੀ : ਨਮਸਤੇ ਜੀ।

ਜਗਨਨਾਥ : ਤੂੰ ਏਥੇ ਬੈਠੀ ਗੱਪਾਂ ਮਾਰ ਰਹੀ ਏਂ, ਤੇ ਅਸੀਂ ਲੋਕ ਤੇਰੇ ਘਰ ਦੇ ਬਾਹਰ ਸੁਕਣੇ ਪਏ ਹੋਏ ਸਾਂ। ਮੇਰੀ ਤਾਂ ਖੈਰ ਏ, ਮੈਂ ਤੇ ਤੇਰੇ ਘਰ ਦਾ ਬੰਦਾ ਆਂ, ਪਰ ਇਹ ਵੱਡੇ ਲੋਕ ਨੇ। ਇਨ੍ਹਾਂ ਦਾ ਟਾਈਮ ਬੜਾ ਕੀਮਤੀ ਏ। ਕਿਉਂ ਹਜ਼ੂਰ ?

ਸੋਮਨਾਥ : ਬਹੁਤ ਕੀਮਤੀ।

ਜਗਨਨਾਥ : ਬੰਦਾ ਕੁਬੰਦਾ ਵੇਖ ਲਿਆ ਕਰ। ਸਾਰੇ ਸਾਡੇ ਆਂਕਣ ਵੇਹਲੇ ਥੋਹੜੇ ਨੇ। ਸੋਮਨਾਥ ਜੀ ਇਹ ਜੇ ਸਾਡੀ ਮਿਸ ਬੁਲਬੁਲ। ਕਿਉਂ, ਹੈ ਕਿ ਨਹੀਂ ਨੰਬਰ ਇਕ।

ਸੋਮਨਾਥ : (ਵੇਖ ਕੇ) ਹੈ ਬਈ।

ਜਗਨਨਾਥ : ਐਵੇਂ ਤੇ ਤੁਹਾਨੂੰ ਪਤਾ ਏ ਮੈਂ ਕਹਿਣ ਵਾਲਾ ਬੰਦਾ ਈ ਨਹੀਂ। ਬਾਈਗਾਡ ਤੁਹਾਡੇ ਕੋਲ ਰਹਿ ਕੇ ਕੁਝ ਸਿਖਿਆ ਏ ਹਜ਼ੂਰ, ਏਵੇਂ ਵਿਹਲੀਆਂ ਨਹੀਂ ਖਾਧੀਆਂ। ਤੁਸੀਂ ਆਪੇ ਦਸੋ ਸਿਖਿਆ ਏ ਕਿ ਨਹੀਂ ?

ਸੋਮਨਾਥ : ਸਿਖਿਆ ਏ।

ਜਗਨਨਾਥ : ਲਓ ਜਨਾਬ, ਹੁਣ ਜ਼ਰਾ ਇਹਦਾ ਡਾਂਸ ਵੇਖੋ। ਹਿੱਲ ਜਾਓਗੇ ਜਨਾਬ। ਹਾਂ ਬਈ ਬੁਲਬੁਲ, ਇਕ ਲਾਈਂ ਚੱਕਰੀ।

(ਬੁਲਬੁਲ ਨਚਦੀ ਏ)

ਸੋਮਨਾਥ : ਖ਼ੂਬ ਨਚਦੀ ਏ।

ਸ਼ਾਹ : ਨਚਦੀ ਏ ? ਮੈਂ ਕਹਿਨਾਂ ਨਚਾਉਂਦੀ ਏ।

ਜਗਨਨਾਥ : ਗਾਣਾ ਵੀ ਸੁਣਵਾਈਏ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਮਨਾਥ : ਕੋਈ ਲੋੜ ਨਹੀਂ । ਗਲਾ ਵੇਖ ਕੇ ਈ ਪਤਾ ਲਗ ਗਿਆ ਏ ਕਿ ਇਹਦੇ ਵਿਚੋਂ ਕੈਸੇ ਸੁਰ ਨਿਕਲਣਗੇ । ਇਕ ਦੰਮ ਟਾਪ-ਕਲਾਸ ।

ਗਾਇਕਾ : ਇਹ ਲੋਕ ਬੰਬਈ ਤੋਂ ਆਏ ਨੇ ?

ਜਗਨਨਾਥ : ਲੈ ! ਤੇ ਹੁਣ ਤਕ ਤੈਨੂੰ ਸਮਝ ਈ ਨਹੀਂ ਆਈ ? ਤੂੰ ਕੀ ਸਮਝਦੀ ਏਂ ਸ਼ਾਹਦਰਿਉਂ ਆਏ ਨੇ । ਇਹ ਨੇ ਸੋਮਨਾਥ ਜੀ । ਬੰਬਈ ਦੇ ਬਹੁਤ ਉੱਚੇ ਡਾਇਰੈਕਟਰ । ਤੇ ਐਹ ਏਨ੍ਹਾਂ ਦੇ ਭਾਈ ਸਾਹਿਬ ਨੇ ਰਾਮਨਾਥ ਮੀਊਜ਼ਿਕ ਡਾਇਰੈਕਟਰ, ਔਰ ਮੈਂ ਆਂ ਜਗਨਨਾਥ, ਏਨ੍ਹਾਂ ਦੋਵਾਂ ਦਾ ਦਾਸ । ਬੁਲਬੁਲ, ਜੇ ਸੋਮਨਾਥ ਜੀ ਤੇਰੇ ਤੇ ਮੇਹਰਬਾਨ ਹੋ ਗਏ ਤਾਂ ਸਮਝ ਲੈ ਤੇਰੇ ਵਾਰੇ ਨਿਆਰੇ ਹੋ ਗਏ । ਕਿਉਂ ਹਜ਼ੂਰ, ਹੋ ਗਏ ਕਿ ਨਹੀਂ ਹੋ ਗਏ ?

ਸੋਮਨਾਥ : ਹੋ ਗਏ । ਜਗਨਨਾਥ, ਇਹ ਬਾਕੀ ਲੋਕ ਕੌਣ ਨੇ ?

ਜਗਨਨਾਥ : ਇਹ ਆਪਣੇ ਸ਼ਹਿਰ ਦੇ ਬੰਦੇ ਨੇ ਹਜ਼ੂਰ ।

ਸੋਮਨਾਥ : ਏਥੇ ਕੀ ਕਰ ਰਹੇ ਨੇ ?

ਜਗਨਨਾਥ : ਏਹ ਮੰਦਰ ਏ ਹਜ਼ੂਰ, ਪੂਜਾ ਕਰ ਰਹੇ ਨੇ ।

ਸੋਮਨਾਥ : ਓਹ — ਇਹ ਮੰਦਰ ਏ !

ਵਕੀਲ : ਲਓ, ਮੰਦਰ ਵੀ ਨਹੀਂ ਜੇ ਕਦੀ ਵੇਖਿਆ ?

ਜਗਨਨਾਥ : ਵੇਖਿਆ ? ਏਨ੍ਹਾਂ ਨੇ ਤੇ ਕਈ ਫਿਲਮਾਂ ਵਿਚ ਵਿਖਾਇਆ ਏ ਮੰਦਰ, ਲੇਕਨ ਓਹ ਜੇਹੜਾ ਸੈੱਟ ਤੇ ਮੰਦਰ ਬਣਾਇਆ ਜਾਂਦਾ ਏ, ਇਹ ਮੰਦਰ ਉਹਦਾ ਮੁਕਾਬਲਾ ਕਰ ਸਕਦਾ ਏ ?

ਮਾਸਟਰ : (ਜਗਨਨਾਥ ਨੂੰ) ਕਾਕਾ ਏਧਰ ਆ । ਜ਼ਰਾ ਗਲ ਸੁਣ । (ਜਗਨਨਾਥ ਕੋਲ ਜਾਂਦਾ ਏ) ਓਏ ਜਗਨਨਾਥ ਤੂੰ ਕਿਧਰੇ ਜੱਗੂ ਤੇ ਨਹੀਂ ?

ਜਗਨਨਾਥ : ਖ਼ੂਬ ਮਾਸਟਰ ਜੀ । ਮੈਂ ਤੇ ਕਿਹਾ ਤੁਹਾਡੇ ਕੋਲੋਂ ਸਿਆਣਿਆਂ ਨਹੀਂ ਜਾਣਾਂ, ਲੇਕਿਨ ਤੁਸਾਂ ਤੇ ਹੱਦ ਕਰ ਦਿਤੀ ਏ । ਮੈਂ ਤੁਹਾਡਾ ਚੇਲਾ ਆਂ ਜੱਗੂ । ਮਾਸਟਰ ਜੀ, ਚੋਥੀ ਤਕ ਮੈਂ ਤੁਹਾਡੇ ਕੋਲੋਂ ਪੜ੍ਹਿਆਂ । ਹੈਰਾਨੀ ਦੀ ਗੱਲ ਏ ਕਿ ਤੁਹਾਨੂੰ ਅਜ ਤਕ ਮੇਰਾ ਨਾਂ ਯਾਦ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਸਟਰ : ਓਏ ਤੈਨੂੰ ਕਿਸ ਤਰ੍ਹਾਂ ਭੁਲ ਸਕਨਾਂ ? ਐਸੇ [illegible] ਪਰ ਤੇਰੇ ਵਰਗਾ ਮੱਛਰਿਆ ਹੋਇਆ ਮੁੰਡਾ ਮੇਰੇ ਕੋਲ ਪੜ੍ਹਨ ਨਹੀਂ ਆਇਆ । ਲਓ ਜੀ ਭਗਵਾਨ ਦੂਜੀ ਜਮਾਤ ਦੀ ਫੀਸ ਇਕੱਠੀ ਕਰ ਕੇ ਦਰਾਜ਼ ਵਿਚ ਰਖੀ ਔਰ ਇਹ ਬਦਮਾਸ਼ ਦਾ ਪੁਤਰ ਲੈ ਕੇ ਭਜ ਗਿਆ । ਉਦੋਂ ਬਾਅਦ ਅਜ ਵੇਖਿਆ ਜੇ । ਰੁਪਿਆ ਮਹੀਨਾ ਕਟਵਾਂਦਾ ਰਿਹਾਂ ਤਨਖਾਹ ਵਿਚੋਂ । ਤਾਂ ਜਾ ਕੇ 14-15 ਮਹੀਨਿਆਂ ਵਿਚ ਛੁਟਕਾਰਾ ਮਿਲਿਆ । ਪੂਰੇ ਚੋਦਾਂ ਰੁਪੈ ਅੱਠ ਆਨੇ ਸਨ ।

ਜਗਨਨਾਥ : ਮਾਸਟਰ ਜੀ ! ਓਹ ਤੇ ਮੈਂ ਤੁਹਾਡੇ ਨਾਲ ਮਖੌਲ ਕੀਤਾ ਸੀ । ਐਹ ਲਓ 20 ਰੁਪੈ ।
(ਬੋਝੇ ਵਿਚੋਂ ਕਢ ਕੇ ਦਿੰਦਾਂ ਏ)

ਮਾਸਟਰ : ਓ ਸੌਹਰੀ ਦਿਆ, 20 ਕਾਹਨੂੰ ਦੇਨਾ ਏਂ ?

ਜਗਨਨਾਥ : ਕੋਈ ਗਲ ਨਹੀਂ ਮਾਸਟਰ ਜੀ — ਕੀਪ ਦੀ ਚੇਂਜ । (ਸੋਮਨਾਥ ਨੂੰ) ਇਹ ਸਾਡੇ ਏਥੇ ਮਾਸਟਰ ਨੇ । ਮੈਂ ਏਨ੍ਹਾਂ ਕੋਲ ਚੌਥੀ ਤਕ ਪੜ੍ਹਿਆਂ ।

ਸੋਮਨਾਥ : ਮਾੜਾ ਨਹੀਂ — ਨਾਂ ਨੋਟ ਕਰ ਲੈ ਡਾਇਰੀ ਵਿਚ । ਕਿਸੇ ਫ਼ਿਲਮ ਵਿਚ ਕਾਮਿਕ ਰੋਲ ਕਰਵਾਵਾਂਗੇ । ਅਗਰ ਇਹ ਥੋਬੜਾ ਵੇਖ ਕੇ ਪਬਲਿਕ ਨਾ ਹੱਸੇ ਤਾਂ ਮੈਂ ਸੋਮਨਾਥ ਕਾਹਦਾ ।

ਮਾਸਟਰ : ਓਏ ਤੂੰ ਚੁਪ ਰੌਹ ਆਇਆ ਵੱਡਾ ਡਾਇਰੈਕਟਰ । ਤੇਰੇ ਜਿਹੇ ਮੈਂ ਕਈ ਚੌਥੀ ਪਾਸ ਕਰਾ ਦਿੱਤੇ । ਓਏ ਜੱਗੂ, ਤੂੰ ਤੇ ਘਰੋਂ ਭਜ ਗਿਆ ਸੈਂ ।

ਜਗਨਨਾਥ : ਮਾਸਟਰ ਜੀ, ਸਾਰੇ ਵੱਡੇ ਆਦਮੀ ਘਰੋਂ ਭਜ ਜਾਂਦੇ ਨੇ...... ਓਹ, ਸ਼ਾਹ ਜੀ ਵੀ ਏਥੇ ਨੇ ? ਸੁਣਾਓ ਸ਼ਾਹ ਜੀ ਕੀ ਹਾਲ-ਚਾਲ ਏ ?

ਸ਼ਾਹ : ਹਾਲ ਤੇ ਠੀਕ ਏ ਪਰ ਓਹਨਾਂ ਪੈਸਿਆਂ ਦਾ ਕੀ ਬਣਿਆ ਜਿਹੜੇ ਲੈ ਗਿਆ ਸੈਂ । ਨਾ ਸੂਦ ਦੇਣ ਆਇਆਂ ਏਂ, ਨਾ ਅਸਲ । ਪੈਸੇ ਦੇ ਜਾ ਬੰਦੇ ਦੇ ਪੁੱਤਰਾਂ ਵਾਕਣ, ਨਹੀਂ ਤਾਂ......

ਵਕੀਲ : ਮੁਕੱਦਮਾ ਦਾਇਰ ਕਰ ਦੇਨੇ ਆਂ ।

ਜਗਨਨਾਥ : ਸ਼ਾਹ ਜੀ ਫਿਲਮ ਰਿਲੀਜ਼ ਹੋ ਲੈਣ ਦਿਓ, ਰੁਪੈ ਦੀ ਵਰਖਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਦਿਆਂਗਾ । ਬੋਰੀ ਲੈ ਕੇ ਆ ਜਾਣਾ ਤੇ ਭਰ ਲੈਣਾ ਨੋਟਾਂ ਨਾਲ, ਕਿਉਂ ਹਜ਼ੂਰ ?

ਸੋਮਨਾਥ : ਓਹ ਤੇ ਹੈ ਈ ਏ । ਚਲੋ ਬਈ ਜਗਨ ਨਾਥ, ਚਲ ਕੇ ਕਿਤੇ ਕਾਨਟਰੈਕਟ ਸਾਈਨ ਕਰਾਓ ਖੁਲਬੁਲ ਦਾ, ਤੇ ਚਲੀਏ ।

ਨਰਤਕੀ : ਭਗਵਾਨ ਮੈਂ ਕੰਮ ਕਰਵਾਵਾਂ ਤੁਹਾਡਾ ?

ਭਗਵਾਨ : ਤੂੰ ਕਰਵਾ ਦੇ ਬਈ, ਮੈਂ ਤੇ ਸਾਰਿਆਂ ਨੂੰ ਕਹਿ ਕਹਿ ਕੇ ਥਕ ਗਿਆ ਆਂ ।

ਨਰਤਕੀ : ਆਓ ਫੇਰ ਏਧਰ ਤੁਹਾਡੀ ਮੁਲਾਕਾਤ ਕਰਵਾਵਾਂ ।
ਜਗਨ ਨਾਥ ਏਧਰ ਆ ਤੈਨੂੰ ਭਗਵਾਨ ਮਿਲਾਵਾਂ ।

ਜਗਨ ਨਾਥ : ਹੈਲੋ ! ਤੂੰ ਕਿਹੜਾ ਭਗਵਾਨ ਏਂ ਬਈ । ਔਰ ਇਹ ਕਪੜੇ ਕਿਸ ਤਰ੍ਹਾਂ ਦੇ ਪਾਏ ਨੀ ? ਰਾਮ ਲੀਲ੍ਹਾ ਵਿਚ ਪਾਰਟ ਕਰ ਕੇ ਹਟਿਆ ਏਂ ?

ਭਗਵਾਨ : ਤੂੰ ਕਿਹੜੇ ਭਗਵਾਨ ਨੂੰ ਜਾਣਨਾ ਏਂ ?

ਜਗਨ ਨਾਥ : ਮੈਂ ਆਪਣੇ ਭਗਵਾਨ ਨੂੰ ਜਾਣਨਾ ਆਂ । ਆਪਣੇ ਫਿਲਮ ਵਾਲੇ ਨੂੰ । ਆਪਣੇ ਵਕਤ ਦਾ ਟਾਪ ਕਾਮੇਡੀਅਨ ਸੀ । ਅਜ ਵੀ ਛੋਟੇ ਮੋਟੇ ਨੂੰ ਟਿਕਣ ਨਹੀਂ ਦੇਂਦਾ ਜੇ ਰੋਲ ਚੰਗਾ ਮਿਲ ਜਾਏ । ਤੁਸੀਂ ਨਹੀਂ ਵੇਖਿਆ ਕਿਸੇ ਪਿਕਚਰ ਵਿਚ ?

ਨਰਤਕੀ : ਇਹ ਓਹ ਭਗਵਾਨ ਨਹੀਂ । ਇਹ ਅਸਲੀ ਭਗਵਾਨ ਨੇ ।

ਸੋਮਨਾਥ : ਯਾਨੀ ?

ਨਰਤਕੀ : ਬਿਲਕੁਲ ਅਸਲੀ ਭਗਵਾਨ, ਪਰਮੇਸ਼ਵਰ ।

ਸੋਮਨਾਥ : ਪਰਮੇਸ਼ਵਰ ? ਫਿੱਗਰ ਅੱਛੀ ਏ । ਕਿਉਂ ਭਈ ਭਗਵਾਨ ਕੋਈ ਐਕਟਿੰਗ ਦਾ ਤਜਰਬਾ ਹੈ ? ਕਦੀ ਕਿਸੇ ਸਟੇਜ ਪਲੇ ਵਿਚ ਕੰਮ ਕੀਤਾ ਏ ?

ਭਗਵਾਨ : ਨਹੀਂ ਜੀ ! ਮੈਂ ਤੇ ਕੋਈ ਕੰਮ ਨਹੀਂ ਕੀਤਾ ਕਦੀ । ਮੈਂ ਤੇ 28 ਯੁਗਾਂ ਤੋਂ ਏਥੇ ਈ ਖੜ੍ਹਾ ਵਾਂ, ਉਹ ਵੀ ਤਿੰਨ ਥਾਵਾਂ ਤੋਂ ਟੇਢਾ ਹੋ ਕੇ ।

ਸੋਮਨਾਥ : ਕਿਸ ਤਰ੍ਹਾਂ ? ਜ਼ਰਾ ਖੜ੍ਹਾ ਹੋ ਕੇ ਵਿਖਾ ।
ਬੁਲਬੁਲ, ਤੂੰ ਜ਼ਰਾ ਏਧਰ ਆ ਜਾ ।

ਨਰਤਕੀ : ਏਨ੍ਹਾਂ ਨੂੰ ਜ਼ਰੂਰ ਕੰਮ ਦਿਓ ਪਿਕਚਰ ਵਿਚ । ਏਨ੍ਹਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਹਰਬਾਨੀ ਹੋ ਗਈ ਤੇ ਫਿਲਮ ਇਕ ਦੰਮ ਹਿੱਟ ਹੋ ਜਾਣੀ ਏ'।

ਜਗਨਨਾਥ : ਫਿਲਮ ਤੇ ਖੈਰ ਹਿੱਟ ਹੋਣੀ ਏ'। ਸੋਮੀ ਬਣਾ ਰਿਹਾ ਏ।

ਨਰਤਕੀ : ਫੇਰ ਵੀ !

ਸੋਮਨਾਥ : ਜੱਗੂ ਵੇਖ ਯਾਰ, ਆਪਣੀ ਬੁਲਬੁਲ ਦੀ ਗਲ ਟਾਲੀ ਨਹੀਂ ਜਾ ਸਕਦੀ। ਕਿਸੇ ਰੋਲ ਵਿਚ ਫਿਟ ਕਰ।

ਦਰਜੀ : ਕੀ ਨਾਂ ਏ' ਤੁਹਾਡੀ ਫਿਲਮ ਦਾ ?

ਜਗਨਨਾਥ : ਲਓ ਇਹਨੇ ਨਾਂ ਈਂ ਨਹੀਂ ਜੇ ਸੁਣਿਆ ! ਔਰ ਅਸੀਂ ਤਿੰਨ ਲੱਖ ਪਬਲੀਸਿਟੀ ਤੇ ਖਰਚ ਕਰ ਚੁਕੇ ਆਂ। ਫਿਲਮ ਦਾ ਨਾਂ ਏ' ਮਹਾਸਤੀ ਪਿੰਗਲਾ।

ਮਾਸਟਰ : ਪਿੰਗਲਾ ਦਾ ਰੋਲ ਕਿਹੜਾ ਮੁੰਡਾ ਕਰ ਰਿਹਾ ਏ ?

ਜਗਨਨਾਥ : ਮੁੰਡਾ ? ਮਹਾਸਤੀ ਪਿੰਗਲਾ ਦਾ ਰੋਲ ਮੁੰਡਾ ? ਮਾਸਟਰ ਜੀ ਅਸੀਂ ਫਿਲਮ ਬਣਾ ਰਹੇ ਆਂ, ਕੋਈ ਰਾਮ ਲੀਲ੍ਹਾ ਨਹੀਂ ਕਰ ਰਹੇ। ਨਾਲੇ ਹੁਣ ਤੇ ਰਾਮ ਲੀਲ੍ਹਾ ਵਿਚ ਸੀਤਾ ਜੀ ਦਾ ਰੋਲ ਲੜਕੀਆਂ ਕਰਦੀਆਂ ਨੇ।

ਮਾਸਟਰ : ਕਰਦੀਆਂ ਨੇ ਤੇ ਕੋਈ ਚੰਗਾ ਥੋਹੜਾ ਕਰਦੀਆਂ ਨੇ।

ਜਗਨਨਾਥ : ਤੁਹਾਨੂੰ ਭਾਵੇਂ ਚੰਗਾ ਲਗੇ ਜਾਂ ਮਾੜਾ। ਸਾਡੀ ਪਿੰਗਲਾ ਤੇ ਇਕ ਲਾਜਵਾਬ, ਖੂਬਸੂਰਤ ਕੁੜੀ ਹੋਵੇਗੀ।
(ਨਰਤਕੀ ਵਲ ਇਸ਼ਾਰਾ ਕਰਕੇ) ਇਹ ਹੈ ਸਾਡੀ ਪਿੰਗਲਾ। ਸੱਚੀ ਪਿੰਗਲਾ ਵੀ ਇਦ੍ਹੇ ਸਾਹਮਣੇ ਆ ਜਾਏ ਨਾ, ਤੇ ਟਿਕ ਨਹੀਂ ਸਕੇਗੀ ਮਾਸਟਰ ਜੀ। ਕਿਉਂ ਸੋਮੀ, ਹੈ ਕੋਈ ਸਾਡੀ ਪਿੰਗਲਾ ਦਾ ਜਵਾਬ ?

ਸੋਮਨਾਥ : ਕੋਈ ਜਵਾਬ ਨਹੀਂ।

ਭਗਵਾਨ : ਤੁਹਾਡੇ ਵਿਚੋਂ ਕਿਸੇ ਵੇਖੀ ਵੀ ਏ ਸੱਚੀ ਪਿੰਗਲਾ ?

ਜਗਨਨਾਥ : ਤੁਸਾਂ ਵੇਖੀ ਏ ?

ਭਗਵਾਨ : ਹਾਂ ਮੈਂ ਵੇਖੀ ਸੀ। ਬਹੁਤ ਸੋਹਣੀ ਸੀ। ਜਿਸਮ ਦੀ ਵੀ ਤੇ ਰੂਹ ਦੀ ਵੀ। ਮੇਰੇ ਪੈਰਾਂ ਤੇ ਸਿਰ ਰਖ ਕੇ ਤੇ ਉਹਨੇ ਪ੍ਰਾਣ ਤਿਆਗੇ ਸਨ।

ਜਗਨਨਾਥ : ਤੁਹਾਡੇ ਪੈਰਾਂ ਤੇ ਸਿਰ ਰਖ ਕੇ ? ਨਹੀਂ ਮਹਾਰਾਜ, ਤੁਹਾਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਲਤੀ ਲਗ ਰਹੀ ਏ । ਸੱਚੀ ਪਿੰਗਲਾ ਨੇ ਮੰਦਰ ਵਿਚ ਪ੍ਰਾਣ ਤਿਆਗੇ ਸਨ ।

ਮਾਸਟਰ : ਨਹੀਂ ਜੱਗੂ, ਇਨ੍ਹਾਂ ਨੂੰ ਗਲਤੀ ਨਹੀਂ ਲਗ ਰਹੀ । ਪਿੰਗਲਾ ਨੇ ਭਗਵਾਨ ਕ੍ਰਿਸ਼ਨ ਦੇ ਪੈਰਾਂ ਵਿਚ ਪ੍ਰਾਣ ਤਿਆਗੇ ਸਨ । ਚੋਥੀ ਦੀ ਕਿਤਾਬ ਵਿਚ ਲਿਖਿਆ ਏ । ਤੂੰ ਚੋਥੀ ਪਾਸ ਨਈਂ ਜੇ ਕੀਤੀ, ਇਸ ਕਰਕੇ ਤੈਨੂੰ ਪਤਾ ਨਈਂ ।

ਸੋਮਨਾਥ : ਅਸਾਂ ਸਟੋਰੀ ਬਦਲ ਦਿੱਤੀ ਏ ।

ਮਾਸਟਰ : ਕਿਉਂ ?

ਸੋਮਨਾਥ : ਇਸ ਕਰਕੇ ਕਿ ਕਿ ਫਿਲਮ ਵੇਖਣ ਚੋਥੀ ਜਮਾਤ ਦੇ ਮੁੰਡੇ ਨਹੀਂ ਆਉਂਦੇ । ਸਿਆਣੇ ਬਿਆਣੇ ਬੰਦੇ ਆਉਂਦੇ ਨੇ । ਔਰ ਓਨ੍ਹਾਂ ਨੂੰ ਕੱਖ ਨਈਂ ਪਤਾ ਧਾਰਮਿਕ ਕਿਤਾਬਾਂ ਵਿਚ ਕੀ ਲਿਖਿਆ ਏ ।

ਮਾਸਟਰ : ਪਰ ਸਟੋਰੀ ਬਦਲਣ ਦੀ ਲੋੜ ਕੀ ਪੈ ਗਈ ?

ਸੋਮਨਾਥ : ਇਹ ਤੁਹਾਡੀ ਸਮਝ ਤੋਂ ਬਾਹਰ ਏ ।

ਮਾਸਟਰ : ਸਮਝਾਓ ਤੇ ਸਹੀ, ਸ਼ਾਇਦ ਕੁਝ ਸਮਝ ਆ ਜਾਏ ।

ਸੋਮਨਾਥ : ਓ ਬਾਬਾ, ਪਿੰਗਲਾ ਦਾ ਸਿਰ ਮੈਂ ਰਖ ਦਿਆਂ ਕ੍ਰਿਸ਼ਨ ਭਗਵਾਨ ਦੇ ਕਾਲੇ ਕਾਲੇ ਪੈਰਾਂ ਤੇ, ਸ਼ਾਟ ਸਵਾਹ ਆਉਣਾ ਏਂ ? ਟੈਕਨੀ-ਕਲਰ ਫਿਲਮ ਏਂ ਮਾਸਟਰ ਜੀ । ਪਿੰਗਲਾ ਦੀ ਮੌਤ ਨੂੰ ਇਕ ਸਪੈਸ਼ਲ ਇਫੈਕਟ ਦੇਣਾ ਪਏਗਾ । ਆਪਣੀ ਪਿੰਗਲਾ ਜਿਸ ਤਰ੍ਹਾਂ ਮਰਦੀ ਏ ਓਹ ਦੇਖੋਗੇ, ਤਾਂ ਮੂੰਹ ਖੁਲ੍ਹੇ ਦਾ ਖੁਲ੍ਹਾ ਰਹਿ ਜਾਏਗਾ ।

ਮਾਸਟਰ : ਕਿਸ ਤਰ੍ਹਾਂ, ਜ਼ਰਾ ਦਸੋ ?

ਸੋਮਨਾਥ : ਸਾਡੇ ਲਾਸਟ ਸੀਨ ਵਿਚ ਭਗਵਾਨ ਕ੍ਰਿਸ਼ਨ ਸਤਰੰਗੀ ਕਿਸ਼ਤੀ ਲੈ ਕੇ ਆਂਦੇ ਨੇ । ਪਿੰਗਲਾ ਓਹਦੇ ਵਿਚ ਬੈਠ ਕੇ ਪਰਲੋਕ ਜਾਏਗੀ ।

ਮਾਸਟਰ : ਓਏ ਮੂਰਖ, ਪਰਲੋਕ ਕੋਈ ਬੰਦਰਗਾਹ ਏ ਜਿਥੇ ਜਹਾਜ਼ ਜਾਂਦੇ ਨੇ । ਅਸਲ ਗਲ ਨਹੀਂ ਪਤਾ ਤੇ ਮੇਰੇ ਕੋਲੋਂ ਸੁਣ ।

ਸੋਮਨਾਥ : ਅਸਲ ਗਲ ਕਿੰਨੂ ਪਤਾ ਏ ?

ਭਗਵਾਨ : ਮੈਨੂੰ ਪਤਾ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਮਨਾਥ : ਫਿਲਮ ਤੁਸਾਂ ਵੇਖਣੀ ਏਂ ਭਗਵਾਨ ? ਫਿਲਮ ਤੁਹਾਡੇ ਭਗਤਾਂ ਨੇ ਵੇਖਣੀ ਏਂ, ਔਰ ਓਨ੍ਹਾਂ ਨੂੰ ਕੱਖ ਪਤਾ ਨਈਂ। ਤੁਹਾਡਾ ਮਤਲਬ ਏ ਅਕਬਰ ਇੰਝ ਬੋਲਦਾ ਸੀ ਜਿਵੇਂ ਪ੍ਰਿਥਵੀ ਰਾਜ ਕਪੂਰ ਬੋਲਦਾ ਸੀ ? ਤੁਹਾਡਾ ਖਿਆਲ ਏ ਅਨਾਰਕਲੀ ਮਰਨ ਵੇਲੇ ਗਾਣੇ ਗਾ ਰਹੀ ਸੀ ?

ਭਗਵਾਨ : ਚਲ ਭਈ ਤੂੰ ਆਪਣੀ ਮਨਮਾਨੀ ਕਰ ਲੈ, ਪਰ ਮੈਂ ਕੰਮ ਦੀ ਤਲਾਸ਼ ਵਿਚ ਆਂ। ਮੈਨੂੰ ਆਪਣੀ ਫ਼ਿਲਮ ਵਿਚ ਰੋਲ ਦੇ ਦੇ। ਭਗਵਾਨ ਦਾ ਰੋਲ ਤੇ ਦੇ ਈ ਸਕਨਾ ਏਂ।

ਨਰਤਕੀ : ਦੇ ਦਿਓ ਨਾਂ।

ਸੋਮਨਾਥ : ਕਿਉਂ ਜੱਗੂ ?

ਜਗਨਨਾਥ : ਮੈਂ ਕੀ ਕਹਿ ਸਕਨਾਂ, ਪਬਲਿਕ ਦਾ ਕੋਈ ਪਤਾ ਨਈਂ। ਉਹ ਤੇ ਤਰਲੋਕ ਕਪੂਰ ਨੂੰ ਭਗਵਾਨ ਸਮਝਦੇ ਨੇ। ਨਵਾਂ ਭਗਵਾਨ ਪਤਾ ਨਈਂ ਪਸੰਦ ਕਰਨ ਕਿ ਨਾ ਕਰਨ।

ਨਰਤਕੀ : ਕਿਉਂ ਨਹੀਂ ਕਰਨਗੇ। ਜ਼ਰੂਰ ਕਰਨਗੇ, ਲੈ ਲਓ।

ਸੋਮਨਾਥ : ਕਿਉਂ ਜੱਗੂ ? ਆਪਣੀ ਬੁਲਬੁਲ ਕਹਿ ਰਹੀ ਏ।

ਜਗਨਨਾਥ : ਫਿੱਗਰ ਤੇ ਮਾੜੀ ਨਈਂ।

ਸੋਮਨਾਥ : ਪਰ ਫੀਚਰ ਏਨੇ ਪੁਆਇੰਟਿਡ ਨਹੀਂ।

ਭਗਵਾਨ : ਲੇਕਨ ਭਈ ਮੈਂ ਅਸਲੀ ਭਗਵਾਨ ਆਂ।

ਸੋਮਨਾਥ : ਫਿਲਮ ਵਿਚ ਅਸਲੀ ਭਗਵਾਨ ਲੋਕੀਂ ਤਰਲੋਕ ਕਪੂਰ ਨੂੰ ਸਮਝਦੇ ਨੇ। ਬਾਈਗਾਡ ਸੜਕ ਤੇ ਖਲੋਤਾ ਹੋਵੇ, ਲੋਕ ਓਹਦੇ ਪੈਰੀਂ ਹਥ ਲਾਂਦੇ ਨੇ।

ਭਗਵਾਨ : ਲੋਕ ਮੇਰੇ ਵੀ ਪੈਰੀਂ ਹੱਥ ਲਾਂਦੇ ਨੇ।

ਸੋਮਨਾਥ : ਓ ਜੀ ਸਾਨੂੰ ਕੀ ਪਤਾ ਲਾਂਦੇ ਨੇ ਕਿ ਨਈਂ ਲਾਂਦੇ।

ਪੁਜਾਰੀ : ਲਾਂਦੇ ਨੇ ਜੀ। ਇਹ ਅਸਲੀ ਭਗਵਾਨ ਏਂ।

ਸੋਮਨਾਥ : ਕੋਈ ਸਬੂਤ ?

ਪੁਜਾਰੀ : ਇਕ ਘਸੁੰਨ ਮਾਰ ਕੇ ਵੇਖ।

(ਸੋਮਨਾਥ ਪੁਜਾਰੀ ਨੂੰ ਘਸੁੰਨ ਮਾਰਦਾ ਏ)

ਪੁਜਾਰੀ : ਓਏ ਮੈਂ ਮਰ ਗਿਆ। ਵੱਖੀ ਭੰਨ ਦਿੱਤੀ ਏ ਬਾਂਦਰ ਨੇ।

ਸੋਮਨਾਥ : ਆਪੇ ਤੇ ਤੂੰ ਕਿਹਾ ਏ ਘਸੁੰਨ ਮਾਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਜਾਰੀ : ਮੈਂ ਇਹ ਨਈਂ ਕਿਹਾ ਕਿ ਮੈਨੂੰ ਮਾਰ। ਭਗਵਾਨ ਨੂੰ ਮਾਰ, ਖੋਤਾ ਨਾ ਹੋਵੇ ਤੇ।

ਸੋਮਨਾਥ : ਖੋਤਾ, ਖੋਤਾ ਮਤ ਬੋਲ, ਖੋਤੇ।

ਪੁਜਾਰੀ : ਓਏ ਤੂੰ ਬਾਹਰ ਨਿਕਲ ਮੰਦਰ ਤੋਂ। ਆਇਆ ਵੱਡਾ ਫਿਲਮ ਡਾਇਰੈਕਟਰ। ਬਾਹਰ ਨਿਕਲ ਏਥੋਂ। ਜਾ ਤੈਨੂੰ ਸਰਾਪ ਦਿਤਾ, ਤੇਰੀ ਫਿਲਮ ਫੇਲ੍ਹ ਹੋ ਜਾਏਗੀ, ਤੇਰਾ ਨਾਸ ਹੋ ਜਾਏਗਾ। ਚਲ ਨਿਕਲ ਏਥੋਂ, ਲੈ ਜਾ ਆਪਣੇ ਨਾਲ ਆਪਣੇ ਚਮਚੇ, ਨਾਲੇ ਆਪਣੀ ਬੁਲਬੁਲ। ਇਹ ਮਹਾਸਤੀ ਪਿੰਗਲਾ ਏ ! ਦੋ ਪੈਸੈ ਦੀ ਕੁੜੀ ਪਿੰਗਲਾ ਬਣੇਗੀ !

ਭਗਵਾਨ : ਪੰਡਤ ਜੀ, ਏਨਾ ਗੁੱਸਾ ! ਮੇਰੀ ਸੇਵਾ ਵਿਚ ਰਹਿ ਕੇ ਵੀ ਤੁਸੀਂ ਇਹ ਨਹੀਂ ਸਿਖਿਆ ਕਿ ਗੁੱਸਾ ਬੁਰੀ ਚੀਜ਼ ਏ। ਸ਼ਾਂਤੀ ਕਰੋ।

ਪਜਾਰੀ : ਸ਼ਾਂਤੀ ਗਈ ਢੱਠੇ ਖੂਹ ਵਿਚ। ਮੁੱਕਾ ਕਢ ਮਾਰਿਆ ਸੂ। ਪੁਛੋ ਇਹਨੂੰ ਤੇਰੇ ਕੋਲੋਂ ਮੰਗਿਆ ਕੀ ਏ ? ਭਗਵਾਨ ਨੇ ਭਗਵਾਨ ਦਾ ਪਾਰਟ ਮੰਗਿਆ ਏ, ਕੋਈ ਪੰਡਤ ਦਾ ਤੇ ਮੰਗਿਆ ਨਹੀਂ। ਪੰਡਤ ਦਾ ਮੰਗਦੇ ਤਾਂ ਤੂੰ ਕਹਿ ਸਕਦਾ ਏਂ ਬਈ ਕੋਈ ਲਾਲਚ ਹੈ ਏਨ੍ਹਾਂ ਨੂੰ...ਮੈਂ ਤੇ ਜਾਣਦਾਂ, ਇਹ ਬੁਲਬੁਲ ਦੀ ਬੱਚੀ ਜਦੋਂ ਵੀ ਮੰਦਰ ਆਵੇ ਇਕ ਦੋ ਲਫੰਗੇ ਜ਼ਰੂਰ ਇਦ੍ਹੇ ਮਗਰ ਆਂਦੇ ਨੇ। ਕਿਉਂ ਸ਼ਾਹ ਜੀ ?

ਸ਼ਾਹ : ਮੈਂ ਤੇ ਉਹਦੇ ਨਾਲੋਂ ਪਹਿਲੇ ਆਇਆ ਸਾਂ।

ਪੁਜਾਰੀ : ਮੈਂ ਤੁਹਾਨੂੰ ਥੋੜਾ ਕਹਿਆ ਏ। ਭਗਵਾਨ ਤੁਸੀਂ ਫਿਕਰ ਨਾ ਕਰੋ। ਖਸਮਾਂ ਨੂੰ ਖਾਣ ਇਹ ਫਿਲਮ ਵਾਲੇ। ਮੈਂ ਤੁਹਾਨੂੰ ਦਿਆਂਗਾ ਕੰਮ ਲੈ ਕੇ।

ਭਗਵਾਨ : ਸੱਚ।

ਪੁਜਾਰੀ : ਕਮਾਲ ਏ ਮੈਂ ਤੁਹਾਡਾ ਸੱਚਾ ਸੇਵਾਦਾਰ ਆਂ। ਮੈਂ ਤੁਹਾਡਾ ਕੰਮ ਨਹੀਂ ਕਰਾਂਗਾ, ਤੇ ਹੋਰ ਕੌਣ ਕਰੇਗਾ ?

ਭਗਵਾਨ : ਫੇਰ ਇੰਝ ਕਰ ਕਿ ਤੂੰ ਮੈਨੂੰ ਆਪਣਾ ਕੰਮ ਦੇ ਦੇ।

ਪੁਜਾਰੀ : ਤੇ ਮੈਂ ਕਿਥੇ ਜਾਵਾਂ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਵਾਨ : ਤੂ ਮੇਰੀ ਥਾਂ ਭਗਵਾਨ ਬਣ ਜਾ ।

ਪੁਜਾਰੀ : ਮੇਰੇ ਕੋਲੋਂ ਤੁਹਾਡਾ ਕੰਮ ਕਿਥੇ ਹੋਣਾ ਏ ।

ਭਗਵਾਨ : ਤੂੰ ਕਰਨਾ ਕੀ ਏ, ਬਸ ਏਥੇ ਖਲੋ ਜਾ । ਮੈਂ ਤੈਨੂੰ ਰੋਜ਼ ਚਰਨਾਮਤ ਪਿਆ ਦਿਆ ਕਰਾਂਗਾ ।

ਪੁਜਾਰੀ : ਨਹੀਂ ਈਸ਼ਵਰ, ਮੇਰੇ ਕੋਲੋਂ ਨਹੀਂ ਜੇ ਹੋਣਾ ।

ਮਾਸਟਰ : ਆਹੋ, ਇਹਨੂੰ ਰੋਜ਼ ਤ੍ਰੈ ਚਾਰ ਸੇਰ ਰਾਸ਼ਨ ਨਾ ਮਿਲੇ, ਤਾਂ ਏਦ੍ਹਾ ਕੰਮ ਕਿਵੇਂ ਚਲੇ ।

ਭਗਵਾਨ : ਫੇਰ ਮੈਂ ਕੀ ਕਰਾਂ ?

ਸੂਰਦਾਸ : ਭਗਵਾਨ ਤੁਸੀਂ ਮੇਰੀ ਮੰਨੋ ।

ਭਗਵਾਨ : ਕੀ ?

ਸੂਰਦਾਸ : ਤੁਸੀਂ ਚੁਪਚਾਪ ਆਪਣੀ ਥਾਂ ਤੇ ਖੜੇ ਹੋ ਜਾਓ ।

ਭਗਵਾਨ : ਨਹੀਂ ਨਹੀਂ । ਓਥੇ ਖੜਾ ਹੋਣਾ ਮੇਰੇ ਲਈ ਇਕ ਕਿਸਮ ਦੀ ਕੈਦ ਏ ।

ਸੂਰਦਾਸ : ਭਗਵਾਨ ਇਹ ਸਭ ਕਿਸਮਤ ਦਾ ਖੇਲ ਏ । ਅਸੀਂ ਸਾਰੇ ਆਪਣੀ ਜਗ੍ਹਾ ਆਪਣੇ ਆਪਣੇ ਕੰਮਾਂ ਵਿਚ ਕੈਦ ਆਂ । ਏਸ ਪੰਡਤ ਨੂੰ ਭੋਜਨ ਦੇ ਲਾਲਚ ਨੇ ਕੈਦ ਕੀਤਾ ਹੋਇਆ ਏ । ਇਹ ਸਾਹ ਦੌਲਤ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਏ । ਓਹ ਫਿਲਮ ਵਾਲਾ ਸ਼ੋਹਰਤ ਦੀਆਂ ਰੱਸੀਆਂ ਵਿਚ ਬੱਝਾ ਹੋਇਆ ਏ । ਮੈਂ ਰੋਟੀ ਦੇ ਲੋਭ ਵਿਚ ਫਸਿਆ ਹੋਇਆ ਆਂ । ਅਸੀਂ ਸਾਰੇ ਕੈਦ ਆਂ ਭਗਵਾਨ । ਤੁਹਾਡੀਆਂ ਦਿਤੀਆਂ ਹੋਈਆਂ ਅੱਖਾਂ ਨਾਲ ਮੈਂ ਸਭ ਕੁਝ ਵੇਖ ਲਿਆ ਏ । ਬੜਾ ਸ਼ੌਕ ਸੀ ਕਿ ਮੇਰੀਆਂ ਅੱਖਾਂ ਨੂੰ ਰੌਸ਼ਨੀ ਮਿਲੇ । ਰੋਸ਼ਨੀ ਮਿਲੀ ਏ ਤਾਂ ਹੁਣ ਲਗਦਾ ਏ ਕਿ ਮੈਂ ਅੱਖਾਂ ਵਾਲਿਆਂ ਤੋਂ ਕਿੰਨਾ ਚੰਗਾ ਸਾਂ । ਇਨਸਾਨ ਦਾ ਕ੍ਰੋਧ, ਲੋਭ, ਹੰਕਾਰ ਵੇਖਦਾ ਤਾਂ ਨਹੀਂ ਸਾਂ । ਮੈਂ ਤੇ ਦੋ ਈ ਅੱਖਾਂ ਲੈ ਕੇ ਹਾਰ ਗਿਆ ਆਂ । ਤੁਹਾ-ਡੀਆਂ ਤੇ ਹਜ਼ਾਰਾਂ ਅੱਖਾਂ ਨੇ, ਕਿਵੇਂ ਤੁਸੀਂ ਏਸ ਦੁਨੀਆਂ ਦੇ ਪਾਪ ਵੇਖਦੇ ਓ ? ਮੰਦਰ ਦੇ ਹਨੇਰੇ ਵਿਚ ਖੜੇ ਹੋ ਜਾਓ ਭਗਵਾਨ, ਤੁਹਾਡੇ ਵਾਸਤੇ ਓਹੀ ਠੀਕ ਏ । ਇਹ ਦੁਨੀਆਂ ਤੁਹਾਡੇ ਰਹਿਣ ਦੀ ਥਾਂ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਕੀਲ : ਮੁਕਦਮਾ ਠੀਕ ਕਰਿ ਲਿਆ ਏ। ਕਦੇ ਵਕੀਲ ਦਾ ਕੋਈ ਚਾਂਸ ਨਹੀਂ ਜੇ ਅਜ ਕਲ।

ਸ਼ਾਹ : ਬਿਜ਼ਨੈਸ ਬੜਾ ਮੰਦਾ ਜੇ ਭਗਵਾਨ।

ਦਰਜੀ : ਦਰਜੀ ਦਾ ਤੇ ਖੈਰ ਬਿਲਕੁਲ ਈ ਬੇੜਾ ਗਰਕ ਏ। ਰੈਡੀਮੇਡ ਨੇ ਮਾਰਕੀਟ ਖਤਮ ਕਰ ਦਿਤੀ ਏ।

ਭਗਵਾਨ : ਮਤਲਬ ਇਹ ਕਿ ਏਸ ਵਿਸ਼ਾਲ ਦੁਨੀਆ ਵਿਚ ਮੇਰੇ ਆਪਣੇ ਵਾਸਤੇ ਕੋਈ ਕੰਮ ਨਹੀਂ। ਮੈਂ ਅਗੇ ਵਾਕਣ ਤੁਹਾਡੀਆਂ ਚਿੰਤਾਵਾਂ ਦੂਰ ਕਰਨ ਵਿਚ ਲਗਾ ਰਹਾਂ ?

ਮਾਸਟਰ : ਆਹੋ !

ਭਗਵਾਨ : ਕਿਉਂ ਪੰਡਤ ਜੀ, ਤੁਹਾਡੀ ਕੀ ਰਾਏ ਹੈ ? ਮੇਰੇ ਸੁਖ ਦੁਖ ਦੀ ਚਿੰਤਾ ਅਗਰ ਕਿਸੇ ਨੂੰ ਹੈ ਤੇ ਓਹ ਤੁਹਾਨੂੰ ਹੈ।

ਪੁਜਾਰੀ : ਪਰ ਮਹਾਰਾਜ ਮੇਰੇ ਸੁਖ ਦੁਖ ਦੀ ਚਿੰਤਾ ਵੀ ਤੇ ਬਸ ਤੁਹਾਨੂੰ ਈਂ ਏਂ। ਜੇ ਤੁਸੀਂ ਏਥੋਂ ਚਲੇ ਗਏ ਤਾਂ ਮੈਂ ਤੇ ਭੁਖਾ ਮਰ ਜਾਵਾਂਗਾ। ਇਹ ਲੋਕ ਮੈਨੂੰ ਰੋਟੀ ਦੇ ਰਹੇ ਨੇ ਸਿਰਫ ਤੁਹਾਡੇ ਕਰਕੇ। ਮੈਨੂੰ ਮੌਏ ਪੁਛਦੇ ਨੇ ! ਛੋਟੀਆਂ ਛੋਟੀਆਂ ਚੀਜ਼ਾਂ ਕਰਕੇ ਹੜਤਾਲ ਨਹੀਂ ਕਰੀਦੀ ਹੁੰਦੀ। ਮੈਂ ਤੁਹਾਨੂੰ ਨਵਾਂ ਪਿਤਾਂਬਰ ਸਿਵਾ ਦੇਵਾਂਗਾ, ਕਿਸੇ ਚੰਗੇ ਦਰਜੀ ਕੋਲੋਂ। ਮੈਂ ਤੁਹਾਡੀ ਪਰਕਰਮਾ ਵਿਚ ਸਫਾਈ ਕਰਾ ਦਿਆਂਗਾ। ਡੀ. ਡੀ. ਟੀ. ਦਾ ਤਰੋਂਕਾ ਕਰਵਾ ਦਿਆਂਗਾ। ਆਰਤੀ ਦੀ ਟਿਊਨ ਨਵੀਂ ਬਣਵਾ ਦਿਆਂਗਾ, ਕਿਸੇ ਫਿਲਮੀ ਮੀਊਜ਼ਿਕ ਡਾਇਰੈਕਟਰ ਕੋਲੋਂ। ਹੋਰ ਭੋਗ ਵਿਚ ਵਰਾਇਟੀ ਕਰਵਾ ਦਿਆਂਗਾ। ਰੋਜ਼ ਤੇ ਮੁਸ਼ਕਲ ਏ, ਪਰ ਬੁਧਵਾਰ ਤੇ ਸ਼ਨੀਵਾਰ ਕੋਈ ਨਮਕੀਨ ਚੀਜ਼ ਪੇਸ਼ ਕਰ ਦਿਆ ਕਰਾਂਗਾ। ਹੋਰ ਦਸੋ, ਮੇਰੇ ਜਿਹਾ ਨਿਰਧਨ ਆਦਮੀ ਹੋਰ ਤੁਹਾਨੂੰ ਕੀ ਦੇ ਸਕਦਾ ਏ ? ਪਰ ਫੇਰ ਵੀ ਜੋ ਕੁਝ ਹੋ ਸਕਦਾ ਏ ਕਰਾਂਗਾ। ਬਸ ਤੁਸੀਂ ਸਾਡੇ ਤੇ ਇਕੋ ਈ ਕਿਰਪਾ ਕਰੋ, ਆਪਣੀ ਥਾਂ ਤੇ ਖੜੇ ਹੋ ਜਾਓ। ਓਥੇ ਕਰਨਾ ਤੇ ਕੁਝ ਹੈ ਈ ਨਹੀਂ, ਖਲੋਤੇ ਈ ਰਹਿਣਾ ਏਂ। ਖਲੋਤੇ ਰਹੋ।

ਭਗਵਾਨ : ਤੁਹਾਡੀ ਇਹ ਈ ਮਰਜ਼ੀ ਏ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਜਾਰੀ : ਅੱਛਾ ਜੀ ।

ਭਗਵਾਨ : ਠੀਕ ਏ ਬਈ । ਭਗਤਾਂ ਦੀ ਮਰਜ਼ੀ ਦੇ ਸਾਹਮਣੇ ਮੈਂ ਕੀ ਕਰ ਸਕਨਾਂ । ਜੇ ਤੁਸੀਂ ਕਹਿੰਦੇ ਓ ਕਿ ਮੇਰੇ ਵਾਸਤੇ ਏਹੀ ਠੀਕ ਹੈ, ਤਾਂ ਫੇਰ ਠੀਕ ਏ—(ਸਿਰ ਝੁਕਾ ਕੇ ਜਾਣ ਲਗਦੇ ਨੇ)

ਸੂਰਦਾਸ : ਭਗਵਾਨ ਜ਼ਰਾ ਰੁਕਣਾ ।

ਭਗਵਾਨ : (ਮੁੜ ਕੇ) ਹੁਣ ਕੀ ਹੋਇਆ ਏ ?

ਸੂਰਦਾਸ : ਮੇਰਾ ਇਕ ਕਲਿਆਣ ਕਰ ਜਾਓ, ਮੈਨੂੰ ਫੇਰ ਅੰਨ੍ਹਾ ਬਣਾ ਦਿਓ ।

ਭਗਵਾਨ : ਕਿਉਂ ਬਈ ?

ਸੂਰਦਾਸ : ਗਲ ਇਹ ਹੈ ਮਹਾਰਾਜ ਕਿ ਜੇ ਸ਼ਹਿਰ ਵਿਚ ਲੋਕਾਂ ਨੂੰ ਪਤਾ ਲਗ ਗਿਆ, ਕਿ ਮੈਨੂੰ ਦਿਸਦਾ ਏ, ਤਾਂ ਫੇਰ ਮੈਨੂੰ ਕਿਸੇ ਭੀਖ ਨਹੀਂ ਜੇ ਦੇਣੀ ।

ਭਗਵਾਨ : ਹਾਂ, ਇਹ ਤੇ ਹੈ । ਪਰ ਤੂੰ ਕੋਈ ਕੰਮ ਲਭ ਲਈਂ ।

ਸੂਰਦਾਸ : ਕੰਮ ਤੁਹਾਨੂੰ ਨਹੀਂ ਲਭਦਾ ਮਹਾਰਾਜ, ਤੇਂ ਮੈਨੂੰ ਕਿਥੋਂ ਲਭਣਾ ਏਂ । ਮੈਨੂੰ ਤੁਸੀਂ ਅੰਨ੍ਹਾ ਬਣਾ ਦਿਓ ।

ਭਗਵਾਨ : ਸੋਚਿਆ ਜਾਏ ਤੇ ਮੇਰੀ ਵੀ ਹਾਲਤ ਤੇਰੇ ਵਰਗੀ ਏ । ਬੜੀਆਂ ਉਮੀਦਾਂ ਲੈ ਕੇ ਆਇਆ ਸਾਂ, ਕਿ ਕੁਝ ਦੇਰ ਇਨਸਾਨ ਬਣ ਕੇ ਜੀਵਨ ਬਤੀਤ ਕਰਾਂ, ਲੇਕਿਨ ਨਹੀਂ, ਤੁਸੀਂ ਲੋਕ ਮੈਨੂੰ ਏਥੋਂ ਨਿਕਲਣ ਨਹੀਂ ਦਿਓਗੇ । ਠੀਕ ਏ, ਮੈਂ ਆਪਣੇ ਭਗਤਾਂ ਨੂੰ ਨਿਰਾਸ਼ ਨਹੀਂ ਕਰ ਸਕਦਾ ।

(ਭਗਵਾਨ ਆਪਣੀ ਜਗ੍ਹਾ ਤੇ ਜਾ ਕੇ ਖੜੇ ਹੋ ਜਾਂਦੇ ਨੇ)

ਸਭ : ਭਗਵਾਨ ਆਪਣੀ ਜਗ੍ਹਾ ਤੇ ਚਲੇ ਗਏ । ਵੇਖ ਲਓ, ਹੁਣ ਹਿਲ ਜੁਲ ਨਹੀਂ ਰਹੇ ।

ਵਕੀਲ : ਮੈਂ ਕਿਹਾ, ਪੰਡਿਤਾ ਜਾਈਂ ਜ਼ਰਾ ਉਥੇ, ਤੇ ਹਿਲਾ ਜੁਲਾ ਕੇ ਵੇਖ । ਹੋ ਗਏ ਪੱਕੇ ਕਿ ਨਹੀਂ ।

(ਪੁਜਾਰੀ ਹਿਲਾ ਜੁਲਾ ਕੇ ਵੇਖਦਾ ਏ । ਭਗਵਾਨ ਬਿਲਕੁਲ ਪੱਥਰ ਬਣ ਗਏ ਨੇ)

ਪੁਜਾਰੀ : (ਖੁਸ਼ ਹੋ ਕੇ) ਬਿਲਕੁਲ ਪੱਥਰ ਬਣ ਗਏ ਨੇ । ਹਾਂ ਭਈ ਭਗਤੋ, ਸ਼ੁਰੂ ਹੋ ਜਾਓ, "ਤੁਮਹੀਂ ਹੋ ਮਾਤਾ—ਪਿਤਾ ਤੁਮਹੀਂ ਹੋ, ਤੁਮਹੀਂ ਹੋ ਬੰਧੂ, ਸਖਾ ਤੁਮਹੀਂ ਹੋ ।"

(ਪਰਦਾ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨ੍ਹਾਤੀ ਧੋਤੀ ਰਹਿ ਗਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਟਕ 'ਨ੍ਹਾਤੀ ਧੋਤੀ ਰਹਿ ਗਈ' ਪਹਿਲੀ ਵਾਰੀ ਆਯਾਮ ਥਿਏਟਰ ਗਰੁੱਪ ਵਲੋਂ ਸਪਰੂ ਹਾਊਸ ਦੀ ਸਟੇਜ ਉਤੇ 12 ਨਵੰਬਰ, 1975 ਨੂੰ ਖੇਡਿਆ ਗਿਆ । ਇਸ ਦੇ ਵਿਚ ਭਾਗ ਲੈਣ ਵਾਲੇ ਕਲਾਕਾਰ ਸਨ :—

ਬਨਵਾਰੀ	—	ਕੇਵਲ ਕਪੂਰ
ਰਾਮ ਪਿਆਰੀ	—	ਮੋਹਿਨੀ ਮਾਥੁਰ
ਰਾਣੀ	—	ਕੁਮੁਦ ਮਦਾਨ
ਗਿਰਧਾਰੀ ਲਾਲ	—	ਨੰਦੀ ਸਿੰਘ
ਸੁਨੀਲ	—	ਪਵਨ ਟੰਡਨ
ਫੂਲਾਂ	—	ਪਵਨ ਸਿੱਕਾ
ਬਿਹਾਰੀ ਲਾਲ	—	ਸੁਦੇਸ਼ ਮਹਾਨ
ਮੈਨੇਜਰ	—	ਰਮੇਸ਼ ਚੋਪੜਾ
ਬੈਰਾ	—	ਸ਼ੈਲੇਂਦਰ
ਥਾਨੇਦਾਰ	—	ਸੁਦਰਸ਼ਨ
ਰਾਮ ਸਿੰਘ	—	ਜਿੰਦਰ ਵਾਲੀਆ

ਨਿਰਦੇਸ਼ਕ :

ਸ਼ਾਮ ਅਰੋੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾ ਐਕਟ

ਸਥਾਨ—ਬਨਵਾਰੀ ਦੇ ਘਰ ਦਾ ਡਰਾਇੰਗ ਤੇ ਸਟੱਡੀ ਰੂਮ

(ਜਦ ਪਰਦਾ ਉਠਦਾ ਏ ਤਾਂ ਸਟੇਜ ਤੇ ਕੋਈ ਨਹੀਂ । ਬਨਵਾਰੀ ਆਪਣੇ ਬੈੱਡ ਰੂਮ ਵਲੋਂ ਆਉਂਦਾ ਏ । ਮੇਜ਼ ਤੋਂ ਪੈਨਸਿਲ ਤੇ ਚਾਕੂ ਚੁਕਦਾ ਏ ਤੇ ਪੈਨਸਿਲ ਘੜਦਾ ਹੋਇਆ ਫੁਟ ਲਾਈਟਸ ਵਲ ਗਾਉਂਦਾ ਹੋਇਆ ਆਉਂਦਾ ਏ)

ਬਨਵਾਰੀ : ਕਿਥੇ ਚੱਲੀ ਏਂ ਸਰ੍ਹੋਂ ਦਾ ਫੁਲ ਬਣ ਕੇ ਨੀ ਗੰਗੀਏ ਬਦਾਮੀ ਰੰਗੀਏ । ਕਿਥੇ ਚਲੀ ਏਂ, ਮੈਂ ਕਿਹਾ ਨੀ ਕਿਥੇ ਚੱਲੀ ਏਂ ਸਰ੍ਹੋਂ ਦਾ ਫੁਲ ਬਣ ਕੇ ।
(ਅਚਾਨਕ ਉਹਦਾ ਧਿਆਨ ਦਰਸ਼ਕਾਂ ਵਲ ਚਲਾ ਜਾਂਦਾ ਏ, ਤੇ ਉਹ ਕਹਿੰਦਾ ਏ) ਹੈਲੋ, ਆ ਗਏ ਜੀ ?

ਰਾਮ ਪਿਆਰੀ : (ਆਫ਼ ਸਟੇਜ) ਮੈਂ ਕਿਹਾ ਜੀ ।
(ਲੋਕਾਂ ਵਲ ਵੇਖਦਾ ਹੋਇਆ) ਅੱਛਾ ਜੀ ਫੇਰ ਸਹੀ...... ਮੈਨੂੰ ਤੇ ਆ ਗਿਆ ਜੇ ਬੁਲਾਵਾ......ਬੇਬੇ ਦਾ......ਮੇਰੀ ਬੇਬੇ ਨਹੀਂ, ਤੁਹਾਡੀ ਵੀ ਨਹੀਂ, ਪਰ ਲਗਦੀ ਸਾਡੇ ਸਾਰਿਆਂ ਦੀ ਏ ।
(ਜਾ ਕੇ ਕੁਰਸੀ ਤੇ ਬੈਠ ਜਾਂਦਾ ਏ ਲੋਕਾਂ ਵਲ ਕੰਡ ਕਰਕੇ ਤੇ ਫਿਰ ਗੌਣ ਲਗ ਪੈਂਦਾ ਏ)
ਕਿਥੇ ਚੱਲੀ ਏਂ ਸਰ੍ਹੋਂ ਦਾ ਫੁਲ ਬਣ ਕੇ ਨੀ ਗੰਗੀਏ......
(ਰਾਮ ਪਿਆਰੀ ਸਟੇਜ ਤੇ ਆਉਂਦੀ ਏ । ਰਾਮ ਪਿਆਰੀ

CC-0. In Public Domain. Gurukul Kangri Collection, Haridwar

ਮੋਟੀ ਭੁੱਦੀ ਤੇ ਲੜਾਕਾ ਜਹੀ ਔਰਤ ਏ । ਉਹਦੇ ਮਗਰ ਕਪੜੇ ਦੇ ਦ ਥਾਨ ਰਿੜ੍ਹਦੇ ਆਉਂਦੇ ਨੇ)

Digitized by Arya Samaj Foundation Chennai and eGangotri

ਰਾਮ ਪਿਆਰੀ : ਮੈਂ ਕਿਹਾ ਜੀ ।

ਬਨਵਾਰੀ : ਮੈਂ ਕਿਹਾ, ਹਾਂ ਜੀ ।

ਰਾਮ ਪਿਆਰੀ : ਅੰਦਰ ਦਰਜ਼ੀ ਆਇਆ......

ਬਨਵਾਰੀ : (ਕੰਮ ਕਰਦਾ ਹੋਇਆ) ਵਾਹ ਵਾਹ, ਕੀ ਲਾਈਨ ਬੋਲੀ ਜੇ......ਅੰਦਰ ਦਰਜੀ ਆਇਆ......ਇਹ ਤੇ ਬੜਾ ਸੋਹਣਾ ਗੌਣ ਬਣ ਸਕਦਾ ਏ । ਲਓ ਹੁਣ ਮੇਰੇ ਪਿਛੇ ਸ਼ਾਵਾ ਬੋਲਦੇ ਜਾਓ । ਅੰਦਰ ਦਰਜੀ ਆਇਆ......

ਰਾਮ ਪਿਆਰੀ : ਸ਼ਾਵਾ......

ਬਨਵਾਰੀ : ਦਰਜੀ ਕੀ ਲਿਆਇਆ ।

ਰਾਮ ਪਿਆਰੀ : ਸ਼ਾਵਾ......

ਬਨਵਾਰੀ : ਦਰਜੀ ਕੀ ਸੀਂਉਂਦਾ......

(ਰਾਮ ਪਿਆਰੀ ਕੁਝ ਨਹੀਂ ਬੋਲਦੀ)

ਮੈਂ ਕਿਹਾ ਸ਼ਾਵਾ ਬੋਲੋ । ਚੁਪ ਈ ਹੋ ਗਏ ਓ । ਲਓ ਮੈਂ ਫਿਰ ਤੋਂ ਸ਼ੁਰੂ ਕਰਨਾਂ ।

ਦਰਜੀ ਕੀ ਲਿਆਇਆ......ਸ਼ਾਵਾ

ਦਰਜੀ ਕੀ ਸੀਉਂਦਾ......

ਰਾਮ ਪਿਆਰੀ : ਦਰਜੀ ਸੀਉਂਦਾ ਏ ਮੇਰਾ ਖੱਪਣ ।

ਬਨਵਾਰੀ : ਫੇਰ ਤੇ ਸ਼ਾਵਾ ਮੈਨੂੰ ਬੋਲਨੀ ਚਾਹੀਦੀ ਏ ।

ਬਨਵਾਰੀ : ਮੈਂ ਕਿਹਾ ਏ ਤੁਸੀਂ ਕੀ ਕਰ ਰਹੇ ਹੋ ? ਮਕਾਨਾਂ ਦੇ ਨਕਸ਼ੇ ਬਣਾ ਰਹੇ ਓ ਕਿ ਗਾਣੇ ਤਿਆਰ ਕਰ ਰਹੇ ਓ...ਪਿਓ ਦੇ ਵਿਆਹ ਵਾਸਤੇ ।

ਬਨਵਾਰੀ : ਬਣਾ ਤੇ ਨਕਸ਼ੇ ਹੀ ਰਿਹਾ ਆਂ, ਪਰ ਜਦ ਕਦੀ ਕੋਈ ਮੁਸ਼ਕਲ ਪੈ ਜਾਂਦੀ ਏ ਤਾਂ ਗਾਣੇ ਗੌਣ ਲਗ ਪੈਨਾਂ । ਬੋਲੋ ਕੋਈ ਕੰਮ ਏਂ ਮੇਰੇ ਗੋਚਰਾ ?

ਰਾਮ ਪਿਆਰੀ : ਆਹੋ । ਦੱਸੋ ਇਨ੍ਹਾਂ ਦੋ ਕਪੜਿਆਂ ਵਿਚੋਂ ਕਿਹੜਾ ਚੰਗਾ ਏ ? ਮੈਨੂੰ ਤੇ ਕੁਝ ਸਮਝ ਨਹੀਂ ਆ ਰਹੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਵਾਰੀ : [illegible] ?
ਵਾਸਤੇ ?

ਰਾਮ ਪਿਆਰੀ : ਨਹੀਂ ਜੀ ਮੇਰੇ ਵਾਸਤੇ ।

ਬਨਵਾਰੀ : (ਮੂੰਹ ਪਰ੍ਹਾਂ ਕਰ ਕੇ) ਇਕੋ ਈ ਗੱਲ ਏ ।
(ਕਪੜੇ ਨੂੰ ਪਰਖ ਕੇ) ਮੇਰੇ ਖਿਆਲ ਵਿਚ ਆਹ ਚੰਗਾ ਏ ।

ਰਾਮ ਪਿਆਰੀ : ਸ਼ੁਕਰੀਆ ।

ਬਨਵਾਰੀ : ਇਹਦਾ ਸੂਟ ਸਿਵਾਉਗੇ ?

ਰਾਮ ਪਿਆਰੀ : (ਦੂਜੇ ਥਾਨ ਵਲ ਇਸ਼ਾਰਾ ਕਰਕੇ) ਨਹੀਂ ਔਹਦਾ !

ਬਨਵਾਰੀ : ਤੇ ਫਿਰ ਮੇਰੀ ਸਲਾਹ ਕਾਹਦੇ ਵਾਸਤੇ ਲਈ ਸਾਜੇ ?

ਰਾਮ ਪਿਆਰੀ : ਕਿਉਂਕਿ ਤੁਹਾਨੂੰ ਕੌਡੀ ਦੀ ਅਕਲ ਨਹੀਂ । ਤੁਸੀਂ ਜਦ ਇਸ ਥਾਨ ਨੂੰ ਉਂਗਲੀ ਲਾਈ ਤਾਂ ਮੈਂ ਸਮਝ ਗਈ ਕਿ ਇਹ ਕਿਸੇ ਕੰਮ ਦਾ ਕਪੜਾ ਨਹੀਂ ।

ਬਨਵਾਰੀ : ਤੁਹਾਡੀ ਅਕਲ ਦਾ ਲੋਹਾ ਮੰਨਣਾ ਪਏਗਾ ।

ਰਾਮ ਪਿਆਰੀ : ਮੱਖਣ ਲਾਣ ਦੀ ਕੋਈ ਲੋੜ ਨਹੀਂ । ਜਾਓ ਆਪਣਾ ਕੰਮ ਕਰੋ ।

(ਰਾਮ ਪਿਆਰੀ ਚਲੀ ਜਾਂਦੀ ਏ)

ਬਨਵਾਰੀ : (ਦਰਸ਼ਕਾਂ ਨੂੰ) ਵੇਖਿਆ ਜੇ । ਕੀ ਕੀਤਾ ਏ ਇਸ ਮੇਰੇ ਨਾਲ, ਔਰ ਮੈਂ ਇਹਦੇ ਨਾਲ ਲਵ-ਮੈਰਿਜ ਕੀਤੀ ਸੀ । ਧਰਮ ਨਾਲ ਲਵ-ਮੈਰਿਜ ਕੀਤੀ ਸੀ, ਔਰ ਮੇਰਾ ਸਾਰਾ ਟੱਬਰ ਇਸ ਵਿਆਹ ਦੇ ਖਿਲਾਫ਼ ਸੀ । (ਅਪਣੇ ਆਪ ਨਾਲ) ਜਵਾਨੀ ਵਿਚ ਕੁਝ ਪਤਾ ਨਹੀਂ ਲਗਦਾ ਕਿ ਇਹ ਕੁੜੀ ਵੀਹਾਂ ਸਾਲਾਂ ਬਾਦ ਕਿਸ ਤਰ੍ਹਾਂ ਦੀ ਜਨਾਨੀ ਨਿਕਲੇਗੀ । ਜੇ ਪਤਾ ਲਗ ਜਾਂਦਾ ਤਾਂ ਉਦੋਂ ਸੰਭਲ ਨਾ ਜਾਂਦਾ ।
(ਖਿੜਕੀ ਵਿਚੋਂ ਵੇਖ ਕੇ) ਵੇਖੋ ਬੱਦਲ ਆਇਆ......ਵੇਖੋ ਬੱਦਲ ਆਇਆ......ਸ਼ਾਵਾ, ਬੱਦਲ ਮੀਂਹ ਲਿਆਇਆ... ਸ਼ਾਵਾ, (ਰੁਕ ਕੇ) ਮੇਰਾ ਪੁੱਤਰ ਮੇਰੀ ਮਰਜ਼ੀ ਬਗੈਰ ਵਿਆਹ ਨਹੀਂ ਕਰੇਗਾ । (ਰੁਕ ਕੇ) ਪਰ ਭਈ ਮੇਰਾ ਤੇ ਪੁੱਤਰ ਹੀ ਕੋਈ ਨਹੀਂ......ਔਰ ਮੈਂ ਜੰਮਣਾ ਵੀ ਕੋਈ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
(ਗਾਉਂਦਾ ਹੋਇਆ) ਨਹੀਂ ਜੰਮਣਾ......ਨਹੀਂ ਜੰਮਣਾ......
ਅਸਾਂ ਆਪਣਾ ਪੁੱਤਰ ਨਹੀਂ ਜੰਮਣਾ......
(ਦਰਵਾਜ਼ਾ ਖੜਕਦਾ ਏ)

ਬਨਵਾਰੀ : ਆ ਜਾਓ ।
(ਰਾਣੀ......ਇਕ ਸੋਹਣੀ ਜਿਹੀ 35-36 ਸਾਲਾਂ ਦੀ ਔਰਤ ਜਿਹੜੀ ਘਬਰਾਈ ਹੋਈ ਏ, ਡਰੈਸਿੰਗ ਗਾਊਨ ਵਿਚ ਅੰਦਰ ਆਉਂਦੀ ਏ)

ਬਨਵਾਰੀ : (ਅਗ੍ਹਾਂ ਵਧ ਕੇ) ਆਓ ਰਾਣੀ ਜੀ ਆਓ ।

ਰਾਣੀ : ਨਮਸਤੇ ਭਰਾ ਜੀ, ਮਾਫ਼ ਕਰਨਾ, ਮੈਂ ਗਾਊਨ ਵਿਚ ਹੀ ਤੁਹਾਡੇ ਘਰ ਆ ਗਈ ਆਂ ।

ਬਨਵਾਰੀ : ਕੀ ਗਲਾਂ ਕਰਦੇ ਹੋ, ਇਹ ਕਿਹੜਾ ਕੋਈ ਓਪਰਾ ਘਰ ਏ । ਇਹ ਵੀ ਤੁਹਾਡਾ ਘਰ ਏ । ਗਾਊਨ ਪਾ ਕੇ ਆਓ, ਭਾਵੇਂ ਨਾ ਪਾ ਕੇ ਆਓ ।

ਰਾਣੀ : ਇਹ ਹੀ ਤੇ ਮੈਂ ਕਹਿਨੀ ਆਂ......ਗਵਾਂਢੀਆਂ ਵਿਚ ਕਾਹਦੀ ਫਾਰਮੈਲਿਟੀ । ਰਾਮ ਪਿਆਰੀ ਘਰ ਏ ?

ਬਨਵਾਰੀ : ਆਹੋ, ਅੰਦਰ ਦਰਜੀ ਨਾਲ ਮੀਟਿੰਗ ਕਰ ਰਹੀ ਏ । ਕੀ ਹਾਲ ਚਾਲ ਏ ਤੁਹਾਡੇ ਓਹਨਾਂ ਦਾ ?

ਰਾਣੀ : ਮੈਨੂੰ ਕੀ ਪਤਾ ? (ਮੂੰਹ ਮੋੜ ਲੈਂਦੀ ਏ)

ਬਨਵਾਰੀ : (ਅਗ੍ਹਾਂ ਵਧ ਕੇ ਰਾਣੀ ਦੇ ਹੱਥ ਫੜ ਲੈਂਦਾ ਏ, ਤੇ ਅੱਖਾਂ ਵਿਚ ਅੱਖਾਂ ਪਾ ਕੇ ਕਹਿੰਦਾ ਏ) ਕੋਈ ਗਲ ਏ ਜਿਹੜੀ ਮੇਰੇ ਕੋਲੋਂ ਲੁਕਾ ਰਹੇ ਹੋ ?

ਰਾਣੀ : ਨਹੀਂ ਕੁਝ ਨਹੀਂ ।

ਬਨਵਾਰੀ : ਹੈ ਕਿਸ ਤਰ੍ਹਾਂ ਨਹੀਂ । ਤੁਹਾਡੀਆਂ ਅੱਖਾਂ ਲਾਲ ਹੋ ਰਹੀਆਂ ਨੇ ।

ਰਾਣੀ : ਨਹੀਂ ਕੁਝ ਵੀ ਤੇ ਨਹੀਂ, ਤੁਸੀਂ ਤੇ ਐਵੇਂ ਈਂ......

ਬਨਵਾਰੀ : ਵੇਖੋ ਰਾਣੀ ਜੀ......ਦਾਈ ਕੋਲੋਂ ਢਿੱਡ ਛੁਪਾਣ ਦਾ ਕੋਈ ਫ਼ਾਇਦਾ ਨਹੀਂ । ਅੱਖਾਂ ਲਾਲ ਐਵੇਂ ਨਹੀਂ ਹੁੰਦੀਆਂ ।

ਰਾਣੀ : ਕੀ ਦੱਸਾਂ, ਇਹ ਰੋਜ਼ ਦਾ ਬਖੇੜਾ ਏ । ਅਜ ਫਿਰ ਝਗੜਾ ਹੋ ਗਿਆ ਏ ਓਹਨਾਂ ਨਾਲ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਵਾਰੀ : (ਹੱਥਾਂ ਤੇ ਪਿਆਰ ਕਰਦਾ ਹੋਇਆ) ਹਾਏ ਮੈਂ ਮਰ ਜਾਂ, ਤੁਹਾਡੇ ਜੇਹੀ ਕੁੜੀ ਨਾਲ ਝਗੜਦਾ ਏ ? ਬਣ ਗਿਆ ਹੋਣਾ ਏਂ ਸ਼ੇਰ ਤੁਹਾਡੇ ਸਾਮ੍ਹਣੇ !

ਰਾਣੀ : ਸਿਆਪਾ ਤੇ ਇਸ ਗਲ ਦਾ ਏ ਕਿ ਉਹਨੂੰ ਮੇਰੇ ਸਾਮ੍ਹਣੇ ਸ਼ੇਰ ਬਣਿਆਂ ਕਈ ਵਰ੍ਹੇ ਹੋ ਗਏ ਨੇ। ਉਹ ਤੇ ਮੈਨੂੰ ਪੈਰ ਦੀ ਜੁੱਤੀ ਸਮਝਦਾ ਏ। ਕਦੀ ਹੱਥ ਲਾ ਕੇ ਵੀ ਨਹੀਂ ਵੇਖਦਾ। (ਨਕ ਸੁਣਕ ਕੇ) ਚਲੋ ਸਵਾਹ ਪਾਓ......ਮੈਂ ਵੀ ਕਿਹੜੇ ਬਖੇੜੇ ਲੈ ਕੇ ਬਹਿ ਗਈ ਆਂ। ਮੈਂ ਚੱਲੀ ਜੇ ਅੰਦਰ ਰਾਮ ਪਿਆਰੀ ਨੂੰ ਮਿਲਣ।

ਬਨਵਾਰੀ : (ਉਂਗਲੀ ਨਾਲ ਇਸ਼ਾਰਾ ਕਰਕੇ) ਇਧਰ ਜੇ।
(ਪਿਛੋਂ ਵਾਜ ਮਾਰ ਕੇ) ਮੈਂ ਲੈਨਾਂ ਤੁਹਾਡੇ ਘਰ ਵਾਲੇ ਦੀ ਖਬਰ।

ਰਾਣੀ : (ਬੜੀ ਦੁਖ ਭਰੀ ਨਜ਼ਰ ਨਾਲ ਬਨਵਾਰੀ ਵਲ ਵੇਖਦੀ ਏ) ਐਵੇਂ ਕਾਹਨੂੰ ਆਪਣੇ ਆਪ ਨੂੰ ਕਲੇਸ਼ ਵਿਚ ਪਾਉਂਦੇ ਓ। ਸੁੱਕੇ ਕਿੱਕਰ ਵੀ ਕਦੀ ਹਰੇ ਹੋਏ ਨੇ।

ਬਨਵਾਰੀ : ਹਾਏ, ਹਾਏ ! ਕੀ ਔਰਤ ਏ ! ਔਰਤ
ਵੇਖ ਕੇ ਭੁਖ ਲਹਿ ਜਾਂਦੀ ਏ (ਫਿਰ ਸੋਚ ਕੇ) ਲਹਿ ਜਾਂਦੀ ਏ ਕਿ ਸਗੋਂ ਲਗ ਪੈਂਦੀ ਏ। ਕਿਸ ਉੱਲੂ ਦੇ ਪੱਠੇ ਨਾਲ ਵਿਆਹੀ ਹੋਈ ਏ। ਮੈਨੂੰ ਪਤਾ ਏ ਉਹ ਉੱਲੂ ਦਾ ਪੱਠਾ ਏ, ਮੈਨੂੰ ਨਹੀਂ ਪਤਾ ਤੇ ਫੇਰ ਹੋਰ ਕਿਹਨੂੰ ਪਤਾ ਏ। ਮੇਰਾ ਸਾਥੀ ਏ, ਨਾਲੇ ਮੇਰਾ ਯਾਰ ਏ। ਹਾਏ ਹਾਏ ! ਜੇ ਕਦੀ ਉਹ ਮੇਰਾ ਯਾਰ ਨਾ ਹੁੰਦਾ ਤਾਂ ਧਰਮ ਨਾਲ ...(ਲਹਿਜਾ ਬਦਲ ਕੇ) ਪਰ ਇਹ ਵੀ ਤੇ ਪਤਾ ਨਹੀਂ ਕਿ ਇਹ ਸੌਗ਼ੀ ਰਾਣੀ ਮੇਰੇ ਬਾਰੇ ਕੀ ਸੋਚਦੀ ਏ। ਹੋ ਸਕਦਾ ਏ ਕਿ ਅਸੀਂ ਹੱਥ ਵਧਾਈਏ ਤੇ ਉਹ ਅਗੋਂ ਫੜੇ ਹੀ ਨਾਂ......ਔਰ ਫਿਰ ਮੈਂ ਤੇ ਜਨਾਬ ਯਾਰ ਦੀ ਜਨਾਨੀ ਨੂੰ ਹੱਥ ਪਾਣਾ ਕਮੀਨਾ ਕੰਮ ਸਮਝਦਾ ਆਂ......ਖਾਸ ਤੌਰ ਤੇ ਜਦ ਜਨਾਨੀ ਦੀ ਮਰਜ਼ੀ ਹੀ ਨਾ ਹੋਵੇ।
(ਜਾ ਕੇ ਮੇਜ਼ ਤੇ ਬੈਠ ਜਾਂਦਾ ਏ ਤੇ ਬੜੇ ਬੜੇ ਨਕਸ਼ੇ ਖੋਲ੍ਹ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੜ੍ਹਦਾ ਏ) ਨੀਂ ਗੰਗੀਏ ਬਦਾਮ ਰੰਗੀਏ......ਆਹ ਕੀ ਲਿਖਿਆ ਸੂ ਰੇਤ ਪਾ ਦਿਉ ਨੀਆਂ ਵਿਚ ? ਰੇਤ ਪਾਵਾਂਗਾ ਤੇਰੇ ਸਿਰ ਵਿਚ । ਏਡੀ ਵਡੀ ਬਿਲਡਿੰਗ ਰੇਤ ਨਾਲ ਖੜੀ ਕਰ ਦਿਆਂ ? ਇਸ ਗਿਰਧਾਰੀ ਸੌਰ੍ਹੇ ਨੂੰ ਆਰਕੀਟੇਕਟ ਕਿਸ ਕੰਜਰ ਨੇ ਬਣਾਇਆ ਏ । ਇਹਨੂੰ ਕੌਡੀ ਦੀ ਅਕਲ ਨਹੀਂ (ਲਹਿਜਾ ਬਦਲ ਕੇ) ਪਰ ਇਕ ਗਲ ਮੰਨਣੀ ਪਏਗੀ, ਕੰਜਰ ਦੀ ਜਨਾਨੀ ਬੜੀ ਸੋਹਣੀ ਏਂ । ਰਜ ਕੇ ਸੋਹਣੀ ।

(ਗਿਰਧਾਰੀ ਸਟੇਜ ਤੇ ਆਉਂਦਾ ਏ)

ਗਿਰਧਾਰੀ : ਸੁਣਾ ਬਈ ਬਨਵਾਰੀ ਲਾਲ ! ਕੀ ਹਾਲ ਚਾਲ ਏ । ਕੰਮ ਲੱਗਾ ਏਂ ?

ਬਨਵਾਰੀ : ਆ ਭਈ ਗਿਰਧਾਰੀ ! ਕੰਮ ਕਾਰ ਤੇ ਚਲਦਾ ਈ ਰਹਿੰਦਾ ਏ (ਨਕਸ਼ੇ ਵਲ ਇਸ਼ਾਰਾ ਕਰਕੇ) ਉਏ ਆਹ ਕੀ ਲਿਖਿਆ ਈ ?

ਗਿਰਧਾਰੀ : ਕਿਥੇ ?

ਬਨਵਾਰੀ : ਆਹ ਲਿਖਿਆ ਈ ਨਾ ਕਿ ਨੀਊਂ ਵਿਚ ਰੇਤ ਪਾ ਦਿਆਂ । ਤੇਰਾ ਦਿਮਾਗ਼ ਤੇ ਨਹੀਂ ਖਰਾਬ ?

ਗਿਰਧਾਰੀ : ਉਏ ਯਾਰ ਮੇਰੇ ਵਲੋਂ ਤੂ ਨੀਊਂ ਵਿਚ ਸੁਆਹ ਪਾ, ਮੈਨੂੰ ਕੀ ? ਮੈਨੂੰ ਤੇ ਬਿਲਡਿੰਗ ਖੜੀ ਚਾਹੀਦੀ ਏ । (ਸਿਗਰੇਟ ਸੁਲਗਾ ਕੇ) ਯਾਰ ਮੇਰੀ ਵਾਈਫ਼ ਤੇ ਨਹੀਂ ਆਈ ਇਧਰ ?

ਬਨਵਾਰੀ : ਆਹੋ ਆਈ ਏ । ਅੰਦਰ ਗਈ ਏ । ਉਏ ਗਲ ਸੁਣ, ਉਹਨੂੰ ਕੀ ਕਰਦਾ ਰਿਹਾਂ ਏਂ?

ਗਿਰਧਾਰੀ : ਕਿਉਂ ? ਸ਼ਕਾਇਤਾਂ ਲਾ ਰਹੀ ਸੀ ਮੇਰੀਆਂ ?

ਬਨਵਾਰੀ : ਓਸ ਵਿਚਾਰੀ ਕੀ ਸ਼ਕਾਇਤਾਂ ਲਾਉਣੀਆਂ ਨੇ ? ਉਹਦੀਆਂ ਅੱਖਾਂ ਲਾਲ ਹੋ ਰਹੀਆਂ ਸਨ ਤੇ ਮੈਨੂੰ ਸ਼ੱਕ ਪੈ ਗਿਆ ।

ਗਿਰਧਾਰੀ : ਓ ਯਾਰ ਓਹ ਤੇ ਐਵੇਂ ਮੱਛਰਦੀ ਰਹਿੰਦੀ ਏ । ਮੈਨੂੰ ਤੇ ਸਮਝ ਨਹੀਂ ਆਉਂਦੀ ਉਹਨੂੰ ਹੈ ਕੀ ? ਮੇਰੇ ਨਾਲ ਰਹਿ ਕੇ ਉਹਨੂੰ 'ਖ਼ੁਸ਼ ਹੋਣਾ ਚਾਹੀਦਾ ਏ । ਮੈਂ ਤੇ ਉਹਨੂੰ ਕਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਿਕਾਇਤ ਦਾ ਮੌਕਾ ਨਹੀਂ ਦਿੰਦਾ। ਮੈਂ ਤੇ ਕਦੀ ਦੂਜੀ ਔਰਤ ਵਲ ਅੱਖ ਚੁਕ ਕੇ ਨਹੀਂ ਵੇਖਿਆ।

ਬਨਵਾਰੀ : (ਆਪਣੇ ਆਪ ਨਾਲ) ਇਹਦੇ ਕੋਲੋਂ ਇਕ ਨਹੀਂ ਸਾਂਭੀ ਜਾਂਦੀ ਦੂਜੀ ਵਲ ਵੇਖੇਗਾ ! (ਗਿਰਧਾਰੀ ਨੂੰ) ਤੇ ਫਿਰ ਝਗੜਾ ਕਾਹਦਾ ਏ ?

ਗਿਰਧਾਰੀ : ਓਹ ਕਹਿੰਦੀ ਏ ਮੈਂ ਉਹਨੂੰ ਪਿਆਰ ਨਹੀਂ ਕਰਦਾ।

ਬਨਵਾਰੀ : ਤੂੰ ਕਰਨਾਂ ਏਂ ?

ਗਿਰਧਾਰੀ : ਯਾਰ ਹੱਦ ਕਰਨਾ ਏਂ। ਆਪਣੀ ਹੀ ਵਹੁਟੀ ਨਾਲ ਪਿਆਰ......ਤੂੰ ਆਪਣੀ ਨਾਲ ਕਰਨਾ ਏਂ ?

ਬਨਵਾਰੀ : ਗਿਰਧਾਰੀ ਲਾਲ ਜੀ, ਮੇਰੀ ਜ਼ਨਾਨੀ ਤੇ ਵੇਖੋ, ਔਰ ਫਿਰ ਵੀਹ ਸਾਲ ਹੋ ਗਏ ਨੇ ਮੇਰੇ ਵਿਆਹ ਨੂੰ। ਕਿਤੇ ਬਸ ਵੀ ਤੇ ਕਰਨੀ ਏਂ ਕਿ ਨਹੀਂ ?

ਗਿਰਧਾਰੀ : ਪਰ ਮੇਰੀ ਵਹੁਟੀ ਤੇ ਚਾਹੁੰਦੀ ਏ ਬਸ ਕਰੀਏ ਹੀ ਨਾ। ਹਰ ਵੇਲੇ ਪਰੇਡ ਹੁੰਦੀ ਰਹੇ। ਹਾਲਟ ਹੋਵੇ ਈ ਨਾ (ਬਨਵਾਰੀ ਵਲ ਵੇਖ ਕੇ) ਕਿਉਂ ਬਨਵਾਰੀ ! ਸਚ ਦਸ ਤੇਰੇ ਅੰਦਰ ਹੈ ਅੱਗ ਜਵਾਨੀ ਦੀ ਅਜੇ ?

ਬਨਵਾਰੀ : ਹੈ ਕਿਉਂ ਨਹੀਂ, ਸਾਡੀ ਅੱਗ ਕੋਈ ਕਾਗਜ਼ਾਂ ਦੀ ਅੱਗ ਨਹੀਂ ਕਿ ਫਟ ਬੁਝ ਗਈ। ਪਿਆਰਿਆ, ਇਹ ਗੋਹਿਆਂ ਦੀ ਅੱਗ ਏ, ਅਜੇ ਤਕ ਸੁਲਗ ਰਹੀ ਏ।

ਗਿਰਧਾਰੀ : ਤੇ ਫੇਰ ਗੱਲ ਸੁਣ......ਇਧਰ ਉਧਰ ਝੱਖ ਕਿਉਂ ਨਹੀਂ ਮਾਰਦਾ ?

ਬਨਵਾਰੀ : ਓਏ ਕੰਜਰਾ, ਮੈਨੂੰ ਭੈੜੇ ਰਾਹ ਪਾਨਾ ਏਂ। ਤੂੰ ਆਪ ਕਿਉਂ ਨਹੀਂ ਝੱਖ ਮਾਰਦਾ।

ਗਿਰਧਾਰੀ : ਮੇਰੀ ਗੱਲ ਹੋਰ ਏ। ਮੈਂ ਸਾਰਾ ਦਿਨ ਕੰਮ ਲਗਾ ਰਹਿਨਾਂ, ਤੇ ਜਦੋਂ ਸ਼ਾਮ ਨੂੰ ਘਰ ਆਉਨਾਂ ਮੁਰਦੇ ਵਾਕਣ ਸੌਂ ਜਾਨਾਂ। ਇਹ ਹੀ ਤੇ ਝਗੜਾ ਏ ਮੇਰੇ ਨਾਲ ਮੇਰੀ ਵਹੁਟੀ ਦਾ। ਕਹਿੰਦੀ ਏ......ਉਹ ਕਹਿੰਦੀ ਏ......ਮੈਂ ਉਹਦੀ ਇੱਜ਼ਤ ਨਹੀਂ ਕਰਦਾ।

ਬਨਵਾਰੀ : ਮਤਲਬ ਏ ਇੱਜ਼ਤ ਤੇ ਹਮਲਾ ਨਹੀਂ ਕਰਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਰਧਾਰੀ : ਓਹੋ ਠੀਕ ਏ । ਮੈਂ ਮੰਨਨਾਂ, ਮੈਂ ਕੋਈ ਸੂਰਬੀਰ ਨਹੀਂ । ਕਦੀ ਵੀ ਨਹੀਂ ਸਾਂ । ਜੇ ਹੁੰਦਾ ਤਾਂ ਵਿਆਹ ਕਿਉਂ ਕਰਦਾ ! ਲੋਕੀਂ ਕਹਿੰਦੇ ਨੇ ਜਿਨ੍ਹਾਂ ਨੂੰ ਰੋਜ਼ ਸੱਜਰਾ ਦੁਧ ਲੱਭੇ, ਉਹ ਘਰ ਗਾ ਨਹੀਂ ਬੰਨ੍ਹਦੇ । ਅਸੀਂ ਗਾਂ ਇਸ ਕਰ ਕੇ ਬੰਨ੍ਹੀ ਕਿ ਸਾਨੂੰ ਸੱਜਰਾ ਦੁਧ ਹਜ਼ਮ ਨਹੀਂ ਹੁੰਦਾ ।

ਬਨਵਾਰੀ : ਸਾਫ਼ ਕਿਉਂ ਨਹੀਂ ਕਹਿੰਦਾ ਕਿ ਅੰਦਰ ਠੰਢਾ ਏ !

ਗਿਰਧਾਰੀ : ਤੇਰੇ ਅੰਦਰ ਕਿਹੜੇ ਭੱਠੇ ਭਖ ਰਹੇ ਨੇ ?

ਬਨਵਾਰੀ : (ਛਾਤੀ ਠੋਕ ਕੇ) ਓਏ ਤੂੰ ਮੇਰੇ ਨਾਲ ਰਲ ਗਿਆ...... ਇਸ ਛਾਤੀ ਦੇ ਅੰਦਰ ਜਵਾਲਾ ਭਖਦੀ ਏ ।

ਗਿਰਧਾਰੀ : ਠੀਕ ਏ, ਠੀਕ ਏ । ਬੜ੍ਹਕਾਂ ਮਾਰਨ ਵਾਲੇ ਮੈਂ ਕਈ ਵੇਖੇ ਨੇ । ਓਹੋ ਲੋਕ ਚੋਰੀ ਚੋਰੀ ਲੋਕਾਂ ਨੂੰ ਪੁਛਦੇ ਨੇ, ਕਿਉਂ ਜੀ, ਖਾਨਦਾਨੀ ਸ਼ਫਾਖਾਨੇ ਨੂੰ ਕਿਹੜਾ ਰਸਤਾ ਜਾਂਦਾ ਏ ? (ਉਠ ਕੇ) ਚਲ ਛੱਡ ਯਾਰ, ਅਸੀਂ ਵੀ ਕੀ ਬਹਿਸ ਲੈ ਬੈਠੇ ਆਂ । ਗੱਲ ਸੁਣ, ਅਜ ਦਾ ਦਿਨ ਆਪਣੀ ਨੌਕਰਾਣੀ ਉਧਾਰ ਦੇ ਸਕਨਾਂ ਏਂ !

ਬਨਵਾਰੀ : (ਘਬਰਾ ਕੇ) ਨੌਕਰਾਣੀ......? ਉਧਾਰ......? ਕਿਉਂ ਓਏ ਕੀ ਚੱਕਰ ਏ ?

ਗਿਰਧਾਰੀ : ਮੇਰੇ ਵਾਸਤੇ ਨਹੀਂ ਭਾਈਆ, ਮੇਰੇ ਭਾਣਜੇ ਸੁਨੀਲ ਵਾਸਤੇ ।

ਬਨਵਾਰੀ : ਸੁਨੀਲ ਵਾਸਤੇ ?...ਕੀ ਗੱਲ ਏ ? ਮੁੰਡੇ ਨੂੰ ਕਿਹੜੀ ਲਾਈਨ ਤੇ ਪਾ ਰਿਹਾ ਏਂ ?

ਗਿਰਧਾਰੀ : ਮੇਰਾ ਉਹ ਮਤਲਬ ਨਹੀਂ, ਤੈਨੂੰ ਤੇ ਸਿਵਾਏ ਉਹਦੇ ਹੋਰ ਕੁਝ ਸੁਝਦਾ ਈ ਨਹੀਂ ।

ਬਨਵਾਰੀ : (ਛਾਤੀ ਠੋਕ ਕੇ) ਇਥੇ ਜਵਾਲਾ ਭਖਦੀ ਏ ।

ਗਿਰਧਾਰੀ : ਤੇਰੇ ਭਖਦੀ ਹੋਵੇਗੀ । ਸਾਡੇ ਟੱਬਰ ਵਿਚ ਇਹੋ ਜੇਹਾ ਕੋਈ ਕੰਮ ਨਹੀਂ । ਨਾਲੇ ਮੁੰਡਾ ਪੜ੍ਹਾਈ ਦਾ ਸ਼ੌਕੀਨ ਏਂ, ਲੁਕਣ-ਛਪਾਕੀ ਦਾ ਨਹੀਂ । ਉਹਨੂੰ ਤੇ ਸਾਰਾ ਦਿਨ ਫਿਲਾਸਫੀ ਤੋਂ ਵਿਹਲ ਨਹੀਂ ।

ਬਨਵਾਰੀ : ਇੰਝ ਕਿਉਂ ਨਹੀਂ ਕਹਿੰਦਾ, ਉਹਦੇ ਤਿਲਾਂ ਵਿਚ ਤੇਲ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਰਧਾਰੀ : ਚਲੋ ਇੰਞ ਈ ਸਹੀ। ਮੁੰਡੇ ਜਾਣਾ ਏ ਅਜ ਹੋਸਟਲ ਵਿਚ ਵਾਪਿਸ। ਉਹਦੇ ਦਿਮਾਗ਼ ਵਿਚ ਵੜੀ ਹੋਈ ਏ ਫਿਲਾਸਫੀ, ਬੇਧਿਆਨਾ ਜਿਹਾ ਰਹਿੰਦਾ ਏ, ਏਸੇ ਚੱਕਰ ਵਿਚ ਉਹਨੇ ਕੋਈ ਗਲਤ ਬਸ ਪਕੜ ਲੈਣੀ ਏਂ......ਮੇਰੀ ਵਹੁਟੀ ਬੜੀ ਘਬਰਾਈ ਹੋਈ ਏ।

ਬਨਵਾਰੀ : ਚਲ ਕਹਿ ਦਿਆਂਗਾ ਫੂਲਾਂ ਨੂੰ। ਉਹ ਛਡ ਆਏਗੀ। ਪਰ ਗੱਲ ਸੁਣ, ਤੂੰ ਆਪ ਕਿਉਂ ਨਹੀਂ ਛੱਡ ਆਉਂਦਾ ?

ਗਿਰਧਾਰੀ : ਮੇਰੇ ਕੋਲ ਟਾਈਮ ਕਿਥੇ ਏ। ਇਕ ਮਿੰਟ ਦੀ ਤਾਂ ਵਿਹਲ ਨਹੀਂ। ਨਾਲੇ ਅਜ ਰਾਤੀਂ ਤੇ ਮੈਂ ਬੁਰਾ ਫਸਿਆ ਆਂ। ਅਜ ਸਾਰੀ ਰਾਤ ਮੈਨੂੰ ਘਰੋਂ ਬਾਹਰ ਰਹਿਣਾ ਪਏਗਾ।

ਬਨਵਾਰੀ : (ਵੱਖੀ ਵਿਚ ਕੂਹਣੀ ਮਾਰ ਕੇ) ਅੱਛਾ !

ਗਿਰਧਾਰੀ : ਉਹ ਗਲ ਨਹੀਂ ਬਾਬਾ। ਮੈਨੂੰ ਤੇ ਸਾਰੀ ਰਾਤ ਕਟਣੀ ਪੈਣੀ ਏਂ ਇਕ ਘਟੀਆ ਜਿਹੇ ਹੋਟਲ ਵਿਚ। ਹੋਟਲ ਜਿਹਨੇ ਕਿਰਾਏ ਤੇ ਲਿਆ ਏ ਉਹਦਾ ਝਗੜਾ ਹੋ ਗਿਆ ਏ ਮਾਲਿਕ ਨਾਲ। ਉਹ ਕਹਿੰਦਾ ਏ ਹੋਟਲ ਵਿਚ ਭੂਤ ਰਹਿੰਦੇ ਨੇ, ਜਿਹੜੇ ਰਾਤੀਂ ਰੌਲਾ ਪਾਂਦੇ ਨੇ। ਮਾਲਿਕ ਕਹਿੰਦਾ ਏ ਭੂਤ ਸੂਤ ਕੋਈ ਨਹੀਂ। ਮੈਨੂੰ ਬਣਾਇਆ ਗਿਆ ਏ ਸਾਲਸ। ਮੈਂ ਰਾਤ ਉਥੇ ਰਹਿ ਕੇ ਪਤਾ ਕਰਨਾ ਏਂ ਕਿ ਸਚਾ ਕਿਹੜਾ ਏ ਤੇ ਝੂਠਾ ਕਿਹੜਾ।

ਬਨਵਾਰੀ : ਭੂਤ ਕਿਥੇ ਹੋਣੇ ਨੇ। ਉਹ ਥਲੇ ਕੋਈ ਡਰੇਨ ਪਾਈਪਸ ਵਿਚ ਨੁਕਸ ਹੋਣਾ ਏਂ।

ਗਿਰਧਾਰੀ : ਆਹੋ ਤੇ ਹੋਰ ਕੀ। ਪਰ ਪਤਾ ਤੇ ਲੈਣਾ ਪਏਗਾ। ਅਜ ਰਾਤ ਉਥੇ ਹੀ ਰਹਿਣਾ ਪਏਗਾ।

ਬਨਵਾਰੀ : ਵਹੁਟੀ ਨੂੰ ਪੁਛ ਲਿਆ ਈ ?

ਗਿਰਧਾਰੀ : ਪੁਛ ਕੇ ਤੇ ਸਿਆਪਾ ਹੀ ਪਾ ਲਿਆ। ਉਹਨੇ ਬੜਾ ਪਿਟਣਾ ਪਾਇਆ।

ਬਨਵਾਰੀ : ਪਰ ਕਿਉਂ ?

ਗਿਰਧਾਰੀ : ਕਹਿੰਦੀ ਏ ਮੈਂ ਕੋਈ ਨਾ ਕੋਈ ਬਹਾਨਾ ਬਣਾ ਲੈਨਾਂ, ਰਾਤੀਂ ਉਹਦੇ ਕੋਲੋਂ ਦੂਰ ਰਹਿਣ ਦਾ। ਉਹਨੂੰ ਏਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਝ ਨਹੀਂ ਕਿ ਮੈਂ ਇਕ ਆਰਕੀਟਕਟ ਆਂ ਤੇ ਮੇਰਾ ਕੰਮ ਈਂ ਮੇਰਾ ਧਰਮ ਏਂ। ਔਰ ਇਸ ਧਰਮ ਨੂੰ ਨਿਭਾਣ ਲਈ ਜੇ ਕਦੀ ਇਕ ਰਾਤ ਛੱਡ ਮਹੀਨਾ ਵੀ ਘਰੋਂ ਬਾਹਰ ਰਹਿਣਾ ਪਏ, ਤਾਂ ਮੈਂ ਰਹਾਂਗਾ।

ਬਨਵਾਰੀ : ਇੰਨਾ ਇੰਨਾ ਚਿਰ ਘਰੋਂ ਬਾਹਰ ਰਹੇਂਗਾ ਤਾਂ ਸੋਹਣਿਆਂ ਦੂਜਾ ਚੱਕਰ ਸ਼ੁਰੂ ਹੋ ਜਾਣਾ ਈਂ।

ਗਿਰਧਾਰੀ : ਦੂਜਾ ਕੀ ?

ਬਨਵਾਰੀ : ਅਸੀਂ ਤੇ ਕਹਿੰਦੇ ਆਂ ਨਾ ਹੋਵੇ। ਪਰ ਹੋ ਜਾਣਾ ਈਂ।

ਗਿਰਧਾਰੀ : ਕੀ ਹੋ ਜਾਣਾ ਏਂ ?

ਬਨਵਾਰੀ : ਦੂਜਾ ਚੱਕਰ।

ਗਿਰਧਾਰੀ : ਉਏ ਕੀ ਚੱਕਰ ?

ਬਨਵਾਰੀ : ਜੇ ਕਿਤੇ ਭਰਜਾਈ ਸਾਡੀ ਦੇ ਦਿਮਾਗ਼ ਵਿਚ ਆ ਗਿਆ ਤੇ ਉਹਨੇ ਵੀ ਪਾਰਟ ਟਾਈਮ ਖੇਡਾਂ ਖੇਡਣੀਆਂ ਸ਼ੁਰੂ ਕਰ ਦਿਤੀਆਂ ਤਾਂ ?

ਗਿਰਧਾਰੀ : (ਹੱਸ ਕੇ) ਖੇਡਾਂ ਖੇਡੇਗੀ...ਪਰ ਭਾਈ ਖੇਡਾਂ ਖੇਡੇਗੀ ਕਿਹਦੇ ਨਾਲ...ਬੋਲ ਕਿਹਦੇ ਨਾਲ ?

ਬਨਵਾਰੀ : ਅੱਛਾ ਯਾਰ ਤੂੰ ਤੇ ਗਲ ਈ ਪੈ ਗਿਆ ਏਂ। ਮੈਂ ਤੇ ਤੈਨੂੰ ਖ਼ਬਰਦਾਰ ਕੀਤਾ ਏ। ਜਾਹ ਜਾ ਕੇ ਹੋਟਲਾਂ ਵਿਚੋਂ ਭੂਤ ਲੱਭ।

ਗਿਰਧਾਰੀ : ਆਹੋ ਤੇ ਲੱਭਾਂਗਾ, ਮੈਂ ਤੇਰੇ ਕਹਿਣ ਤੇ ਘਰ ਨਹੀਂ ਬੈਠ ਜਾਂਗਾ।

(ਦਰਵਾਜ਼ੇ ਤੇ ਦਸਤਕ)

ਬਨਵਾਰੀ : ਲੰਘ ਆ ਭਾਈ।

(ਸੁਨੀਲ ਅੰਦਰ ਆਉਂਦਾ ਏ। ਸੁਨੀਲ ਪਤਲਾ ਲੰਬਾ ਜੇਹਾ ਮੁੰਡਾ ਏ, ਸ਼ਕਲੋਂ ਲਗਦਾ ਏ ਬੜਾ ਪੜ੍ਹਾਕੂ ਏ। ਉਹਨੇ ਮੋਟਿਆਂ ਮੋਟਿਆਂ ਸ਼ੀਸ਼ਿਆਂ ਦੀ ਐਨਕ ਪਾਈ ਹੋਈ ਏ)

ਬਨਵਾਰੀ : ਆ ਵਾਈ ਸੁਨੀਲ ਕਿੱਦਾਂ ਆਇਆ ਏਂ ?

ਸੁਨੀਲ : ਅੰਕਲ ਮੈਂ ਤੁਹਾਡੇ ਕੰਮ ਦਾ ਹਰਜਾ ਤੇ ਨਹੀਂ ਕੀਤਾ ?

ਬਨਵਾਰੀ : ਉਏ ਅਸੀਂ ਤੇ ਐਵੇਂ ਗੱਪਾਂ ਮਾਰ ਰਹੇ ਸਾਂ। ਤੂੰ ਦਸ ਤੂੰ ਕਿਵੇਂ ਆਇਆ ਏਂ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਨੀਲ : ਅੰਕਲ ਮੇਰੀ ਇਕ ਕਿਤਾਬ ਗਵਾਚ ਗਈ ਏ। ਸਵੇਰੇ ਇਧਰ ਆਇਆ ਸਾਂ, ਇਥੇ ਤੇ ਨਹੀਂ ਭੁਲ ਗਿਆ ?

ਬਨਵਾਰੀ : ਕਾਹਦੀ ਕਿਤਾਬ ਸੀ ?

ਸੁਨੀਲ : ਪਲੈਟੋ ਦੀ ਕਿਤਾਬ ਸੀ ਮੁਹੱਬਤ ਬਾਰੇ। ਮੁਹੱਬਤ ਕਿਆ ਹੈ, ਔਰ ਕਿਆ ਹੋਤੀ ਹੈ, ਔਰ ਇਸ ਕੀ ਅੱਛਾਈਆਂ ਔਰ ਬੁਰਾਈਆਂ ਕਿਆ ਹੈਂ। ਇਹ ਸਭ ਕੁਝ ਦੱਸਿਆ ਗਿਆ ਏ ਉਹਦੇ ਵਿਚ

ਬਨਵਾਰੀ : ਨਿਰੀ ਥੀਊਰੀ ਈ ਲਿਖੀ ਏ ਕਿ ਇਹ ਵੀ ਦਸਿਆ ਗਿਆ ਏ ਕਿ ਮੁਹੱਬਤ ਕਿਸ ਕਿਸ ਪ੍ਰਕਾਰ ਸੇ ਕਰਨੀ ਚਾਹੀਏ। ਨਾਲੇ ਫੋਟੋ ਵੋਟੋ ਵੀ ਹੈਨ ਵਿਚ ?

ਗਿਰਧਾਰੀ : ਬੰਦਾ ਬਣ ਬੰਦਾ, ਕਿਉਂ ਮੁੰਡੇ ਨੂੰ ਭੈੜੇ ਪਾਸੇ ਲਾ ਰਿਹਾ ਏਂ ?

ਬਨਵਾਰੀ : ਲੈ ਮੈਂ ਭੈੜੇ ਪਾਸੇ ਲਾ ਰਿਹਾ ਆਂ। ਭਾਈਆ ਮੈਂ ਤੇ ਸਮਝਾ ਰਿਹਾਂ ਆਂ ਕਿ ਜੇ ਮੁਹੱਬਤ ਦਾ ਮਜ਼ਮੂਨ ਪੜ੍ਹਨਾ ਈਂ, ਤਾਂ ਚੰਗੀ ਤਰ੍ਹਾਂ ਪੜ੍ਹ, ਥੀਊਰੀ ਵੀ, ਪ੍ਰੈਕਟੀਕਲ ਵੀ। ਹੁਣ ਮੰਨ ਲੈ, ਤੂੰ ਗੁੱਲੀ ਡੰਡੇ ਬਾਰੇ ਕੋਈ ਕਿਤਾਬ ਪੜ੍ਹ ਰਿਹਾ ਹੋਵੇਂ......ਤੂੰ ਸਾਰੀ ਕਿਤਾਬ ਪੜ੍ਹ ਜਾ, ਜ਼ਬਾਨੀ ਯਾਦ ਕਰ ਲੈ, ਘੋਟਾ ਲਾ ਲੈ, ਪਰ ਗੁੱਲੀ ਡੰਡਾ ਖੇਡ ਨਹੀਂ ਸਕਦਾ, ਕਿਉਂਕਿ ਤੂੰ ਗੁੱਲੀ ਡੰਡਾ ਤਾਂ ਖੇਡ ਸਕਦਾ ਏਂ ਜੇ ਤੈਨੂੰ ਟੁੱਲ ਮਾਰਨਾ ਆਉਂਦਾ ਹੋਵੇ।

(ਬਨਵਾਰੀ ਦੀ ਨੌਕਰਾਣੀ ਫੂਲਾਂ ਅੰਦਰ ਆਉਂਦੀ ਏ। ਫੂਲਾਂ ਇਕ ਜਵਾਨ ਲੜਕੀ ਏ, ਮੱਛਰੀ ਹੋਈ)

ਫੂਲਾਂ : ਸਾਹਬ ਜੀ।

ਬਨਵਾਰੀ : ਹੂੰ।

ਫੂਲਾਂ : ਤੁਹਾਨੂੰ ਬੀਬੀ ਜੀ ਬੁਲਾਉਂਦੇ ਨੇ।

ਬਨਵਾਰੀ : ਕਿਉਂ ?

ਫੂਲਾਂ : ਉਹਨਾਂ ਨੇ ਨਵਾਂ ਸੂਟ ਪਾਇਆ ਏ, ਕਹਿੰਦੇ ਨੇ ਆ ਕੇ ਵੇਖ ਲਓ ਪੂਰਾ ਹੈ ਕਿ ਨਹੀਂ ?

ਬਨਵਾਰੀ : ਜੇ ਉਹ ਸੂਟ ਵਿਚ ਵੜ ਗਈ ਏ ਤਾਂ ਪੂਰਾ ਈ ਹੋਣਾ ਏਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੋਟੀ ਮੋਟੀ ਚੀਜ਼ ਵਿਚ ਤੇ ਉਹ ਵੜ ਨਹੀਂ ਸਕਦੀ ।
ਸੁਣ ਫੂਲਾਂ ! ਸੁਨੀਲ ਦੀ ਇਕ ਕਿਤਾਬ ਗਵਾਚ ਗਈ ਏ, ਤੂੰ ਤੇ ਨਹੀਂ ਵੇਖੀ ?

ਫੂਲਾਂ : ਨਹੀਂ ਸਾਹਿਬ ਜੀ ।

ਸੁਨੀਲ : ਮੈਨੂੰ ਹੋਰ ਲੈਣੀ ਪਏਗੀ ।

ਬਨਵਾਰੀ : ਅੱਛਾ ਗਲ ਸੁਣ ਫੂਲੋ । ਅਜ ਸੁਨੀਲ ਹੋਸਟਲ ਵਾਪਸ ਜਾ ਰਿਹਾ ਏ । ਤੂੰ ਜ਼ਰਾ ਇਹਦੇ ਨਾਲ ਚਲੀ ਜਾ, ਚਲੀ ਜਾਏਂਗੀ ? ਛੱਡ ਕੇ ਆ ਜਾਈਂ ।

ਫੂਲਾਂ : (ਖੁਸ਼ ਹੋ ਕੇ) ਮੈਂ ਜ਼ਰੂਰ ਜਾਂਗੀ ।

ਬਨਵਾਰੀ : (ਸੁਨੀਲ ਨੂੰ) ਕਿਉਂ ਉਏ ਕਿੰਨੇ ਵਜੇ ਪਹੁੰਚਣਾ ਏਂ ਉਥੇ ?

ਸੁਨੀਲ : ਰਾਤੀਂ ਨੌਂ ਵਜੇ ।

ਬਨਵਾਰੀ : ਲੈ ਵਾਈ ਫੂਲਾਂ । ਰਾਤੀਂ ਨੌਂ ਵਜੇ ਤਕ ਇਹਨੂੰ ਉਥੇ ਪਹੁੰਚਾ ਦੇਈਂ ।

ਗਿਰਧਾਰੀ : ਯਾਰ ਅਸੀਂ ਤੈਨੂੰ ਤਕਲੀਫ਼ ਦੇ ਰਹੇ ਆਂ ।

ਬਨਵਾਰੀ : ਲੈ, ਛੱਡਿਆ ਕਰ ।
(ਸੁਨੀਲ ਕੋਈ ਕਿਤਾਬ ਪੜ੍ਹਨ ਲੱਗ ਪੈਂਦਾ ਏ)

ਰਾਮ ਪਿਆਰੀ : (ਆਫ ਸਟੇਜ) ਮੈਂ ਕਿਹਾ ਜੀ ?

ਬਨਵਾਰੀ : ਲੈ ਵਾਈ ਸਾਨੂੰ ਤੇ ਪੈ ਗਈ ਜੇ ਵਾਜ । (ਉੱਚੀ ਸਾਰੀ) ਆਇਆ ਜੀ । (ਗਿਰਧਾਰੀ ਨੂੰ) ਆ ਖਾਂ ਤੂੰ ਵੀ, ਜ਼ਰਾ ਵੇਖੀਏ ਸੂਟ ਦੀ ਫਿਟਿੰਗ ਕੈਸੀ ਆਈ ਏ ?

ਗਿਰਧਾਰੀ : ਜ਼ਰੂਰ-ਜ਼ਰੂਰ, ਚਲ ।

ਬਨਵਾਰੀ : ਨਹੀਂ, ਅੱਗੇ ਤੂੰ ਚਲ ।

ਗਿਰਧਾਰੀ : ਕਿਉਂ ?

ਬਨਵਾਰੀ : ਬਈ ਤੂੰ ਆਰਕੀਟੇਕਟ ਏਂ ।

ਗਿਰਧਾਰੀ : ਪਰ ਯਾਰ, ਅਸੀਂ ਕੋਈ ਬਿਲਡਿੰਗ ਤੇ ਵੇਖਣ ਨਹੀਂ ਜਾ ਰਹੇ ।

ਬਨਵਾਰੀ : ਉਏ ਮੇਰੀ ਵਹੁਟੀ ਕਿਹੜਾ ਕਿਸੇ ਬਿਲਡਿੰਗ ਤੋਂ ਘਟ ਏ ?

Forwarded with Compliments from
Department of Education
Government of India

CC-0. In Public Domain. Gurukul Kangri Collection, Haridwar

ਬਿਲਕੁਲ ਬਿਲਕਿੰਗ ਏ, ਚਿੰਟ ਮੰਗਲੀ।

Digitized by Arya Samaj Foundation Chennai and eGangotri

(ਦੋਨੋਂ ਬਾਹਰ ਚਲੇ ਜਾਂਦੇ ਨੇ)

(ਸੁਨੀਲ ਕਿਤਾਬ ਲੱਭ ਕੇ ਪੜ੍ਹਦਾ ਹੈ)

ਸੁਨੀਲ : ਮੁਹੱਬਤ ਏਕ ਐਸਾ ਜਜ਼ਬਾ ਹੈ ਜਿਸ ਸੇ ਇਨਸਾਨ ਕ ਅੰਦਰ ਕਾ ਜਾਨਵਰ ਉਭਰਤਾ ਹੈ ਔਰ ਇਨਸਾਨ ਕੋ ਉਨ ਚੀਜ਼ੋਂ ਕੇ ਕਰੀਬ ਜਾਨੇ ਕੇ ਲੀਏ ਮਜਬੂਰ ਕਰਤਾ ਹੈ ਜੋ ਉਸੇ ਅੱਛੀ ਲਗਤੀ ਹੈਂ (ਜ਼ਰਾ ਸੋਚ ਕੇ) ਬਿਲਕੁਲ ਠੀਕ।

ਫੂਲਾਂ : (ਉਹਦੀ ਮੇਜ਼ ਤੇ ਕੂਹਣੀਆਂ ਰੱਖ ਕੇ) ਕੀ ਠੀਕ ਏ ਬਾਊ ਜੀ

ਸੁਨੀਲ : ਤੂੰ ਕੀ ਕਿਹਾ ?

ਫੂਲਾਂ : ਮੈਂ ਇਹ ਪੁਛਿਆ ਏ ਕਿ ਤੁਸੀਂ ਕੀ ਕਰ ਰਹੇ ਓ ?

ਸੁਨੀਲ : ਮੈਂ ਮੁਹੱਬਤ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਆਂ।

ਫੂਲਾਂ : ਇੰਝ ਕੁਰਸੀ ਤੇ ਬੈਠ ਕੇ ਵੀ ਕੋਈ ਮੁਹੱਬਤ ਸਿਖ ਸਕਦਾ ਏ ? ਮੈਂ ਕੁਝ ਮਦਦ ਕਰਾਂ ?

ਸੁਨੀਲ : (ਸੰਜੀਦਗੀ ਨਾਲ) ਤੂੰ ਮੁਹੱਬਤ ਕਿਥੋਂ ਸਿੱਖੀ ਏ ? ਪਲੈਟੋ ਦੀ ਕਿਤਾਬ ਵਿਚੋਂ ?

ਫੂਲਾਂ : ਨਹੀਂ, ਕਮਾਦ ਦੇ ਖੇਤ ਵਿਚ।

ਸੁਨੀਲ : ਨਹੀਂ, ਤੂੰ ਨਹੀਂ ਸਮਝੀ।

ਫੂਲਾਂ : (ਸੁਨੀਲ ਦੇ ਵਾਲਾਂ ਵਿਚ ਉਂਗਲੀਆਂ ਫੇਰਦੀ ਹੋਈ) ਮੈਂ ਮੁਹੱਬਤ ਨੂੰ ਪੜ੍ਹਨ ਵਿਚ ਤੁਹਾਡੀ ਕੋਈ ਮਦਦ ਨਹੀਂ ਕਰ ਸਕਦੀ ?

ਸੁਨੀਲ : ਮੇਰੇ ਵਾਲਾਂ ਵਿਚ ਕੁਤ-ਕੁਤਾਰੀ ਜੇਹੀ ਹੋ ਰਹੀ ਏ।

ਫੂਲਾਂ : ਕਿਉਂ, ਚੰਗੀ ਨਹੀਂ ਲਗਦੀ ?

ਸੁਨੀਲ : ਮੈਂ ਇਹ ਤੇ ਨਹੀਂ ਕਿਹਾ ਕਿ ਕੁਤ-ਕੁਤਾਰੀ ਚੰਗੀ ਏ ਜਾਂ ਮਾੜੀ, ਮੈਂ ਤੇ ਇਹ ਕਿਹਾ ਕਿ ਮੈਨੂੰ ਹੋ ਰਹੀ ਏ।
(ਫੂਲਾਂ ਵਲ ਵੇਖ ਕੇ) ਤੂੰ ਵੀ ਅਜੀਬ ਲੜਕੀ ਏਂ।

ਫੂਲਾਂ : ਤੁਸੀਂ ਵੀ ਕਿਸੇ ਕੰਮ ਦੇ ਨਹੀਂ। ਵਾਲਾਂ ਨਾਲ ਖੇਡਣ ਵੀ ਨਹੀਂ ਦਿੰਦੇ।

ਸੁਨੀਲ : ਵਾਈ ਮੈਂ ਪੜ੍ਹ ਰਿਹਾ ਆਂ, ਮੈਂ ਮੁਹੱਬਤ ਨੂੰ ਸਮਝਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਸ਼ਿਸ਼ ਕਰ ਰਿਹਾਂ, ਤੇ ਜੇ ਕੱਲ ਮੇਰੇ ਕੁੜੀ ਘੜੀ ਹੋਵੇ ਤਾਂ ਮੁਹੱਬਤ ਮੈਨੂੰ ਸਵਾਹ ਸਮਝ ਆਉਣੀ ਏਂ ?

(ਉਠ ਕੇ ਸੋਫੇ ਤੇ ਚਲਾ ਜਾਂਦਾ ਏ ਤੇ ਉੱਚੀ ਉੱਚੀ ਪੜ੍ਹਦਾ ਏ)

ਮੁਹੱਬਤ ਦੋ ਕਿਸਮ ਕੀ ਹੋਤੀ ਹੈ। ਏਕ ਦਿਲ ਕੀ ਮੁਹੱਬਤ, ਏਕ ਜਿਸਮ ਕੀ ਮੁਹੱਬਤ। ਦਿਲ ਕੀ ਮੁਹੱਬਤ ਵੋਹ ਹੈ ਜੋ ਏਕ ਬਾਪ ਅਪਨੇ ਬੇਟੇ ਸੇ ਕਰਤਾ ਹੈ, ਔਰ ਜਿਸਮ ਕੀ ਮੁਹੱਬਤ ਵੋਹ ਹੈ ਜੋ ਏਕ ਲੜਕਾ ਏਕ ਲੜਕੀ ਸੇ ਕਰਤਾ ਹੈ।

(ਫੂਲਾਂ ਵਲ ਵੇਖ ਕੇ ਸੋਫੇ ਦੇ ਦੂਜੇ ਕਿਨਾਰੇ ਤੇ ਚਲਾ ਜਾਂਦਾ ਏ

ਫੂਲਾਂ ਉਥੇ ਪਹੁੰਚ ਕੇ ਫਿਰ ਉਹਦੇ ਵਾਲਾਂ ਵਿਚ ਕੰਘੀ ਕਰਦੀ ਏ)

ਸੁਨੀਲ : (ਉਪਰ ਵੇਖ ਕੇ) ਬੜਾ ਸਵਾਦ ਆ ਰਿਹਾ ਏ !

ਫੂਲਾਂ : ਆ ਰਿਹਾ ਏ ਨਾ ?

ਸੁਨੀਲ : ਹੂੰ। (ਫਿਰ ਪੜ੍ਹਦਾ ਏ) ਬਾਪ ਕੀ ਮੁਹੱਬਤ ਔਰ ਤਰਹ ਕੀ ਹੋਤੀ ਹੈ। ਲੜਕੇ ਕੀ ਔਰ ਤਰਹ ਕੀ। ਇਕ ਬਾਪ ਯੇਹ ਚਾਹਤਾ ਹੈ......

ਫੂਲਾਂ : ਤੂੰ ਇਕ ਬਹੁਤ ਸੋਹਣਾ, ਬਹੁਤ ਜਵਾਨ ਕਾਕਾ ਏਂ।

ਸੁਨੀਲ : ਦੇਖ ਫੂਲਾਂ ! ਤੂੰ ਉਂਗਲਾਂ ਫੇਰੀ ਜਾ, ਪਰ ਗੱਲਾਂ ਨਾ ਕਰ।

ਫੂਲਾਂ : (ਜ਼ਰਾ ਕੁ ਹੋਰ ਝੁਕ ਕੇ ਤੇ ਮੁਹੱਬਤ ਵਿਚ ਭਿੱਜੀ ਆਵਾਜ਼ ਵਿਚ) ਬਾਊ ਜੀ, ਕਦੀ ਤੁਹਾਨੂੰ ਕਿਸੇ ਦਸਿਆ ਕਿ ਤੁਸੀਂ ਬਹੁਤ ਸੋਹਣੇ ਹੋ !

ਸੁਨੀਲ : ਮੈਂ ਸੋਹਣਾਂ ? ਮੈਨੂੰ ਤੇ ਕਦੇ ਕਿਸੇ ਨਹੀਂ ਕਿਹਾ......ਹਾਂ ਇਕ ਵਾਰੀ ਕਿਹਾ ਸੀ ਕਿਸੇ ?

ਫੂਲਾਂ : ਕਿਸ ਨੇ ?

ਸੁਨੀਲ : ਮੇਰੀ ਮਾਂ ਨੇ।

ਫੂਲਾਂ : ਓਹ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਨੀਲ : (ਫਿਰ ਪੜ੍ਹਦਾ ਏ) ਇਕ ਬਾਪ ਯੇਹ ਚਾਹਤਾ ਹੈ ਕਿ......
(ਰੁਕ ਕੇ ਫੂਲੋ ਵਲ ਵੇਖਦਾ ਹੈ)

ਫੂਲਾਂ : (ਲਾਡ ਵਿਚ) ਕੀ ਗੱਲ ਏ ਰਾਜੂ ?

ਸੁਨੀਲ : ਕੁਝ ਨਹੀਂ । ਮੈਨੂੰ ਇੰਝ ਲਗਦਾ ਏ ਕਿ ਤੇਰਾ ਇਸ ਤਰਾਂ ਹੱਥ ਫੇਰਨਾ......ਮੈਨੂੰ ਅੱਛਾ ਲਗ ਰਿਹਾ ਸੀ, ਪਰ ਕਿਉਂ ਅੱਛਾ ਲਗ ਰਿਹਾ ਸੀ, ਮੈਨੂੰ ਸਮਝ ਨਹੀਂ ਆਈ ।

ਫੂਲਾਂ : ਅੱਛਾ ਇਹ ਪਲੈਟੋ ਕੀ ਕਹਿੰਦਾ ਏ ਇਦ੍ਹੇ ਬਾਰੇ ?

ਸੁਨੀਲ : ਪਲੈਟੋ ਇਦ੍ਹੇ ਬਾਰੇ ਕੁਝ ਨਹੀਂ ਕਹਿੰਦਾ ।

ਫੂਲਾਂ : ਫਿਰ ਕਿਤਾਬ ਕਰੋ ਬੰਦ (ਕਿਤਾਬ ਖੋਹ ਕੇ ਬੰਦ ਕਰ ਦਿੰਦੀ ਏ) ਕਿਤਾਬ ਨੇ ਤੁਹਾਨੂੰ ਸੁਵਾਹ ਸਿਖਾਣਾ ਏਂ, ਬਿਸਤਰੇ ਤੇ ਲੇਟ ਕੇ ਤਰਨਾ ਨਹੀਂ ਆਉਂਦਾ ਬਾਊ ਜੀ । ਜਿਨ੍ਹਾਂ ਬਿਸਤਰਿਆਂ ਤੇ ਤੈਰਾਕੀਆਂ ਸਿਖੀਆਂ ਹੁੰਦੀਆਂ ਨੇ, ਉਹ ਜਦੋਂ ਸਮੁੰਦਰ ਵਿਚ ਵੜਦੇ ਨੇ ਤਾਂ ਉਹਨਾਂ ਦੇ ਹੱਥ ਪੈਰ ਠੰਡੇ ਪੈ ਜਾਂਦੇ ਨੇ ।
(ਉਹ ਕਿਤਾਬ ਪਰ੍ਹਾਂ ਰਖ ਕੇ ਉਹਦੇ ਕੋਲ ਬੈਠ ਜਾਂਦੀ ਏ)

ਸੁਨੀਲ : (ਦਰਸ਼ਕਾਂ ਨੂੰ) ਇਸ ਕੁੜੀ ਨੂੰ ਕੀ ਹੋ ਗਿਆ ਏ ?

ਫੂਲਾਂ : (ਉਹਦੇ ਮੋਢੇ ਤੇ ਹੱਥ ਰੱਖ ਕੇ) ਤੁਸੀਂ ਆਪਣੇ ਆਪ ਨੂੰ ਵੇਖੋ, ਇਹ ਰੁੜ੍ਹ ਗਈ ਐਨਕ ਲਾਹੋ (ਐਨਕ ਲਾਹ ਕੇ) ਇਦ੍ਹੇ ਬਗੈਰ ਨਹੀਂ ਜੇ ਦਿਸਦਾ ?

ਸੁਨੀਲ : ਦਿਸਦਾ ਕਿਉਂ ਨਹੀਂ ? ਸਗੋਂ ਚੰਗਾ ਦਿਸਦਾ ਏ ।

ਫੂਲਾਂ : ਐਹ ਆਪਣੇ ਵਾਲ ਵੇਖੋ । ਡਿੰਗਾ ਚੀਰ ਕੱਢ ਕੇ ਵੇਖੋ...... ਤੁਹਾਨੂੰ ਕਿੰਨਾ ਸੋਹਣਾ ਲਗਦਾ ਏ ।

ਸੁਨੀਲ : (ਅੱਖਾਂ ਮੀਟ ਕੇ) ਆਹ ਜ਼ਰਾ ਫਿਰ ਕਰ......

ਫੂਲਾਂ : ਕੀ ?

ਸੁਨੀਲ : ਉਂਗਲਾਂ ਦੀ ਕਘੀ (ਫੇਰ ਜਿਸ ਤਰ੍ਹਾਂ ਸਬਕ ਯਾਦ ਕਰ ਰਿਹਾ ਹੋਵੇ) ਮੁਹੱਬਤ ਇਕ ਐਸਾ ਜਜ਼ਬਾ ਹੈ......

ਫੂਲਾਂ : ਬਾਊ ਜੀ !

ਸੁਨੀਲ : ਕੀ ਗੱਲ ਏ ਫੂਲਾਂ ?

ਫੂਲਾਂ : (ਗੁੱਸੇ ਨਾਲ) ਨਮਸਤੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਨੀਲ : ਕਿਉਂ ?

ਫੂਲਾਂ : ਇਸ ਵਾਸਤੇ ਕਿ ਤੇਰੇ ਜਹੇ ਠੰਡੇ ਦੁਧ ਵਿਚ ਮੈਂ ਉਬਾਲਾ ਨਹੀਂ ਲਿਆ ਸਕਦੀ।

(ਚਲੀ ਜਾਂਦੀ ਏ)

ਸੁਨੀਲ । (ਕਿਤਾਬ ਪੜ੍ਹਦਾ ਹੋਇਆ) ਸ਼ਰੀਫ ਆਦਮੀ ਜਬ ਮੁਹੱਬਤ ਕਰਤੇ ਹੈਂ......

(ਸਟੇਜ ਦੇ ਪਿਛੋਂ ਕੁਝ ਵਾਜਾਂ ਆ ਰਹੀਆਂ ਨੇ)

ਸੁਨੀਲ : (ਦੋਹਾਂ ਹੱਥਾਂ ਨਾਲ ਆਪਣੇ ਕੰਨ ਬੰਦ ਕਰ ਕੇ) ਸ਼ਰੀਫ਼ ਆਦਮੀ ਜਬ ਅਪਨੇ ਦੋਸਤੋਂ ਸੇ ਮੁਹੱਬਤ ਕਰਤੇ ਹੈਂ......

(ਰਾਣੀ, ਬਨਵਾਰੀ, ਗਿਰਧਾਰੀ ਤੇ ਰਾਮ ਪਿਆਰੀ ਇਕ ਦੂਜੇ ਦੇ ਪਿਛੇ ਟੁਰਦੇ ਹੋਏ ਸਟੇਜ ਤੇ ਆਉਂਦੇ ਨੇ)

ਰਾਣੀ : ਮੈਂ ਇਹ ਬਰਦਾਸ਼ਤ ਨਹੀਂ ਕਰ ਸ਼ਕਦੀ।

ਗਿਰਧਾਰੀ : ਇਕੋ ਵਾਰੀ ਕਹਿ ਦੇ ਤੂੰ ਕੀ ਕੀ ਬਰਦਾਸ਼ਤ ਨਹੀਂ ਕਰ ਸਕਦੀ !

ਰਾਮ ਪਿਆਰੀ : ਚਲ ਛੱਡ ਰਾਣੀ......ਇਹ ਮਰਦ ਹੁੰਦੇ ਈ ਏਹੋ ਜੇਹੇ ਨੇ।

ਰਾਣੀ : ਏਸ ਬੰਦੇ ਨੇ ਮੇਰੀ ਜ਼ਿੰਦਗੀ ਹਰਾਮ ਕਰ ਦਿੱਤੀ ਏ।

ਰਾਮ ਪਿਆਰੀ : ਤੂੰ ਹੁਣੇ ਈਂ ਘਬਰਾ ਗਈ ਏਂ, ਮੈਂ ਤੇ ਵੀਹ ਸਾਲ ਕੱਟੇ ਨੇ ਏਸ ਬੰਦੇ ਨਾਲ।

ਬਨਵਾਰੀ : ਤੁਸੀਂ ਕੀ ਬੋਲ ਰਹੇ ਓ। ਇਨ੍ਹਾਂ ਵੀਹ ਸਾਲਾਂ ਵਿਚ ਮੈਂ ਤੁਹਾਨੂੰ ਖੁਸ਼ ਕਰਨ ਵਾਸਤੇ ਕੀ ਕੀ ਨਹੀਂ ਕੀਤਾ।

ਗਿਰਧਾਰੀ : ਤੇ ਮੈਂ ਇਹਨੂੰ ਖੁਸ਼ ਕਰਨ ਵਾਸਤੇ ਕੀ ਕੀ ਨਹੀਂ ਕੀਤਾ ? ਪੁਛ ਇਹਨੂੰ ?

ਰਾਮ ਪਿਆਰੀ : ਸਾਨੂੰ ਖੁਸ਼ ਕੀਤਾ ਜੇ ? ਖੁਸ਼ ਰੌਹ ਪਿਆਰੇ !

ਬਨਵਾਰੀ :
ਗਿਰਧਾਰੀ : } ਖੁਸ਼ ਨਹੀਂ ਤੇ ਹੋਰ ਕੀ ?

ਔਰਤਾਂ : (ਹੱਸਦੀਆਂ ਨੇ) (ਦਰਸ਼ਕਾਂ ਨੂੰ) ਮੈਂ ਕਿਹਾ ਸੁਣਿਆ ਜੇ...

ਬਨਵਾਰੀ : ਉਹਨਾਂ ਨੂੰ ਕੀ ਦਸ ਰਹੇ ਓ। ਉਹ ਕਿਹੜੇ ਤੁਹਾਡੇ ਦਿਓਰ ਲਗਦੇ ਨੇ।

ਔਰਤਾਂ : ਬਸ ਬਸ ਜ਼ਿਆਦਾ ਮੂੰਹ ਖੋਲ੍ਹਣ ਦੀ ਲੋੜ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਰਧਾਰੀ : ਤੁਸੀਂ ਚੁੱਪ ਹੁੰਦੀਆਂ ਓ ਕਿ ਨਹੀਂ ?

ਸੁਨੀਲ : (ਉੱਚੀ ਸਾਰੀ) ਸਾਰੇ ਚੁੱਪ ਰਹੋ, ਕਿਸੇ ਨੂੰ ਪੜ੍ਹਨ ਵੀ ਦਿਉਗੇ ਕਿ ਨਹੀਂ । ਇਹ ਘਰ ਏ ਕਿ ਪਾਗਲਖਾਨਾ !

(ਉਹ ਚਲਾ ਜਾਂਦਾ ਏ ਪਰ ਬਹਿਸ ਜਾਰੀ ਰਹਿੰਦੀ ਏ)

ਰਾਣੀ : ਏਸ ਬੰਦੇ ਨਾਲ ਵਿਆਹ ਕਰ ਕੇ ਮੈਨੂੰ ਕੀ ਲੱਭਾ ਏ ?

ਗਿਰਧਾਰੀ : ਮੈਂ ਕਿਹਾ ਜ਼ਬਾਨ ਤੇ ਕਾਬੂ ਰੱਖ ।

ਰਾਣੀ : ਤੁਸੀਂ ਕੀ ਸਮਝਦੇ ਹੋ ਮੈਂ ਤੁਹਾਡੇ ਨਾਲ ਵਿਆਹ ਕੀਤਾ ਸੀ ਭਈ ਤੁਹਾਡੇ ਘਰ ਵਿਚ ਝਾੜੂ ਦੇ ਸਕਾਂ ? ਭਾਂਡੇ ਮਾਂਜ ਸਕਾਂ ? ਰੋਟੀਆਂ ਪਕਾ ਸਕਾਂ ? ਤੁਸੀਂ ਕੀ ਸਮਝਦੇ ਓ ਮੈਂ ਇਸ ਕਰ ਕੇ ਤੁਹਾਡੇ ਨਾਲ ਵਿਆਹ ਕੀਤਾ ਸੀ ?

ਗਿਰਧਾਰੀ : ਤੁਸੀਂ ਆਪੇ ਈ ਦੱਸੋ ਤੁਹਾਨੂੰ ਕੀ ਚਾਹੀਦਾ ਏ ?

ਰਾਣੀ : ਕਿਸੇ ਸਿਆਣੇ ਨੂੰ ਪੁਛ ਕੇ ਵੇਖੋ ਔਰਤ ਕੀ ਮੰਗਦੀ ਏ ? ਤੁਸੀਂ ਤੇ ਮੇਰੇ ਨਾਲ ਇੰਝ ਰਹਿ ਰਹੇ ਹੋ ਜਿਸ ਤਰ੍ਹਾਂ ਮੇਰਾ ਤਲਾਕ ਹੋ ਚੁਕਾ ਹੋਵੇ ।

ਰਾਮ ਪਿਆਰੀ : ਕਿਉਂ ਰਾਣੀ, ਭਾਈ ਸਾਹਿਬ ਤੇਰੇ ਕਮਰੇ ਵਿਚ ਨਹੀਂ ਸੌਂਦੇ ?

ਰਾਣੀ : ਸੌਂਦੇ ਨੇ ਪਰ ਬਸ ਸੁੱਤੇ ਈ ਰਹਿੰਦੇ ਨੇ ।

ਰਾਮ ਪਿਆਰੀ : ਜੇ ਏਸ ਉਮਰ ਵਿਚ ਈ ਨੀਂਦਰਾਂ ਆਉਣੀਆਂ ਸ਼ੁਰੂ ਹੋ ਗਈਆਂ ਨੇ ਤਾਂ ਅੱਗੇ ਜਾ ਕੇ ਕੀ ਬਣੇਗਾ ? ਸਾਡੇ ਵਿਆਹ ਨੂੰ ਵੀਹ ਸਾਲ ਹੋ ਗਏ ਨੇ, ਅਜੇ ਵੀ ਅੱਧੀ ਰਾਤ ਤਕ ਨਾ ਮੈਂ ਆਪ ਸੌਂਦੀ ਆਂ ਤੇ ਨਾ ਇਨ੍ਹਾਂ ਨੂੰ ਸੌਣ ਦਿੰਦੀ ਆਂ ।

(ਬੜੀ ਮੁਹੱਬਤ ਭਰੀ ਨਜ਼ਰ ਨਾਲ ਬਨਵਾਰੀ ਨੂੰ ਵੇਖਦੀ ਏ) ਕਿਉਂ ਜੀ ? (ਬਨਵਾਰੀ ਸ਼ਰਮਾ ਜਾਂਦਾ ਹੈ)

ਗਿਰਧਾਰੀ : (ਆਪਣੀ ਵਹੁਟੀ ਨੂੰ) ਤੂੰ ਬੋਲ, ਤੂੰ ਕੀ ਚਾਹੁੰਦੀ ਏਂ । ਅਜ ਦੀ ਰਾਤ ਘਰ ਕੱਟਾਂ ? ਉਥੇ ਹੋਟਲ ਵਿਚ ਭੂਤਾਂ ਦੀ ਇਨ-ਕੁਇਰੀ ਕੌਣ ਕਰੇਗਾ ?

ਰਾਣੀ : ਜਾਓ-ਜਾਓ ਜਾ ਕੇ ਨਾਲੀਆਂ ਤੇ ਨਲਕੇ ਵੇਖੋ । ਜੇ ਰਾਤ ਘਰ ਵੀ ਰਹਿ ਜਾਉਗੇ ਤਾਂ ਤੁਸੀਂ ਕਿਹੜੇ ਖੋਹਣ ਖੋਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੈਣ ਨ।

ਗਿਰਧਾਰੀ : ਓਏ ਫਿਰ ਸ਼ੁਰੂ ਹੋ ਗਈ ਏਂ ?

ਰਾਣੀ : ਜਾਓ-ਜਾਓ, ਬਰਫ਼ ਦਾ ਗੋਲਾ ਨਾ ਹੋਣ ਤੇ...ਭਗਵਾਨ ਦਾ ਸ਼ੁਕਰ ਕਰੋ ਮੈਂ ਅੱਜ ਤਕ ਕਿਸੇ ਦੂਜੇ ਮਰਦ ਨੂੰ ਨਜ਼ਰ ਭਰ ਕੇ ਨਹੀਂ ਵੇਖਿਆ।

ਗਿਰਧਾਰੀ : ਓਏ ਰਹਿਣ ਦੇ। ਹੁਣ ਏਸ ਉਮਰ ਵਿਚ ਲਗੀ ਏਂ ਹੀਰ ਬਣਨ।

ਬਨਵਾਰੀ : (ਅਚਾਨਕ ਰਾਣੀ ਦਾ ਹਿਮਾਯਤੀ ਬਣ ਕੇ) ਭਰਜਾਈ ਸੱਚ ਕਹਿ ਰਹੀ ਏ।

ਗਿਰਧਾਰੀ : ਤੂੰ ਖਲੋਤਾ ਰੋਹ ਆਪਣੀ ਥਾਂ ਤੇ।

ਰਾਣੀ : ਮੈਂ ਕਿਹਾ ਮੈਨੂੰ ਤੱਤਾ ਨਾ ਕਰੋ। ਮੈਂ ਅਜ ਵੀ ਚਾਹਵਾਂ ਨਾ ਤਾਂ ਕਿਸੇ ਹੋਰ ਮਰਦ ਕੋਲੋਂ ਉਹ ਖੁਸ਼ੀ ਹਾਸਿਲ ਕਰ ਸਕਦੀ ਆਂ ਜਿਹੜੀ ਤੁਸੀਂ ਮੈਨੂੰ ਨਹੀਂ ਦੇ ਸਕੇ।

ਗਿਰਧਾਰੀ : (ਹੱਸ ਕੇ) ਜਾ ਵਾਈ ਮੇਰੇ ਵਲੋਂ ਛੁੱਟੀ ਆ। ਜੇ ਕੋਈ ਰਾਂਝਾ ਲੱਭਦਾ ਈ ਤੇ ਉਹਨੂੰ ਲੈ ਜਾ ਝਨਾਂ ਦੇ ਕੰਢੇ, ਤੇ ਕਰ ਲੈ ਐਸ਼ਾਂ।

ਰਾਣੀ : ਮੈਂ ਕਿਹਾ ਮੈਨੂੰ ਤੱਤਾ ਨਾ ਕਰੋ। ਨਾ ਕਰੋ ਤੱਤਾ। ਮੇਰੇ ਇਕ ਇਸ਼ਾਰੇ ਦੀ ਦੇਰ ਏ, ਮਰਦਾਂ ਦੀ ਲਾਈਨ ਲਗ ਜਾਣੀ ਏਂ।

ਗਿਰਧਾਰੀ : ਲਵਾ ਦੇ ਲਾਈਨ, ਜ਼ਰਾ ਅਸੀਂ ਵੀ ਤੇ ਵੇਖੀਏ।

ਰਾਮ ਪਿਆਰੀ : ਮੈਂ ਆਖਿਆ ਭਾਈ ਸਾਹਿਬ ਕੀ ਕਹਿ ਰਹੇ ਹੋ ? ਗਲ ਬਹੁਤ ਵਧ ਗਈ ਏ।

ਗਿਰਧਾਰੀ : ਇਸ ਔਰਤ ਨੇ ਮੈਨੂੰ ਪਾਗਲ ਕਰ ਦਿਤਾ ਏ। ਜਾਣ ਦਿਉ ਇਹਨੂੰ ਆਪਣੇ ਯਾਰ ਕੋਲ, ਜੇ ਕੋਈ ਲਭ ਗਿਆ ਤਾਂ। ਮੈਂ ਕਿਹਾ ਜੇ ਕੋਈ ਅਕਲ ਦਾ ਅੰਨ੍ਹਾ ਲਭ ਜਾਏ ਤਾਂ ਉਹਦੇ ਕੋਲ ਈ ਟਿਕ ਜਾਣਾ।

ਰਾਣੀ : (ਬਨਵਾਰੀ ਨੂੰ) ਮੈਂ ਆਖਿਆ ਭਾਈ ਸਾਹਿਬ, ਸੁਣਿਆ ਜੇ !

ਬਨਵਾਰੀ : ਤੁਸੀਂ ਦੋਨੋਂ ਹੀ ਝੱਲੇ ਹੋ ਗਏ ਹੋ। ਤੁਹਾਡਾ ਦਿਮਾਗ਼ ਖਰਾਬ ਹੋ ਗਿਆ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਣੀ : [illegible] ਮਰਦ ਲੱਭ ਲੈ।

ਗਿਰਧਾਰੀ : ਆਹੋ......ਆਪੇ ਈ ਕਿਹਾ ਏ......ਜਾਹ ਫੇਰ, ਜਾਂਦੀ ਕਿਉਂ ਨਹੀਂ ?

ਰਾਮ ਪਿਆਰੀ : ਕਿਉਂ ਗਲ ਵਧਾ ਰਹੇ ਹੋ ਭਾਈ ਸਾਹਿਬ। ਚਲੋ, ਪਾਓ ਜੱਫੀ ਤੇ ਸੁਲਾਹ ਕਰ ਲਉ।

ਗਿਰਧਾਰੀ : ਜੱਫੀ......ਹੁਣ ਜੱਫੀ ਛੱਫੀ ਖਤਮ। ਹੁਣ ਹੋਰ ਈ ਕੋਈ ਆ ਕੇ ਪਾਏਗਾ ਜੱਫੀਆਂ।

(ਬਾਹਰ ਚਲਾ ਜਾਂਦਾ ਏ)

ਰਾਮ ਪਿਆਰੀ : ਮੈਂ ਕਿਹਾ ਭਾਈ ਸਾਹਿਬ ਸੁਣੋ ਤੇ ਸਹੀ। ਗੱਲ ਤੇ ਸੁਣੋਂ।

(ਮਗਰ ਮਗਰ ਬਾਹਰ ਨਿਕਲ ਜਾਂਦੀ ਏ)

ਬਨਵਾਰੀ : (ਮਗਰ ਮਗਰ ਦਰਵਾਜ਼ੇ ਤਕ) ਤੂੰ ਬਹੁਤ ਬੜੀ ਗਲਤੀ ਕਰ ਰਿਹਾ ਏਂ ਗਿਰਧਾਰੀ। ਪਛਤਾਏਂਗਾ।

ਰਾਣੀ : (ਸੋਫੇ ਤੇ ਸਿਰ ਰੱਖ ਕੇ) ਦੇਖਿਆ ਜੇ ਮੇਰੇ ਨਾਲ ਕਿਸ ਤਰ੍ਹਾਂ ਗੱਲਾਂ ਕਰਦਾ ਏ ਮੇਰਾ ਘਰ ਵਾਲਾ। ਕਹਿੰਦਾ ਏ ਜਾਹ, ਜਾ ਕੇ ਯਾਰ ਲੱਭ ਲੈ।

ਬਨਵਾਰੀ : ਰਾਣੀ ਜੀ, ਮੈਂ ਤਹਾਨੂੰ ਬਹੁਤ ਪਿਆਰ ਕਰਦਾ ਆਂ।

ਰਾਣੀ : (ਸੋਫੇ ਤੋਂ ਉਠ ਕੇ) ਹੈਂ......ਤੁਸੀਂ ਗਿਰਧਾਰੀ ਦੇ ਦੋਸਤ ਹੋ ਕੇ ਇੰਝ ਕਹਿ ਰਹੇ ਹੋ ?

ਬਨਵਾਰੀ : ਦੇਖ ਰਾਣੀ, ਮੈਂ ਤੇ ਗਿਰਧਾਰੀ ਨੂੰ ਰੋਕਿਆ......ਮੈਂ ਤੇ ਕਿਹਾ ਇੰਝ ਨਾ ਕਰ, ਪਰ ਉਹ ਨਹੀਂ ਮੁੜਿਆ......ਮੈਂ ਤੇ ਯਾਰੀ ਨਿਭਾਈ ਏ। ਤੁਸੀਂ ਦੱਸੋ ਨਿਭਾਈ ਹੈ ਕਿ ਨਹੀਂ ?

ਰਾਣੀ : ਨਿਭਾਈ ਏ।

ਬਨਵਾਰੀ : ਮੈਂ ਤੇ ਉਹਨੂੰ ਕਿਹਾ ਏ ਤੂੰ ਗਲਤੀ ਕਰ ਰਿਹਾ ਏਂ ਗਿਰਧਾਰੀ ਲਾਲ ! ਪਰ ਉਹ ਅੱਗੋਂ ਦੰਦੀਆਂ ਕੱਢਦਾ ਏ। ਤੁਸੀਂ ਆਪ ਉਹਨੂੰ ਕਿਹਾ ਮੈਂ ਕੋਈ ਹੋਰ ਮਰਦ ਲੱਭ ਲਾਂਗੀ। ਉਹ ਕਹਿੰਦਾ ਲੱਭ ਲੈ। ਮੈਂ ਕਹਿੰਦਾਂ ਰਾਣੀ ਜੀ, ਜੇ ਤੁਹਾਡੇ ਵਿਚ ਜ਼ਰਾ ਵੀ ਕਰੈਕਟਰ ਏ, ਜ਼ਰਾ ਵੀ ਅਣਖ ਏ, ਤਾਂ ਤੁਹਾਨੂੰ ਚਾਹੀਦਾ ਏ ਦੂਜਾ ਮਰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫੋਰਨ ਲੱਭੋ । ਇਹ ਤੁਹਾਡੀ ਇੱਜ਼ਤ ਦਾ ਸਵਾਲ ਏ ।

ਰਾਣੀ : ਗੱਲ ਤੇ ਤੁਹਾਡੀ ਠੀਕ ਏ (ਸੋਫ਼ੇ ਤੋਂ ਉਠ ਜਾਂਦੀ ਏ) ਪਰ ਮੈਂ ਤਾਂ ਏਵੇਂ ਈ ਕਹਿ ਦਿੱਤਾ ਸੀ । ਔਰ ਫਿਰ ਏਡੀ ਛੇਤੀ......

ਬਨਵਾਰੀ : ...ਦੂਜਾ ਮਰਦ ਨਹੀਂ ਲਭਦਾ । ਮੈਂ ਕਹਿਨਾਂ ਤੁਸੀਂ ਇਹ ਸੇਵਾ ਮੈਨੂੰ ਦੱਸੋ ।

ਰਾਣੀ : ਤੁਸੀਂ ?

ਬਨਵਾਰੀ : ਹਾਂ ਜੀ-ਮੈਂ......ਰਾਣੀ ਜੀ ! ਮੈਂ ਰਾਜਪੂਤ ਆਂ ਰਾਜਪੂਤ । ਮੈਂ ਕਿਸੇ ਔਰਤ ਦੀ ਬੇਇੱਜ਼ਤੀ ਹੁੰਦੀ ਨਹੀਂ ਵੇਖ ਸਕਦਾ । ਤੁਹਾਡੇ ਘਰ ਵਾਲੇ ਨੇ ਤੁਹਾਨੂੰ ਚੈਲੇਂਜ ਦਿਤਾ ਏ ਕਿ ਲੱਭ ਯਾਰ । ਮੈਂ ਕਹਿਨਾਂ ਤੁਸੀਂ ਇਹੋ ਜਿਹੀ ਸੇਵਾ ਮੈਨੂੰ ਦੱਸੋ ।

ਰਾਣੀ : ਇਹ ਤੁਸੀਂ ਕੀ ਕਹਿ ਰਹੇ ਓ । ਉਹਨਾਂ ਦੇ ਯਾਰ ਹੋ ਕੇ...

ਬਨਵਾਰੀ : ਰਾਣੀ ਜੀ ਮੈਂ ਤੇ ਯਾਰ ਨੂੰ ਧੋਖਾ ਦੇਣ ਵਾਲੇ ਦੇ ਮੂੰਹ ਤੇ ਥੁੱਕਣ ਵਾਲਾ ਆਦਮੀ ਆਂ । ਪਰ ਰਾਜਪੂਤੀ ਖ਼ੂਨ ਵੀ ਤੇ ਕੋਈ ਚੀਜ਼ ਏ ! ਰਾਣੀ, ਆ ਜਾ ਮੇਰੀਆਂ ਬਾਹਾਂ ਵਿਚ ਸਾਰੀ ਦੀ ਸਾਰੀ ।

ਰਾਣੀ : ਭਾਈ ਸਾਹਿਬ ਹੋਸ਼ ਵਿਚ ਆਉ । ਮੈਂ ਇਕ ਇੱਜ਼ਤਦਾਰ ਵਿਆਹੁਤਾ ਇਸਤਰੀ ਆਂ, ਮੇਰੀ ਕੁਝ ਜ਼ੁਮੇਂਦਾਰੀ ਏ ।

ਬਨਵਾਰੀ : ਕਦੀ ਕਦੀ ਜ਼ੁਮੇਂਦਾਰੀ ਨੂੰ ਭੁਲਣਾ ਵੀ ਪੈਂਦਾ ਏ ।

ਰਾਣੀ : ਕਦੋਂ ?

ਬਨਵਾਰੀ : ਤੁਸੀਂ ਮੇਰੇ ਵਲ ਵੇਖੋ, ਮੇਰੀ ਵੀ ਤੇ ਕੁਝ ਜ਼ੁਮੇਂਦਾਰੀ ਏ । ਮੈਂ ਇਕ ਸ਼ਾਦੀ-ਸ਼ੁਦਾ ਆਦਮੀ ਆਂ । ਮੇਰੀ ਇਕੋ ਇਕ ਪਤਨੀ ਮੇਰੇ ਤੇ ਜਾਨ ਦਿੰਦੀ ਏ, ਲੇਕਿਨ ਮੈਂ ਇਹ ਸਭ ਕੁਝ ਭੁਲਣ ਨੂੰ ਤਿਆਰ ਆਂ । ਕਿਉਂ ? ਏਸ ਵਾਸਤੇ ਕਿ ਮੇਰਾ ਰਾਜਪੂਤੀ ਖ਼ੂਨ ਵਾਜਾਂ ਮਾਰ ਮਾਰ ਕੇ ਮੈਨੂੰ ਕਹਿ ਰਿਹਾ ਏ ਕਿ ਬਨਵਾਰੀ ਲਾਲ, ਇਕ ਔਰਤ ਦੀ ਇੱਜ਼ਤ ਦੀ ਖ਼ਾਤਰ ਆਪਣਾ ਸਭ ਕੁਝ ਲੁਟਾ ਦੇ ।

ਰਾਣੀ : ਇਹ ਤੇ ਠੀਕ ਏ......

ਬਨਵਾਰੀ : ਗਿਰਧਾਰੀ ਨੇ ਸਾਡੇ ਦੋਹਾਂ ਦੀ ਬੇਇੱਜ਼ਤੀ ਕੀਤੀ ਏ, ਔਰ ਸਾਡੇ ਰਾਜਪੂਤਾਂ ਵਿਚ ਤੇ ਇਹ ਹੈ ਕਿ ਜੇ ਕਿਸੇ ਨੇ ਸਾਡੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਜ਼ਤ ਤੇ ਹਮਲਾ ਕਰ ਦਿਤਾ, ਫੇਰ ਅਸੀਂ ਕੋਡ਼ ਨਹੀਂ ਵਿਖਾਂਦੇ। ਆ ਜਾਉ, ਅਸੀਂ ਦੋਵੇਂ ਗਿਰਧਾਰੀ ਲਾਲ ਕੋਲੋਂ ਬਦਲਾ ਲਈਏ, ਤੇ ਰਜ ਰਜ ਕੇ ਲਈਏ।

ਰਾਣੀ : ਨਹੀਂ।

ਬਨਵਾਰੀ : ਮੈਂ ਕਹਿੰਦਾਂ ਅੱਗੇ ਵਧੋ।

ਰਾਣੀ : ਕਿਧਰ ?

ਬਨਵਾਰੀ : ਕਿਸੇ ਪਾਸੇ ਚਲ ਪਉ, ਇਕੋ ਈ ਗੱਲ ਏ। ਪਰ ਮੇਰੇ ਮੋਢੇ ਨਾਲ ਮੋਢਾ ਮਿਲਾ ਕੇ ਚਲੋ।

ਰਾਣੀ : (ਬਾਂਹ ਛੁਡਾ ਕੇ) ਨਹੀਂ ਬਨਵਾਰੀ ਜੀ ਨਹੀਂ। ਮੈਂ ਇਹ ਨਹੀਂ ਕਰ ਸਕਦੀ।

ਬਨਵਾਰੀ : ਤੁਹਾਡੇ ਕਦਮ ਡਗਮਗਾ ਰਹੇ ਨੇ ? ਵਾਹ ! ਰਾਣੀ ਜੀ ਵਾਹ ! ਏਨੀ ਛੇਤੀ ਆਪਣੀ ਬੇਇੱਜ਼ਤੀ ਨੂੰ ਭੁੱਲ ਵੀ ਗਏ ਹੋ।

ਰਾਣੀ : ਮੈਂ ਆਪਣੀ ਬੇਇੱਜ਼ਤੀ ਕਦੀ ਭੁੱਲ ਨਹੀਂ ਸਕਦੀ।

ਬਨਵਾਰੀ : ਭੁੱਲ ਗਏ ਉ ! ਤਾਂਹੀ ਤੇ ਆਪਣੇ ਫਰਜ਼ ਯਾਦ ਕਰ ਰਹੇ ਓ। ਮੈਂ ਪੁੱਛਦਾਂ......ਗਿਰਧਾਰੀ ਆਪਣੇ ਫਰਜ਼ ਦਾ ਪਾਲਣ ਕਰ ਰਿਹਾ ਏ, ਬਤੌਰ ਖਾਵੰਦ ਦੇ, ਬਤੌਰ ਮਰਦ ਦੇ ?

ਰਾਣੀ : ਨਹੀਂ।

ਬਨਵਾਰੀ : ਉਹਦੀ ਪਰੀਆਂ ਵਰਗੀ ਵਹੁਟੀ ਏ, ਪਰ ਉਹ ਤੁਹਾਨੂੰ ਸਮਝਦਾ ਏ ਜਿਸ ਤਰ੍ਹਾਂ ਸੜਿਆ ਹੋਇਆ ਵਤਾਊਂ ਹੋਵੇ।

ਰਾਣੀ : ਬਿਲਕੁਲ ਉਹਨੇ ਮੈਨੂੰ ਸੜਿਆ ਹੋਇਆ ਵਤਾਊਂ ਸਮਝਿਆ ਏ।

ਬਨਵਾਰੀ : ਬਸ, ਫਿਰ ਇਸ ਬੇਇੱਜ਼ਤੀ ਦਾ ਇਕੋ ਈ ਇਲਾਜ ਏ, ਬਦਲਾ......ਬਦਲਾ ਲਉ, ਔਰ ਰਜ ਕੇ ਲਉ। ਤੇ ਜ਼ਰਾ ਜਲਦੀ ਲਉ।

ਰਾਣੀ : ਬਿਲਕੁਲ ਠੀਕ। ਬਦਲਾ......(ਸੋਫੇ ਤੇ ਬੈਠ ਕੇ) ਬਨਵਾਰੀ ਜੀ ! ਤੁਸੀਂ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ ਨੇ।

ਬਨਵਾਰੀ : ਤੁਸੀਂ ਮੈਨੂੰ ਮੌਕਾ ਤੇ ਦਿਉ। ਮੈਂ ਤੁਹਾਨੂੰ ਵਿਖਾ ਦਿਆਂਗਾ ਮਰਦ ਹੁੰਦਾ ਕੀ ਏ......ਮਰਦ ਹੁੰਦਾ ਏ ਜਿਸਮ ਦਾ ਮਜ਼ਬੂਤ, ਦਿਲ ਦਾ ਨਰਮ, ਔਰ ਮੁਹੱਬਤ ਕਰੇ ਐਸੀ ਕਿ ਮਸ਼ੂਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਨ ਚੜ੍ਹ ਗਏ ਉਹ।

(ਰਾਣੀ ਨੂੰ ਧੱਕਾ ਦੇ ਕੇ ਸੋਫ਼ੇ ਤੇ ਗਿਰਾ ਦਿੰਦਾ ਏ)

ਰਾਣੀ : ਬਨਵਾਰੀ ਜੀ ਤੁਸੀਂ ਲਗ਼ਦੇ ਤੇ ਐਵੇਂ ਜਹੇ ਉ, ਪਰ ਔਰਤ ਦਾ ਦਿਲ ਜਿੱਤਣਾ ਤੁਹਾਨੂੰ ਖ਼ੂਬ ਆਉਂਦਾ ਏ।

ਬਨਵਾਰੀ : ਹੁਣ ਆਏ ਹੋ ਸਿੱਧੇ ਰਸਤੇ ਤੇ।

ਰਾਣੀ : ਧਰਮ ਨਾਲ ਕਹਿਨੀ ਆਂ, ਜੇ ਕਦੇ ਇਕ ਘੰਟਾ ਪਹਿਲੇ ਤੁਸੀਂ ਮੇਰੇ ਨਾਲ ਇਸ਼ਕ ਦੀ ਗੱਲ ਕਰਦੇ ਤਾਂ ਮੈਂ ਜੁੱਤੀ ਲਾਹ ਲੈਣੀ ਸੀ।

ਬਨਵਾਰੀ : ਤਾਂਹੀਏ ਤੇ ਚੰਨ ਜੀ ਸਿਆਣੇ ਕਹਿ ਗਏ ਨੇ ਸ਼ਤਾਬੀ ਕਰੇ ਖ਼ਰਾਬੀ।

ਰਾਣੀ : ਲੇਕਿਨ ਹੁਣ ਮੇਰੀ ਹਾਲਤ ਇਹ ਹੈ ਕਿ......ਤੁਸੀਂ ਜਿਸ ਤਰ੍ਹਾਂ ਕਹੋਗੇ ਮੈਂ ਉਸੇ ਤਰ੍ਹਾਂ ਕਰਾਂਗੀ।

ਬਨਵਾਰੀ : (ਜੱਫੀ ਪਾ ਕੇ) ਰਾਣੀ ਜੀ, ਮੈਂ ਇਸ ਵੇਲੇ ਬਦਲਾਂ ਵਿਚ ਤੈਰ ਰਿਹਾ ਹਾਂ।

ਰਾਮ ਪਿਆਰੀ : (ਆਫ਼ ਸਟੇਜ) ਮੈਂ ਕਿਹਾ ਜੀ।

ਬਨਵਾਰੀ : ਅਸੀਂ ਡੁੱਬ ਗਏ।

(ਰਾਣੀ ਪਰ੍ਹਾਂ ਹੋ ਜਾਂਦੀ ਏ, ਬਨਵਾਰੀ ਉਹਦੇ ਮਗਰ ਜਾ ਕੇ) ਰਾਣੀ ਜੀ! ਵਕਤ ਜ਼ਾਇਆ ਨਾ ਕਰੀਏ, ਤੁਹਾਡਾ ਘਰ ਵਾਲਾ ਅੱਜ ਰਾਤੀਂ ਘਰ ਨਹੀਂ, ਤਸੀਂ ਅੱਜ ਆਜ਼ਾਦ ਆਂ, ਪੂਰੇ ਦੀ ਵਾ ਵਾਕਣ ਆਜ਼ਾਦ, ਔਰ ਮੈਂ ਕੋਈ ਨਾ ਕੋਈ ਬਹਾਨਾ ਕਰ ਕੇ ਪੂਰੇ ਦੀ ਵਾ ਵਾਕਣ ਆਜ਼ਾਦ ਹੋਣ ਦੀ ਕੋਸ਼ਿਸ਼ ਕਰਨਾਂ।

ਰਾਣੀ : ਜ਼ਰੂਰ ਕਰਨਾ।

ਬਨਵਾਰੀ : (ਮੁਹੱਬਤ ਦਾ ਮਰਿਆ ਹੋਇਆ) ਰਾਣੀ ਜੀ! ਮੈਂ ਅੱਜ ਰਾਤੀਂ ਤੁਹਾਨੂੰ ਜ਼ਰੂਰ ਮਿਲਾਂਗਾ?

ਰਾਣੀ : (ਪੱਕਾ ਪਤਾ ਪੁਛਦੀ ਹੋਈ) ਕਿਥੇ?

ਬਨਵਾਰੀ : ਕਿਥੇ? ਇਹ ਤੇ ਮੈਂ ਸੋਚਿਆ ਈ ਨਹੀਂ। ਕੋਈ ਗੱਲ ਨਹੀਂ। ਕੋਈ ਨਾ ਕੋਈ ਥਾਂ ਲਭ ਜਾਏਗੀ। ਥਾਂ ਲਭ ਕੇ ਮੈਂ ਤੁਹਾਨੂੰ ਖਬਰ ਕਰ ਦਿਆਂਗਾ। ਔਰ ਫਿਰ.....

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਬਦਲਾ (ਰਾਮ ਪਿਆਰੀ ਨੂੰ ਵੇਖ ਕੇ) ਮੇਰੀ ਵਹੁਟੀ......

(ਰਾਣੀ ਨੂੰ ਛਡ ਕੇ ਬਨਵਾਰੀ ਜਾ ਕੇ ਆਪਣੀ ਮੇਜ਼ ਤੇ ਬੈਠ ਜਾਂਦਾ ਏ ਤੇ ਕੰਮ ਕਰਨ ਲਗ ਪੈਂਦਾ ਏ)

ਰਾਮ ਪਿਆਰੀ : (ਅੰਦਰ ਆ ਕੇ) ਗਿਰਧਾਰੀ ਲਾਲ ਹੋਰਾਂ ਤੇ ਹੱਦ ਕਰ ਛੱਡੀ ਏ।

ਬਨਵਾਰੀ : ਕਿਉਂ ?

ਰਾਮ ਪਿਆਰੀ : ਮੈਂ ਸਮਝਾ ਰਹੀ ਸਾਂ ਕਿ ਭਾਈ ਤੁਹਾਡਾ ਆਪਸ ਦਾ ਝਗੜਾ ਏ, ਸੁਲ੍ਹਾ ਕਰ ਲਉ, ਪਤਾ ਏ ਕੀ ਕਹਿਣ ਲੱਗੇ ? ਤੁਸੀਂ ਆਪਣਾ ਕੰਮ ਕਰੋ, ਸਾਡੇ ਮਾਮਲੇ ਵਿਚ ਟੰਗ ਅੜਾਣ ਦੀ ਕੋਈ ਲੋੜ ਨਹੀਂ।

ਰਾਣੀ : ਉਹਨੂੰ ਧੇਲੇ ਦੀ ਤਮੀਜ਼ ਨਹੀਂ।

ਬਨਵਾਰੀ : ਮਾੜੀ ਗੱਲ ਏ।

ਰਾਮ ਪਿਆਰੀ : ਤੁਸੀਂ ਕਹਿੰਦੇ ਹੋ ਮਾੜੀ...... ਮੈਂ ਕਹਿੰਦੀ ਆਂ ਬਹੁਤ ਮਾੜੀ ਗੱਲ ਏ।

ਬਨਵਾਰੀ : ਆਪਣੇ ਤੋਂ ਵੱਡੀ ਉਮਰ ਦੀ ਔਰਤ ਨਾਲ ਗਿਰਧਾਰੀ ਨੂੰ ਇੰਝ ਨਹੀਂ ਸੀ ਬੋਲਣਾ ਚਾਹੀਦਾ।

ਰਾਮ ਪਿਆਰੀ : ਉਮਰ ਦਾ ਚੱਕਰ ਕਿਉਂ ਪਾਂਦੇ ਪਏ ਹੋ......(ਰਾਣੀ ਨੂੰ) ਰਾਣੀ, ਮੈਨੂੰ ਤੇ ਧਰਮ ਨਾਲ ਬੜੀ ਤਕਲੀਫ਼ ਹੁੰਦੀ ਏ ਕਿ ਤੈਨੂੰ ਇਹੋ ਜਿਹੇ ਘਰ ਵਾਲੇ ਨਾਲ ਕਟਣੀ ਪੈ ਰਹੀ ਏ। ਤੈਨੂੰ ਉਦ੍ਹੇ ਕੋਲੋਂ ਕੋਈ ਪਿਆਰ ਨਹੀਂ ਮਿਲਿਆ।

ਬਨਵਾਰੀ : (ਆਪਣੇ ਆਪ ਨੂੰ ਭੁਲ ਕੇ) ਏਦ੍ਹਾ ਇੰਤਜ਼ਾਮ ਵੀ ਕਰ ਰਹੇ ਆਂ।

ਰਾਮ ਪਿਆਰੀ : ਕਿਦ੍ਹਾ ਇੰਤਜ਼ਾਮ ?

ਬਨਵਾਰੀ : (ਹੋਸ਼ ਵਿਚ ਆ ਕੇ) ਨਹੀਂ ਨਹੀਂ, ਮੈਂ ਤੇ ਕੁਝ ਵੀ ਨਹੀਂ ਕਿਹਾ।

ਰਾਮ ਪਿਆਰੀ : ਕਦੀ ਇਹ ਮੇਰੇ ਨਾਲ ਇਸ ਤਰ੍ਹਾਂ ਬੱਦਤਮੀਜ਼ੀ ਕਰਨ ਨਾ, ਤੇ......

ਬਨਵਾਰੀ : ਤੁਸੀਂ ਕੀ ਕਰੋਗੇ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ ਪਿਆਰੀ : ਮੈਂ......ਮੈਂ ਇਕ ਮਿੰਟ ਨਹੀਂ ਲਾਵਾਂਗੀ.....

ਰਾਣੀ : ਤੁਸੀਂ ਕੀ ਕਰੋਗੇ ?

ਰਾਮ ਪਿਆਰੀ : ਮੈਂ ? ਮੈਂ ਤੇ ਜਿਹੜਾ ਪਹਿਲਾ ਆਦਮੀ ਮਿਲੇਗਾ, ਉਹਨੂੰ ਜੱਫੀ ਪਾ ਲਾਂਗੀ ।

ਬਨਵਾਰੀ : ਨਹੀਂ ।

ਰਾਮ ਪਿਆਰੀ : ਮੈਂ ਜ਼ਰੂਰ ਕਰਾਂਗੀ ।

ਬਨਵਾਰੀ : (ਦਰਸ਼ਕਾਂ ਨੂੰ) ਉਹ ਵਿਚਾਰਾ ਭਾਰ ਨਾਲ ਈ ਮਰ ਜਾਏਗਾ ।
(ਫੂਲਾਂ ਚਿੱਠੀਆਂ ਲੈ ਕੇ ਅੰਦਰ ਆਉਂਦੀ ਏ)

ਫੂਲਾਂ : ਬੀਬੀ ਜੀ ਆਹ ਚਿੱਠੀਆਂ ਆਈਆਂ ਨੇ, ਔਰ (ਰਾਣੀ ਨੂੰ) ਬੀਬੀ ਜੀ, ਹਲਵਾਈ ਦੀ ਦੁਕਾਨ ਤੋਂ ਕੋਈ ਤੁਹਾਡੇ ਵਾਸਤੇ ਬਰਫ਼ੀ ਲੈ ਕੇ ਆਇਆ ਏ ।

ਰਾਣੀ : ਆਹੋ, ਮੈਂ ਮੰਗਵਾਈ ਸੀ ਫੋਨ ਕਰਕੇ । ਮੈਂ ਹੁਣੇ ਆਈ ।

ਰਾਮ ਪਿਆਰੀ : ਜਾਉ ਜਾਉ ਬਰਫ਼ੀਆਂ ਖਾਉ ।

ਬਨਵਾਰੀ : (ਹੌਲੀ ਜਹੀ) ਇਹੋ ਜਹੇ ਮੌਕੇ ਤੇ ਮੂੰਹ ਮਿੱਠਾ ਕਰਨਾ ਬਹੁਤ ਜ਼ਰੂਰੀ ਏ ।

ਰਾਣੀ : ਅੱਛਾ ਮੈਂ ਚਲੀ ।

ਰਾਮ ਪਿਆਰੀ : ਅੱਛਾ ।

ਰਾਣੀ : ਅੱਛਾ ਭਾਈ ਸਾਹਿਬ ਮੈਂ ਚਲੀ ।

ਬਨਵਾਰੀ : ਚੰਗਾ ।
(ਹੌਲੀ ਜੇਹਾ ਰਾਣੀ ਨੂੰ)
ਵਾਦਾ ਯਾਦ ਜੇ ਨਾ ?

ਰਾਣੀ : ਯਾਦ ਏ ।

ਬਨਵਾਰੀ : (ਹੌਲੀ ਜਿਹਾ) ਜਿਹੜੀ ਅੱਗ ਗਿਰਧਾਰੀ ਮੇਰੇ ਅੰਦਰ ਲਾ ਗਿਆ ਏ, ਉਹ ਅਜ ਬੁਝਾਈ ਜਾਏਗੀ ।
(ਰਾਣੀ ਬਾਹਰ ਚਲੀ ਜਾਂਦੀ ਏ । ਰਾਮ ਪਿਆਰੀ ਬੈਠ ਕੇ ਚਿੱਠੀਆਂ ਪੜ੍ਹਨ ਲਗ ਪੈਂਦੀ ਏ)

ਬਨਵਾਰੀ : (ਆਪਣੇ ਆਪ ਨਾਲ) ਹੁਣ ਲੱਭਣੀ ਏਂ ਥਾਂ......ਥਾਂ ਲਭ ਜਾਏ ਤੇ ਅਸੀਂ ਵੀ ਆਪਣਾ ਅੱਗਾ ਸਵਾਰ ਲਈਏ । ਫੇਰ ਮੁਹੱਬਤਾਂ......ਵੇਖੋਂ, ਜੇ ਟੈਲੀਫ਼ੂਨ ਡਾਇਰੈਕਟਰੀ ਵਿਚੋਂ ਕੁਝ ਮਦਦ ਮਿਲ ਜਾਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ ਪਿਆਰੀ : ਮੈਂ ਕਿਹਾ, ਅਜ ਰਾਤ ਨੂੰ ਮੈਂ ਰੋਟੀ ਬਾਹਰ ਖਾਵਾਂਗੀ ।

ਬਨਵਾਰੀ : (ਇਕ ਤਰਫ) ਵਾਹ ।
(ਰਾਮ ਪਿਆਰੀ ਨੂੰ) ਕਿਉਂ ਬਾਦਸ਼ਾਹੋ, ਅਜ ਕਿਥੇ ਜਾ ਰਹੇ ਹੋ ?

ਰਾਮ ਪਿਆਰੀ : ਮੈਂ ਚਲੀ ਆਂ ਆਪਣੀ ਭੈਣ ਦੇ ਘਰ । ਉਹਨੂੰ ਬੁਖ਼ਾਰ ਏ ਤੇ ਜੇ ਉਹਦੀ ਤਬੀਅਤ ਨਾ ਸੁਧਰੀ ਤਾਂ ਮੈਂ ਸ਼ਾਇਦ ਰਾਤ ਉਥੇ ਰਹਾਂ ।

ਬਨਵਾਰੀ : (ਇਕ ਤਰਫ) ਰੱਬ ਕਰੇ ਉਹਨੂੰ ਟਾਈਫਾਈਡ ਹੋ ਜਾਏ ਤੇ ਤੁਸੀਂ ਚਾਲੀ ਦਿਨ ਉਥੇ ਈ ਰਹੋ ।

ਰਾਮ ਪਿਆਰੀ : ਅਜ ਤੁਹਾਨੂੰ ਰੋਟੀ ਕੱਲਿਆਂ ਖਾਣੀ ਪਏਗੀ ।

ਬਨਵਾਰੀ : (ਡਾਇਰੈਕਟਰੀ ਵੇਖ ਕੇ) ਹੀ ਹੀ......ਹੋ......ਹੋਟਲ......

ਰਾਮ ਪਿਆਰੀ : (ਇਕ ਚਿੱਠੀ ਖੋਲ੍ਹਦੀ ਏ) ਦਰਜੀ ਦਾ ਬਿਲ ਏ ।

ਬਨਵਾਰੀ : (ਉੱਚੀ ਸਾਰੀ) ਮਿਲ ਗਿਆ ।

ਰਾਮ ਪਿਆਰੀ : ਕੀ ਮਿਲ ਗਿਆ ?

ਬਨਵਾਰੀ : ਮ ਮ ਮ ਮਿਲ ਗਿਆ ਨਾ ਤੁਹਾਨੂੰ ਬਿਲ ?

ਰਾਮ ਪਿਆਰੀ : ਇਹ ਤੇ ਮੈਂ ਕਿਹਾ ਸੀ ।

ਬਨਵਾਰੀ : ਔਰ ਇਹ ਈ ਮੈਂ ਕਿਹਾ ।

ਰਾਮ ਪਿਆਰੀ : ਪਰ ਤੁਸੀਂ ਕਿਉਂ ਕਿਹਾ ?

ਬਨਵਾਰੀ : ਐਵੇਂ ਈਂ ।

ਰਾਮ ਪਿਆਰੀ : ਐਵੇਂ ਯੱਬਲੀਆਂ ਨਾ ਮਾਰਿਆ ਕਰੋ ।

ਬਨਵਾਰੀ : (ਹੌਲੀ ਜਿਹਾ) ਵੈਸ਼ਨਵ ਹੋਟਲ......ਨਹੀਂ......ਜਵਾਂ ਮਰਦ ਹੋਟਲ......ਏਡੀ ਵੀ ਗੱਲ ਕੋਈ ਨਹੀਂ ।

ਰਾਮ ਪਿਆਰੀ : ਰੁੜ੍ਹ ਗਏ ਖਸਮਾਂ ਖਾਣੇ ।

ਬਨਵਾਰੀ : ਕੌਣ ?

ਰਾਮ ਪਿਆਰੀ : ਆਹ ਵੇਖੋ ਨਾ ਮੈਨੂੰ ਡਾਕ ਵਿਚ ਮਿਲੇ ਜੇ......ਹੋਟਲਾਂ ਦੇ ਇਸ਼ਤਿਹਾਰ......

ਬਨਵਾਰੀ : ਇਸ਼ਤਿਹਾਰ ?

ਰਾਮ ਪਿਆਰੀ : ਆਹ ਵੇਖੋ ਨਾ......ਹਮਾਰੇ ਹੋਟਲ ਮੇਂ ਆਪ ਕੋ ਕੋਈ ਖ਼ਤਰਾ ਨਹੀਂ । ਪੁਰਬਹਾਰ ਮੇਂ ਆਈਏ । ਯੇਹ ਹੋਟਲ ਖ਼ਾਸ ਤੌਰ ਪਰ ਉਨ ਲੋਗੋਂ ਕੇ ਲੀਏ ਹੈ ਜੋ ਸ਼ਾਦੀ-ਸ਼ੁਦਾ ਹੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
[illegible] ਕਿਸੀ ਦੂਸਰੀ ਔਰਤ ਕੇ ਸਾਥ ਮਨਾਨਾ ਚਾਹਤੇ ਹੈਂ ।

ਬਨਵਾਰੀ : ਦੂਸਰੀ ਔਰਤ ਕੇ ਸਾਥ......ਇਹ ਲਿਖਿਆ ਏ ?

ਰਾਮ ਪਿਆਰੀ : ਤੁਸੀਂ ਆਪ ਪੜ੍ਹ ਲਓ (ਕਾਗ਼ਜ਼ ਦੇਂਦੀ ਏ)

ਬਨਵਾਰੀ : ਲਿਖਿਆ ਤੇ ਹੈ ।

ਰਾਮ ਪਿਆਰੀ : ਇਹ ਹੋਟਲ ਏ ਕਿ ਬਦਮਾਸ਼ੀ ਦਾ ਅੱਡਾ ?

ਬਨਵਾਰੀ : (ਇਕ ਤਰਫ) ਮਿਲ ਗਿਆ ਅੱਡਾ । ਕਮਰੇ ਹਰ ਕੀਮਤ ਪਰ ਮਿਲਤੇ ਹੈਂ; ਪੂਰਾ ਮਹੀਨਾ ਰਹਿਨੇ ਵਾਲੋਂ ਕੋ ਰਿਆਇਤ ।

ਰਾਮ ਪਿਆਰੀ : ਖਸਮਾਂ ਨੂੰ ਖਾਣੇ ਬੇਸ਼ਰਮ ਨਾ ਹੋਣ ਤੇ ।

ਬਨਵਾਰੀ : ਆਹੋ (ਹੌਲੀ ਜੇਹੀ) ਮੈਂ ਮਹੀਨੇ ਦੀ ਕੱਠੀ ਬੁਕਿੰਗ ਕਰਵਾਨਾਂ ।

ਰਾਮ ਪਿਆਰੀ : ਹਰਾਮਜ਼ਾਦੇ ਮੈਨੂੰ ਕਿਉਂ ਇਸ਼ਤਿਹਾਰ ਭੇਜ ਰਹੇ ਨੇ ? ਮੈਨੂੰ ਸਮਝਦੇ ਕੀ ਨੇ !

ਬਨਵਾਰੀ : (ਇਕ ਤਰਫ਼) ਖੌਰੇ ਕਿਉਂ ਭੇਜ ਰਹੇ ਨੇ, ਪਰ ਸਾਡਾ ਉੱਲੂ ਤੇ ਸਿੱਧਾ ਹੋ ਰਿਹਾ ਏ !

ਫੂਲਾਂ : (ਅੰਦਰ ਆ ਕੇ) ਸਾਹਿਬ ਜੀ, ਬਾਹਰ ਤੁਹਾਨੂੰ ਕੋਈ ਪੁਛ ਰਿਹਾ ਏ ।

ਰਾਮ ਪਿਆਰੀ : ਕੌਣ ਪੁਛ ਰਿਹਾ ਏ ?

ਫੂਲਾਂ : ਆਹ ਕਾਰਡ ਦਿਤਾ ਸੂ ।

ਰਾਮ ਪਿਆਰੀ : ਮੈਂ ਕਿਹਾ ਜੀ ਇਹ ਤੇ ਸਾਡਾ ਮਿੱਤਰ ਜੇ ਬਿਹਾਰੀ ਲਾਲ ।

ਬਨਵਾਰੀ : ਬਿਹਾਰੀ ਲਾਲ ਵਕੀਲ ! ਜਾ ਵਾਈ ਫੂਲਾਂ ਉਹਨੂੰ ਅੰਦਰ ਲੈ ਆ ।

ਫੂਲਾਂ : ਅੱਛਾ ਬਾਊ ਜੀ ।

ਰਾਮ ਪਿਆਰੀ : ਤੇ ਆਹ ਕੂੜਾ ਲੈ ਜਾ ਚੁਕ ਕੇ ।

ਫੂਲਾਂ : ਅੱਛਾ ਬੀਬੀ ਜੀ । (ਚਲੀ ਜਾਂਦੀ ਏ)

ਰਾਮ ਪਿਆਰੀ : ਬਿਹਾਰੀ ਲਾਲ ਦਿੱਲੀ ਆਇਆ ਏ ।

ਬਨਵਾਰੀ : ਤੁਹਾਨੂੰ ਯਾਦ ਏ ਉਹਨੇ ਅੰਬਰਸਰ ਸਾਡੀ ਕਿੰਨੀ ਖਾਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੀ ਨਾ ?

ਰਾਮ ਪਿਆਰੀ : ਪੰਦਰਾਂ ਦਿਨ ਰੱਖਿਆ ਸੀ ਉਹਨੇ ਸਾਨੂੰ ।

ਬਨਵਾਰੀ : ਔਰ ਕਿੰਨੇ ਪਿਆਰ ਨਾਲ ।

ਰਾਮ ਪਿਆਰੀ : ਇੰਝ ਲਗਦਾ ਸੀ ਜਿਵੇਂ ਮਕਾਨ ਸਾਡਾ ਸੀ ਤੇ ਮਹਿਮਾਨ ਉਹ । ਔਰ ਗੱਲਾਂ ਕਿੰਨੀਆਂ ਪਿਆਰੀਆਂ ਕਰਦਾ ਸੀ । ਉਦ੍ਹੇ ਝੂਠ ਵੀ ਸੱਚ ਲਗਦੇ ਸਨ ।

ਬਨਵਾਰੀ : ਉਹ ਤੇ ਲਗਣੇ ਈਂ ਸਨ । ਵਕੀਲ ਜੋ ਹੋਇਆ ।
(ਬਿਹਾਰੀ ਲਾਲ ਅੰਦਰ ਆਉਂਦਾ ਏ ! ਉਹ ਮੀਂਹ ਵਿਚ ਭਿੱਜਦਾ ਆਇਆ ਏ)

ਬਨਵਾਰੀ : ਆਉ ਜੀ, ਬਿਹਾਰੀ ਲਾਲ ਜੀ ।

ਰਾਮ ਪਿਆਰੀ : ਤੁਹਾਨੂੰ ਰਾਹ ਕਿਸ ਦਾਸਿਆ ?

ਬਿਹਾਰੀ : (ਬਿਹਾਰੀ ਲਾਲ ਰਾਮ ਪਿਆਰੀ ਨੂੰ ਜੱਫੀ ਪਾਂਦਾ ਹੋਇਆ) ਮੇਰੀ ਭਰਜਾਈ ।

ਬਨਵਾਰੀ : ਬਿਹਾਰੀ ਲਾਲ ਜੀ ! ਭਰਜਾਈ ਨੂੰ ਪਿਆਰ ਫੇਰ ਕਰ ਲੈਣਾ ਪਹਿਲਾਂ ਗਿੱਲੇ ਕਪੜੇ ਤੇ ਲਾਹ ਲਓ ।

ਰਾਮ ਪਿਆਰੀ : ਬਹਿ ਜਾਉ ਆਰਾਮ ਨਾਲ ।

ਬਿਹਾਰੀ : ਮੈਂ ਤੇ ਬਨਵਾਰੀ ਲਾਲ ਜੀ ਤੁਹਾਨੂੰ ਮ ਮ ਮ ਮ ਮਿਲਣ ਲਈ ਉਤਾਵਲਾ ਹੋ ਰਿਹਾ ਸਾਂ ।

ਰਾਮ ਪਿਆਰੀ : ਬੈਠੋ ਨਾ, ਐਡੇ ਸਫ਼ਰ ਤੋਂ ਆਏ ਹੋ ।

ਬਿਹਾਰੀ : (ਬੈਠ ਕੇ) ਮ ਮ ਮ ਮ......

ਬਨਵਾਰੀ : (ਬਿਹਾਰੀ ਲਾਲ ਨੂੰ) ਬਿਹਾਰੀ ਤੈਨੂੰ ਕੀ ਹੋਇਆ ਏ ?

ਬਿਹਾਰੀ : ਮ ਮ ਮ ਮ ਮੈਂ ਦਿੱਲੀਓਂ ਲੰਘ ਰਿਹਾ ਸਾਂ ਤੇ ਮੈਂ ਆਖਿਆ ਮ ਮ ਮ ਮ ਮਿਲੀ ਜਾਵਾਂ ।

ਬਨਵਾਰੀ : ਬਿਹਾਰੀ ਯਾਰ ਗਲ ਕੀ ਏ ?

ਬਿਹਾਰੀ : ਕ ਕ ਕ ਕ ਕੁਝ ਨਹੀਂ ।

ਬਨਵਾਰੀ : ਯਾਰ ਤੇਰੇ ਕੋਲੋਂ ਠੀਕ ਤਰ੍ਹਾਂ ਬੋਲਿਆ ਨਹੀਂ ਜਾ ਰਿਹਾ ?

ਰਾਮ ਪਿਆਰੀ : ਜਦੋਂ ਅਸੀਂ ਅਮ੍ਰਿਤਸਰ ਗਏ ਸਾਂ ਤੁਸੀਂ ਬਿਲਕੁਲ ਠੀਕ ਠਾਕ ਸੀ ।

ਬਿਹਾਰੀ : ਉਦੋਂ ਮ ਮ ਮ ਮੌਸਮ......

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਵਾਰੀ : ਮੌਸਮ ਨੂੰ ਕੀ ਸੀ ਉਦੋਂ ?

ਬਿਹਾਰੀ : ਉਦੋਂ ਮੌਸਮ ਵ ਵ ਵ ਵ (ਠੁਡਾ ਮਾਰ ਕੇ ਉੱਚੀ ਸਾਰੀ) ਵਧੀਆ ਸੀ ।

ਬਨਵਾਰੀ : ਆਹੋ ਮੌਸਮ ਤੇ ਵਧੀਆ ਸੀ ।

ਬਿਹਾਰੀ : ਜਦੋਂ ਮੌਸਮ ਹੋਵੇ ਵ ਵ ਵ ਵ ਵ......

ਬਨਵਾਰੀ : ਵਧੀਆ......

ਬਿਹਾਰੀ : ਤਾਂ ਮੈਂ ਠੀਕ ਠਾਕ ਬੋਲਨਾਂ, ਪਰ ਜਦ ਮ ਮ ਮ ਮ ਮੀਂਹ ਵਸੇ, ਤਾਂ ਖਰਾਬ ਹੋ ਜਾਂਦੀ ਏ ਮੇਰੀ ਵ ਵ ਵ ਵ ਵ......

ਬਨਵਾਰੀ : ਵਾਇਫ......

ਬਿਹਾਰੀ : ਨਹੀਂ, ਵਾਜ ।

ਰਾਮ ਪਿਆਰੀ : ਕਮਾਲ ਏ ।

ਬਨਵਾਰੀ : ਬੰਦਾ ਕਾਹਦਾ ਏ ਚਲਦਾ ਫਿਰਦਾ ਬੈਰੋਮੀਟਰ ਏ ।

ਬਿਹਾਰੀ : ਔਰ ਜਦ ਬ ਬ ਬ ਬ ਬਿਜਲੀ ਚਮਕੇ, ਤਾਂ ਬਿਲਕੁਲ ਗੂੰਗਾ ਹੋ ਜਾਨਾਂ ।

ਰਾਮ ਪਿਆਰੀ : ਕਚਹਿਰੀ ਵਿਚ ਕੰਮ ਫਿਰ ਕਿਸ ਤਰ੍ਹਾਂ ਕਰਦੇ ਹੋ ?

ਬਿਹਾਰੀ : ਜਦੋਂ ਮੀਂਹ ਪੈ ਜਾਏ ਤੇ ਸਮਝੋ ਮੈਂ......ਭੂ ਭੂ ਭੂ......ਭੁਖਾ ਮਰ ਗਿਆ ।

ਬਨਵਾਰੀ : (ਹੋਲੀ ਜਿਹਾ) ਕਮਾਲ ਏ ! ਮੀਂਹ ਪੈਂਦਾ ਏ ਤਾਂ ਦਾਣੇ ਉਗਦੇ ਨੇ, ਪਰ ਇਦ੍ਹਾ ਦਾਣਾ ਪਾਣੀ ਮੁੱਕ ਜਾਂਦਾ ਏ । ਖੈਰ ਜੀ, ਸਾਨੂੰ ਕੀ ਥਥਾਂਦਾ ਏ ਤਾਂ ਥਥਾਈ ਜਾਏ । ਸਾਡਾ ਤੇ ਯਾਰ ਏ (ਬਿਹਾਰੀ ਲਾਲ ਨੂੰ) ਲਓ ਜੀ ਹੁਣ ਆ ਗਏ ਓ ਬਿਹਾਰੀ ਲਾਲ ਜੀ,ਤਾਂ ਕੁਝ ਦਿਨਸਾਡੇ ਕੋਲ ਰਿਹੋ,ਤਿੰਨ ਚਾਰ ਦਿਨ ।

ਬਿਹਾਰੀ : ਨ ਨ ਨ ਨ ਨਹੀਂ ।

ਰਾਮ ਪਿਆਰੀ : ਦੋ ਤਿੰਨ ਦਿਨ ।

ਬਿਹਾਰੀ : ਨ ਨ ਨ ਨ ਨਹੀਂ ।

ਰਾਮ ਪਿਆਰੀ : ਇਕ ਦੋ ਦਿਨ ।

ਬਿਹਾਰੀ : ਨ ਨ ਨ ਨ ਨਹੀਂ ।

ਬਨਵਾਰੀ : ਤੇ ਫਿਰ ਕਿੰਨੇ ਦਿਨ ।

ਬਿਹਾਰੀ : ਇਕ ਮ ਮ ਮ ਮ ਮਹੀਨਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਵਾਰੀ : (ਠੰਡਾ ਪੀ ਕੇ) ਇਹ ਤੇ ਹੋਰ ਵੀ ਅੱਛਾ ਏ ।

ਬਿਹਾਰੀ : ਮੈਂ ਕਿਹਾ ਬਾਰਸ਼ਾਂ ਕਰ ਕੇ ਕ ਕ ਕ ਕ ਕੰਮ ਕਾਰ ਤੇ ਹੈ ਨਹੀਂ, ਤੁਹਾਨੂੰ ਹੀ ਮਿਲ ਆਵਾਂ ।

ਰਾਮ ਪਿਆਰੀ : ਬੜਾ ਅੱਛਾ ਕੀਤਾ ਜੇ । (ਆਪਣੇ ਘਰ ਵਾਲੇ ਨੂੰ) ਮੈਂ ਕਿਹਾ ਇਕ ਮਹੀਨਾ ਰਹੇਗਾ ਜੇ । ਮਹੀਨਾ ਤਾਂ ਬਹੁਤ ਲੰਬਾ ਹੁੰਦਾ ਏ । ਅਸੀਂ ਤੇ ਕੁਲ ਪੰਦਰਾਂ ਦਿਨ ਰਹੇ ਸਾਂ ।

ਬਨਵਾਰੀ : ਅਸੀਂ ਦੋ ਸਾਂ ਨਾ ਪਿਆਰਿਓ । ਮਹੀਨਾ ਹੀ ਹੋ ਗਿਆ ਨਾ ।

ਬਿਹਾਰੀ : ਮੈਂ ਤ ਤ ਤ ਤ ਤੁਹਾਨੂੰ ਤ ਤ ਤ ਤ ਤਕਲੀਫ਼ ਤੇ ਨਹੀਂ ਦੇ ਰਿਹਾ......

ਬਨਵਾਰੀ : ਲੈ, ਤਕਲੀਫ਼ ਕਾਹਦੀ । ਤੁਸੀਂ ਇਕੱਲੇ ਤੇ ਆਏ ਓ ? ਇਕ ਗੁੱਠੇ ਤੁਹਾਡੀ ਮੰਜੀ ਵੀ ਡਾਹ ਦਿਆਂਗੇ ।

ਬਿਹਾਰੀ : ਮੈਂ ਤ ਤ ਤ ਤ ਤੁਹਾਡੇ ਵਾਸਤੇ ਕੁਝ ਲੈ ਕੇ ਆਇਆਂ ।

ਰਾਮ ਪਿਆਰੀ : ਲੈ ਖਾਂ, ਤੁਸੀਂ ਤੇ ਐਵੇਂ ਤਕਲੀਫ਼ ਕੀਤੀ ।

ਫੂਲਾਂ : (ਅੰਦਰ ਆ ਕੇ) ਬੀਬੀ ਜੀ ਇਕ ਮਜ਼ਦੂਰ ਇਕ ਟਰੰਕ ਲੈ ਕੇ ਆਇਆ ਏ ।

ਬਿਹਾਰੀ : ਉਹ ਮੇਰਾ ਏ ।

ਰਾਮ ਪਿਆਰੀ : ਅੱਛਾ, ਤੁਹਾਡਾ ਸਮਾਨ......

(ਮਜ਼ਦੂਰ ਇਕ ਟਰੰਕ ਲੈ ਕੇ ਆਉਂਦਾ ਏ)

ਬਿਹਾਰੀ : ਇਹ ਤੂੰ......ਰ ਰ ਰ ਰ ਰੱਖ......

ਮਜ਼ਦੂਰ : (ਹੈਰਾਨ ਹੋ ਕੇ) ਮੈਂ ਰਖ ਲਾਂ ।

ਬਿਹਾਰੀ : ਰਖ ਲਾਂ ਨਹੀਂ, ਰਖ ਦੇ ਥਲੇ ।

(ਪੈਸੇ ਦੇਂਦਾ ਏ)

ਰਾਮ ਪਿਆਰੀ : ਬੜਾ ਵਡਾ ਟਰੰਕ ਲੈ ਕੇ ਆਏ ਓ ?

ਫੂਲਾਂ : ਹੋਰ ਸਾਮਾਨ ਵੀ ਆ ਰਿਹਾ ਏ ।

ਰਾਮ ਪਿਆਰੀ : ਹੋਰ ਸਮਾਨ ?

ਫੂਲਾਂ : ਚਾਰ ਟਰੰਕ ਹੋਰ ।

(ਚਾਰ ਕੁਲੀ ਹੋਰ ਟਰੰਕ ਚੁਕੀ ਅੰਦਰ ਆਉਂਦੇ ਨੇ)

ਰਾਮ ਪਿਆਰੀ : ਇਕ ਦੋ ਤਿੰਨ ਚਾਰ ਪੰਜ......ਇਹ ਸਭ ਤੁਹਾਡੇ ਨੇ ?

CC-0. In Public Domain. Gurukul Kangri Collection, Haridwar

ਬਿਹਾਰੀ : ਇਹ ਸੀ ਤੇ ਸ ਸ ਸ ਸਰਪ੍ਰਾਈਜ਼ ਏ ।

Digitized by Arya Samaj Foundation Chennai and eGangotri

ਬਨਵਾਰੀ : ਲੈ ਖਾਂ, ਤੁਸੀਂ ਤੇ ਐਵੇਂ ਈਂ ਤਕਲੀਫ਼ ਕੀਤੀ ।

ਬਿਹਾਰੀ : ਉਹ ਕਿਸ ਤ ਤ ਤ ਤਰ੍ਹਾਂ ?

ਰਾਮ ਪਿਆਰੀ : ਸਾਡੇ ਵਾਸਤੇ ਇੰਨਾ ਕੁਝ ਕਾਹਨੂੰ ਲੈ ਕੇ ਆਏ ਓ ?

ਬਨਵਾਰੀ : ਕੋਈ ਖ਼ਾਸ ਈ ਚੀਜ਼ ਹੋਣੀ ਏਂ ਜਿਹੜੀ ਪੰਜ ਟਰੰਕਾਂ ਵਿਚ ਆਈ ਏ ।

ਬਿਹਾਰੀ : ਇਹੋ ਤੇ ਸਰਪ੍ਰਾਈਜ਼ ਏ ।

ਬਨਵਾਰੀ : ਪਰ ਏਡੀ ਵੱਡੀ ਸ ਸ ਸ......

ਬਿਹਾਰੀ : ਸਰਪ੍ਰਾਈਜ਼ —

ਬਨਵਾਰੀ : ਇਹ ਕੀ ? ਤੂੰ ਥਥਾਇਆ ਨਹੀਂ ਏਸ ਵਾਰ ?

ਬਿਹਾਰੀ : ਜਦੋਂ ਕਦੀ ਹੋਰ ਕੋਈ ਥਥਾਏ, ਮੈਂ ਨਹੀਂ ਥ ਥ ਥ ਥਥਾਂਦਾ ।

ਰਾਮ ਪਿਆਰੀ : ਅੱਛਾ ਦੱਸੋ ਨਾ, ਕੀ ਲਿਆਏ ਓ ?

ਬਨਵਾਰੀ : ਦੱਸੋ ਨਾ ?

ਬਿਹਾਰੀ : ਕਾਹਲੀ ਕਿਉਂ ਕਰਦੇ ਓ । ਹੁਣੇ ਦ ਦ ਦ ਦਸਨਾਂ ।

ਬਨਵਾਰੀ : ਤੁਸੀਂ ਸਾਡਾ ਹਾਰਟ ਫੇਲ੍ਹ ਕਰ ਕੇ ਛੱਡਣਾ । ਦੱਸੋ ਨਾ ।

ਰਾਮ ਪਿਆਰੀ : ਉਂਝ ਤੇ ਕੋਈ ਵੀ ਮਹਿਮਾਨ ਆਵੇ, ਛੋਟੀ ਮੋਟੀ ਸੁਗਾਤ ਲੈ ਕੇ ਈ ਆਉਂਦਾ ਏ, ਪਰ ਇਨ੍ਹਾਂ ਅੰਬਰਸਰੀਆਂ ਦਾ ਮੁਕਾਬਲਾ ਨਹੀਂ । ਪੰਜ ਟਰੰਕ ਚੁਕ ਲਿਆਇਆ ਏ ।

ਬਿਹਾਰੀ : ਜਦੋਂ ਤ ਤ ਤ ਤ ਤੁਸੀਂ ਮੇਰੇ ਕੋਲ ਅੰਬਰਸਰ ਆਏ ਸਾਉ, ਉਦੋਂ ਤੁਸੀਂ ਸਮਝਿਆ ਹੋਣਾ ਏਂ, ਮੈਂ ਕਲਮ-ਕਲਾਂ ਆਂ ? ਹੈ ਨਾ ?

ਰਾਮ ਪਿਆਰੀ : ਆਹੋ ।

ਬਿਹਾਰੀ : ਭਰਜਾਈ ਜੀ, ਮ ਮ ਮ ਮੇਰੀਆਂ ਚਾਰ ਲੜਕੀਆਂ ਨੇ ।

ਰਾਮ ਪਿਆਰੀ : ਚਲੋ ਜੀ ਸਾਨੂੰ ਕੀ, ਅਸੀਂ ਕਿਹੜਾ ਮੁੰਡਿਆਂ ਦੇ ਸਾਕ ਕਰਨੇ ਨੇ । ਸਾਨੂੰ ਤੇ ਇਹ ਦੱਸੋ ਇਨ੍ਹਾਂ ਟਰੰਕਾਂ ਵਿਚ ਕੀ ਏ ?

ਬਿਹਾਰੀ : ਇਹਨਾਂ ਟਰੰਕਾਂ ਵਿਚ ਸ ਸ ਸ ਸਮਾਨ ਏਂ ।

ਬਨਵਾਰੀ : ਕਿਹਦਾ ਸਾਮਾਨ ?

ਬਿਹਾਰੀ : ਮੇਰੀਆਂ ਕੁੜੀਆਂ ਦਾ । ਮੈਂ ਉਹਨਾਂ ਨੂੰ ਸਟੇਸ਼ਨ ਤੇ ਬਿਠਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਇਆ ਏ । ਉਹਨਾਂ ਨੂੰ ਹੋਸਟਲ ਤੋਂ ਛੁੱਟੀਆਂ ਨੇ, ਉਹ ਵੀ ਇਥੇ ਈ ਰਹਿਣਗੀਆਂ ।

ਰਾਮ ਪਿਆਰੀ : ਨਹੀਂ ।

ਬਿਹਾਰੀ : ਤੁਹਾਨੂੰ ਮੇਰੀ ਜ਼ ਜ਼ ਜ਼ ਜ਼ਬਾਨ ਤੇ ਇਤਬਾਰ ਨਹੀਂ ?

ਬਨਵਾਰੀ : ਜ਼ਬਾਨ ਤੇ ਤਾਂ ਇਤਬਾਰ ਏ,ਪਰ ਗਲ ਇਹ ਹੈ ਬਿਹਾਰੀ ਲਾਲ ਜੀ, ਕਿ ਪੰਜ ਬੰਦਿਆਂ ਦਾ ਇਥੇ ਟਿਕਣਾ ਜ਼ਰਾ ਮੁਸ਼ਕਲ ਏ । ਵੇਖੋ ਨਾ...... ਇਹ ਘਰ ਏ, ਕੋਈ ਜੰਜ ਘਰ ਨਹੀਂ ।

ਬਿਹਾਰੀ : ਅੱਛਾ, ਤੁਸੀਂ ਅੰਬਰਸਰ ਬੜਾ ਜ਼ੋਰ ਦਿਤਾ ਸੀ ਕਿ ਜ਼ ਜ਼ ਜ਼ ਜ਼ਰੂਰ ਆਣਾ, ਜ਼ਰੂਰ ਆਣਾ । ਤੇ ਮੈਂ ਆ ਗਿਆਂ । ਵਰਨਾ ਮੈਂ ਤੁਹਾਨੂੰ ਤਕਲੀਫ਼ ਨਾ ਦਿੰਦਾ ।

ਰਾਮ ਪਿਆਰੀ : ਮੈਂ ਤੇ ਬਸ ਕਿਹਾ ਈ ਸੀ...ਜ਼ੋਰ ਇਨ੍ਹਾ ਦਿਤਾ ਸੀ ! ਕੋਈ ਕੰਮ ਤਰੀਕੇ ਨਾਲ ਤੇ ਕਰਨਾ ਨਾ ਹੋਇਆ ਨਾ ।

ਬਿਹਾਰੀ : ਚਲੋ ਹੋਇਆ ਕੀ, ਤੁਹਾਡੇ ਦਰਸ਼ਨ ਤੇ ਹੋ ਗਏ, ਮੈਂ ਤੇ ਹੁਣ ਦਿੱਲੀ ਆਇਆਂ, ਕੁਝ ਦਿਨ ਰਹਿ ਕੇ ਹੀ ਜਾਵਾਂਗਾ । ਕਿਤੇ ਹੋਰ ਜਾ ਟਿਕਾਂਗਾ ।

ਰਾਮ ਪਿਆਰੀ : ਮੈਂ ਕੁਲੀ ਬੁਲਾਂਦੀ ਆਂ ਸਾਮਾਨ ਚੁਕਣ ਵਾਸਤੇ ।

ਰਾਣੀ : (ਅੰਦਰ ਆ ਕੇ) ਮੈਂ ਕਿਹਾ ਆਹ ਐਨੇ ਟਰੰਕ ਇਥੇ ਕੀ ਕਰ ਰਹੇ ਨੇ ?

ਰਾਮ ਪਿਆਰੀ : ਮੈਂ ਇਹਨਾਂ ਨੂੰ ਚੁਕਾਣ ਦਾ ਪ੍ਰਬੰਧ ਕਰ ਰਹੀ ਆਂ । (ਬਾਹਰ ਚਲੀ ਜਾਂਦੀ ਏ)

ਬਿਹਾਰੀ : (ਰਾਣੀ ਨੂੰ) ਨਮਸਤੇ ਭੈਣ ਜੀ ।

ਬਨਵਾਰੀ : ਰਾਣੀ ਜੀ । ਇਹ ਮੇਰਾ ਦੋਸਤ ਏ ਬਿਹਾਰੀ ਲਾਲ ਐਡਵੋ-ਕੇਟ, ਔਰ ਇਹ ਨੇ ਮਿਸਿਜ਼ ਗਿਰਧਾਰੀ ਲਾਲ ।

ਬਿਹਾਰੀ : ਤੁਹਾਨੂੰ ਮਿਲ ਕੇ ਬੜੀ ਖੁ ਖੁ ਖੁ ਖੁ ਖੁਸ਼ੀ ਹੋਈ ਏ ।

ਬਨਵਾਰੀ : (ਰਾਣੀ ਨੂੰ) ਮੈਂ ਕਿਹਾ, ਜਗ੍ਹਾ ਦਾ ਇੰਤਜ਼ਾਮ ਹੋ ਗਿਆ ਏ ! ਤੁਸੀਂ ਆਪਣੇ ਵਾਅਦੇ ਤੇ ਕਾਇਮ ਓ ਨਾ ?

ਰਾਣੀ : ਬਿਲਕੁਲ ।

ਬਨਵਾਰੀ : ਮੈਂ ਅੱਠ ਵਜੇ ਆਵਾਂਗਾ ਤੇ ਉਸ ਨੁੱਕਰ ਵਾਲੇ ਪਾਰਕ ਕੋਲ ਤੁਹਾਡਾ ਇੰਤਜ਼ਾਰ ਕਰਾਂਗਾ, ਹੈਂ ਜੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਹਾਰੀ : (ਬਨਵਾਰੀ ਨੂੰ) [illegible] ਹੋਟਲ ਦਾ ਪਤਾ ਤੇ ਦਿਉ । ਮੈਂ ਉਥੇ ਜਾ ਟਿਕਾਂ ।

ਬਨਵਾਰੀ : (ਧਿਆਨ ਦੂਜ਼ੇ ਪਾਸੇ ਕਰ ਕੇ) ਇਕ ਮਿੰਟ ਦਮ ਲਉ ।

ਰਾਣੀ : (ਬਨਵਾਰੀ ਨੂੰ ਹੌਲੀ ਜੇਹੀ) ਅਸੀਂ ਜਾ ਕਿਥੇ ਰਹੇ ਆਂ ?

ਬਨਵਾਰੀ : ਪੁਰਬਹਾਰ ਹੋਟਲ, ਕਰੋਲ ਬਾਗ਼ ।

ਬਿਹਾਰੀ : (ਸਮਝਦਾ ਏ ਕਿ ਹੋਟਲ ਦਾ ਪਤਾ ਉਹਨੂੰ ਦੱਸਿਆ ਗਿਆ ਏ) ਥੇਂਕ ਯੂ, ਮੈਂ ਜਾਂਦਾਂ ।
(ਕੁਲੀ ਆ ਕੇ ਸਾਮਾਨ ਚੁਕ ਲੈਂਦੇ ਨੇ । ਬਿਹਾਰੀ ਉਹਨਾਂ ਨਾਲ ਆਉਂਦਾ ਹੋਇਆ)
ਮੈਂ ਉਥੇ ਈ ਜਾਵਾਂਗਾ ।
(ਰਾਣੀ ਨੂੰ) ਅੱਛਾ ਜੀ, ਤੁਹਾਡੇ ਨ ਨ ਨ ਨਾਲ ਸ਼ਾਇਦ ਕਦੀ ਫਿਰ ਮੁਲਾਕਾਤ ਹੋਵੇ ।

ਬਨਵਾਰੀ : ਅੱਛਾ ਬਿਹਾਰੀ ਲਾਲ ਜੀ ! ਮਾਫ਼ ਕਰਨਾ ।

ਰਾਮ ਪਿਆਰੀ : ਮੈਂ ਕਿਹਾ ਬੂਹੇ ਤੱਕ ਛੱਡ ਕੇ ਆਉ ।

ਬਨਵਾਰੀ : ਤੁਸੀਂ ਛੱਡ ਆਉ ਨਾ ਮਹਿਮਾਨ ਤੁਹਾਡਾ ਏ ।
(ਰਾਮ ਪਿਆਰੀ ਬਾਹਰ ਚਲੀ ਜਾਂਦੀ ਏ)

ਬਨਵਾਰੀ : ਰਾਣੀ ਜੀ ! ਅਜ ਤਬੀਅਤਾਂ ਬਹੁਤ ਖੁਸ਼ ਨੇ । ਅਜ ਰਾਤੀਂ ਐਸ਼ਾਂ......

ਰਾਣੀ : ਸਿਆਣੇ ਬਣੋ ਸਿਆਣੇ ।

ਬਨਵਾਰੀ : ਗਿਆ ਤੁਹਾਡੇ ਘਰ ਵਾਲਾ ?

ਰਾਣੀ : ਆਹੋ । ਜਾਂਦੀ ਵਾਰੀ ਗੁਡਬਾਈ ਵੀ ਨਹੀਂ ਕਹਿ ਗਿਆ । ਅੱਜ ਮੈਂ ਉਹਨੂੰ ਸਬਕ ਸਿਖਾਂਗੀ ।

ਬਨਵਾਰੀ : ਦੋਵੇਂ ਰਲ ਕੇ ਸਿਖਾਂਗੇ ।

ਰਾਣੀ : ਆਹੋ ।

ਬਨਵਾਰੀ : ਅੱਜ ਦੁਨੀਆ ਵਿਚ ਮੇਰੇ ਤੋਂ ਜ਼ਿਆਦਾ ਖੁਸ਼ ਕੋਈ ਆਦਮੀ ਨਹੀਂ । ਬਸ, ਜਾਓ ਤੁਸੀਂ ਫਟਾ ਫਟ ਤਿਆਰ ਹੋ ਜਾਓ । ਮੈਂ ਅੱਧੇ ਘੰਟੇ ਵਿਚ ਤੁਹਾਨੂੰ ਮਿਲਾਂਗਾ । ਠੀਕ ਏ ?
(ਰਾਣੀ ਜਾਣ ਲਗਦੀ ਏ ਫਿਰ ਵਾਪਸ ਮੁੜ ਕੇ ਬਨਵਾਰੀ ਲਾਲ ਨੂੰ ਵੇਖਦੀ ਏ । ਬਨਵਾਰੀ ਉਹਨੂੰ ਹਵਾਈ ਬੋਸਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੰਦਾ ਏ, ਉਹ ਸ਼ਰਮਾ ਕੇ ਮੂੰਹ ਮੋੜ ਲੈਂਦੀ ਏ)
ਰਾਮ ਪਿਆਰੀ ਦਾਖ਼ਲ ਹੁੰਦੀ ਏ, ਉਹਦੇ ਪਿੱਛੇ ਪਿੱਛੇ ਫੂਲਾਂ ਨੇ ਰੋਟੀ ਦਾ ਥਾਲ ਚੁਕਿਆ ਹੋਇਆ ਏ)

ਰਾਮ ਪਿਆਰੀ : (ਰਾਣੀ ਨੂੰ) ਚੱਲੀ ਏਂ ?

ਰਾਣੀ : ਆਹੋ, ਮਾੜੀ ਜੇਹੀ ਸਿਰ ਪੀੜ ਏ ।

ਰਾਮ ਪਿਆਰੀ : ਕੋਈ ਦਵਾਈ ਦਵੂਈ ਖਾ ਲੈਂਦੀ ।
(ਫੂਲਾਂ ਨੂੰ) ਉੱਧਰ ਰੱਖ ਦੇ ਮੇਜ਼ ਤੇ ।
(ਰਾਣੀ ਬਾਹਰ ਚਲੀ ਜਾਂਦੀ ਏ)

ਬਨਵਾਰੀ : (ਆਪਣੀ ਕੁਰਸੀ ਤੇ ਬੈਠ ਕੇ) ਥਾਲੀ ਵਿਚ ਕੀ ਲਿਆਏ ਓ ਚੰਨ ਜੀ ?

ਰਾਮ ਪਿਅਰੀ : ਤੁਹਾਡਾ ਖਾਣਾ । ਫੂਲਾਂ ਚਲੀ ਏ ਨਾ ਸੁਨੀਲ ਨਾਲ । ਮੈਂ ਕਿਹਾ ਫੇਰ ਆਪ ਪਾਂਦੇ ਫਿਰੋਗੇ । ਹੁਣੇ ਈਂ ਲੈ ਆਈ ਆਂ ।

ਬਨਵਾਰੀ : (ਉਠ ਕੇ) ਗਲ ਸੁਣੋਂ, ਇਹ ਲੈ ਜਾਓ । ਮੈਂ ਅੱਜ ਰੋਟੀ ਬਾਹਰ ਖਾਵਾਂਗਾ ਕਿਸੇ ਹੋਟਲ ਵਿਚ । ਬੜਾ ਚਿਰ ਹੋ ਗਿਆ ਏ ਬਾਹਰ ਖਾਧਿਆਂ ।

ਰਾਮ ਪਿਆਰੀ : ਕੋਈ ਨਹੀਂ ਬਾਹਰ ਖਾਣੀ । ਇਥੇ ਈ ਖਾਉ ।

ਬਨਵਾਰੀ : ਕਿਉਂ ਜੀ, ਬਾਹਰ ਖਾਣ ਵਿਚ ਕੀ ਹਰਜ ਏ ?

ਰਾਮ ਪਿਆਰੀ : ਹਰਜ ਹੈ, ਵਿਆਹੇ ਬੰਦੇ ਵਹੁਟੀਆਂ ਤੋਂ ਬਗੈਰ ਹੋਟਲਾਂ ਵਿਚ ਰੋਟੀਆਂ ਨਹੀਂ ਖਾਂਦੇ ।

ਬਨਵਾਰੀ : ਕਿਉਂ ਨਹੀਂ ਖਾਂਦੇ ?

ਰਾਮ ਪਿਆਰੀ : ਜੇ ਕਿਸੇ ਵੇਖ ਲਿਆ ਤਾਂ ਕੀ ਕਹੇਗਾ ?

ਬਨਵਾਰੀ : ਮੈਂ ਰੋਟੀ ਖਾਣ ਜਾ ਰਿਹਾਂ......ਕੋਈ ਖੋਤੀ ਨੂੰ ਹੱਥ ਤੇ ਨਹੀਂ ਲਾ ਰਿਹਾ ।

ਰਾਮ ਪਿਆਰੀ : ਜ਼ਿਆਦਾ ਟੈਂ ਟੈਂ ਕਰਨ ਦੀ ਲੋੜ ਨਹੀਂ । ਮੈਂ ਕਹਿ ਦਿਤਾ ਰੋਟੀ ਘਰ ਖਾਣੀ ਪਏਗੀ ।

ਬਨਵਾਰੀ : (ਤੱਤਾ ਹੋ ਕੇ) ਮੈਂ ਇਹ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦਾ । ਮੈਂ ਕੋਈ ਬੱਚਾ ਆਂ ?

ਰਾਮ ਪਿਆਰੀ : ਤੇ ਹੋਰ ਕੀ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਵਾਰੀ : ਮੈਂ ਆਪਣੀ ਮਰਜ਼ੀ ਕਰਾਂਗਾ । ਸਮਝੇ ਉਂ ।

ਰਾਮ ਪਿਆਰੀ : ਕੀ ਕਿਹਾ ?

ਬਨਵਾਰੀ : (ਜ਼ਮੀਨ ਤੇ ਪੈਰ ਮਾਰ ਕੇ) ਮੈਂ ਰੋਟੀ ਬਾਹਰ ਖਾਂ ਗਾ ।

ਰਾਮ ਪਿਆਰੀ : ਫ਼ੇਰ ਕਹੋ ।

ਬਨਵਾਰੀ : ਮੈਂ ਰੋਟੀ ਬਾਹਰ ਖਾਂ ਗਾ ।

ਰਾਮ ਪਿਆਰੀ : ਫੇਰ ਕਹੀਓ ।

ਬਨਵਾਰੀ : ਤੁਸੀਂ ਕੀ ਕਰ ਲਓਗੇ ਮੇਰਾ ?

ਰਾਮ ਪਿਆਰੀ : ਇਕ ਵਾਰੀ ਫੇਰ ਕਹੋ ਤੇ ਸਹੀ ।

ਬਨਵਾਰੀ : ਸਮਝੋ ਕਹਿ ਦਿੱਤਾ ।

(ਰਾਮ ਪਿਆਰੀ ਧੱਕਾ ਦਿੰਦੀ ਏ । ਬਨਵਾਰੀ ਡਿਗ ਪੈਂਦਾ ਏ)

ਬਨਵਾਰੀ : (ਦਰਸ਼ਕਾਂ ਨੂੰ) ਮੈਂ ਇਹਦੇ ਧੱਕੇ ਨਾਲ ਨਹੀਂ ਡਿੱਗਿਆ । ਮੇਰਾ ਤੇ ਉਂਝ ਈ ਪੈਰ ਤਿਲਕ ਗਿਆ ਸੀ ।

(ਰਾਮ ਪਿਆਰੀ ਬਾਹਰੋਂ ਬੂਹਾ ਬੰਦ ਕਰ ਦੇਂਦੀ ਏ)

ਬਨਵਾਰੀ : (ਬੂਹਾ ਖੜਕਾ ਕੇ) ਮੈਂ ਕਿਹਾ ਬੂਹਾ ਖੋਹਲੋ ।

ਰਾਮ ਪਿਆਰੀ : ਮੈਂ ਕਿਹਾ ਕਲ ਸਵੇਰੇ ਮਿਲਾਂਗੀ ।

ਬਨਵਾਰੀ : ਮੈਂ ਹੁਣੇ ਫਾਇਰ ਬ੍ਰੀਗੇਡ ਨੂੰ ਬੁਲਾਂਨਾ । ਮੈਂ ਪੁਲਿਸ ਬੁਲਾਂਨਾ......ਮੈਂ ਗਵਾਂਢੀ ਬੁਲਾਂਨਾ......(ਖਿੜਕੀ ਦੇ ਨੇੜੇ ਜਾ ਕੇ) ਲਓ ਖਾਂ, ਕਿਸੇ ਨੂੰ ਬੁਲਾਣ ਦੀ ਕੀ ਲੋੜ ਏ । ਬਾਰੀ ਖੁਲ੍ਹੀ ਏ...... ਚਲ ਵਾਈ, ਇਥੋਂ ਉੱਡ ਜਾ ਭੋਲਿਆ ਪੰਛੀਆ......।

(ਖਿੜਕੀ ਵਿਚੋਂ ਛਲਾਂਗ ਮਾਰ ਕੇ ਬਾਹਰ ਚਲਾ ਜਾਂਦਾ ਏ)

(ਪਰਦਾ ਡਿਗਦਾ ਹੈ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਜਾ ਐਕਟ

ਸਥਾਨ : ਪੁਰਬਹਾਰ ਹੋਟਲ। ਸ਼ਾਮ ਦਾ ਵੇਲਾ......ਹੋਟਲ ਦਾ ਮੈਨੇਜਰ ਰਾਮ ਲੁਭਾਇਆ ਰੀਸੈਪਸ਼ਨ ਡੈਸਕ ਤੇ ਬੈਠਾ ਏ।

ਰਾਮ ਲੁਭਾਇਆ : ਮਾਰ ਸੁਟਿਆ ਏ ਸੌਰੀ ਨੇ, ਜਾਨੋਂ ਮਾਰ ਸੁਟਿਆ ਏ। ਕਿਸੇ ਕੰਮ ਜੋਗਾ ਨਹੀਂ ਛੱਡਿਆ ਸੂ ਇਸ ਸੌਰੀ ਮਹਿੰਗਾਈ ਨੇ। ਜਦੋਂ ਮੈਂ ਇਸ ਹੋਟਲ ਦਾ ਮੈਨੇਜਰ ਲਗਾ ਸਾਂ ਤਾਂ ਆਟੇ ਦਾ ਪੇੜਾ ਛਟਾਂਕੀ ਦਾ ਬਣਦਾ ਸੀ, ਮੈਂ ਉਹਨੂੰ ਘਟਾ ਘਟਾ ਕੇ ਅੱਧੀ ਛਟਾਂਕੀ ਦਾ ਕਰ ਛੱਡਿਆ ਏ। ਪਰ ਪੂਰੀ ਨਹੀਂ ਪੈਂਦੀ। ਦਾਲ ਵਿਚ ਪਹਿਲਾਂ ਪਾਣੀ ਪਾਂਦਾ ਸਾਂ ਦੋ ਹਿੱਸੇ, ਹੁਣ ਪਾਣਾਂ ਤਰੈ ਹਿੱਸੇ, ਪਰ ਫਿਰ ਵੀ ਪੂਰੀ ਨਹੀਂ ਪੈਂਦੀ। ਤੁਸੀਂ ਕਹੋਗੇ, ਰਾਮ ਲੁਭਾਇਆ ਛੱਡ ਸਿਆਪਾ ਹੋਟਲ ਦਾ ਤੇ ਕੁਝ ਹੋਰ ਕਰ ਲੈ। ਕਹਿਣਾ ਆਸਾਨ ਏਂ ਬਾਊ ਜੀ, ਕਰਨਾ ਮੁਸ਼ਕਿਲ। ਇਸ ਹੋਟਲ ਦੀ ਨੌਕਰੀ ਦਾ ਚਸਕਾ ਐਡਾ ਭੈੜਾ ਏ ਕਿ ਛੱਡੀ ਨਹੀਂ ਜਾਂਦੀ। ਇਸ ਹੋਟਲ ਵਿਚ ਉਹ ਉਹ ਨਜ਼ਾਰੇ ਵੇਖੇ ਨੇ, ਕਿ ਧਰਮ ਨਾਲ ਸਿਰਫ ਯਾਦ ਕਰ ਕੇ ਈ ਮਜ਼ਾ ਆ ਜਾਂਦਾ ਏ। ਸੁਖ ਨਾਲ ਹੋਟਲ ਦੀ ਮਸ਼ਹੂਰੀ ਐਸੀ ਹੋਈ ਏ ਕਿ ਟੱਬਰ ਵਾਲਾ ਕੋਈ ਇਥੇ ਆਉਂਦਾ ਨਹੀਂ ਵੇਖਿਆ। ਆਉਂਦੇ ਜੋੜੇ ਈ ਨੇ, ਪਰ ਕਬੂਤਰ ਕਿਸੇ ਨਸਲ ਦਾ ਤੇ ਕਬੂਤਰੀ ਕਿਸੇ ਹੋਰ ਨਸਲ ਦੀ। (ਦਰਸ਼ਕਾਂ ਵਲ ਵੇਖ ਕੇ) ਮੈਂ ਕਿਹਾ ਕਦੀ ਆਉਣਾ ਸਾਡੇ ਹੋਟਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੈਰਾ : (ਭੱਜਾ ਭੱਜਾ ਆਉਂਦਾ ਏ......ਉਹਨੂੰ ਸਾਹ ਚੜ੍ਹਿਆ ਹੋਇਆ ਏ) ਮੈਂ ਕਿਹਾ ਮਾਲਿਕੋ !

ਰਾਮ ਲੁਭਾਇਆ : ਬੋਲ ਕੀ ਗਲ ਏ ? ਬੜਾ ਘਬਰਾਇਆ ਹੋਇਆ ਏਂ ?

ਬੈਰਾ : ਕੀ ਦੱਸਾਂ ਮਾਲਕੋ ਮੈਂ ਕੀ ਦੇਖ ਆਇਆਂ ?

ਰਾਮ ਲੁਭਾਇਆ : ਕੀ ਦੇਖ ਆਇਆ ਏਂ ?

ਬੈਰਾ : ਮੈਨੂੰ ਕੀ ਪਤਾ ਸੀ ਅੰਦਰ ਕੀ ਏ ?

ਰਾਮ ਲੁਭਾਇਆ : ਉਏ ਕਿਦ੍ਹੇ ਅੰਦਰ ?

ਬੈਰਾ : ਬਾਈ ਨੰਬਰ......ਆਹੋ ਜੀ ਬਾਈ ਨੰਬਰ ਕਮਰੇ ਦੇ ਅੰਦਰ ।

ਰਾਮ ਲੁਭਾਇਆ : ਕੀ ਹੋਇਆ ਏ ਬਾਈ ਨੰਬਰ ਕਮਰੇ ਵਿਚ ?

ਬੈਰਾ : ਬਾਈ ਨੰਬਰ ਤੋਂ ਆਈ ਘੰਟੀ, ਮੈਂ ਜਾ ਕੇ ਬੂਹਾ ਖੜ-ਕਾਇਆ । ਅੰਦਰੋਂ ਪਤਲੀ ਜੇਹੀ ਵਾਜ ਆਈ "ਆ-ਜਾ" ਮੈਂ ਅੰਦਰ ਵੜ ਗਿਆ, ਤੇ ਅੰਦਰ ਜਾ ਕੇ ਕੀ ਵੇਖਿਆ !

ਰਾਮ ਲੁਭਾਇਆ : ਕੀ ਵੇਖਿਆ ?

ਬੈਰਾ : ਤੁਸੀਂ ਬੁੱਝੋ ?

ਰਾਮ ਲੁਭਾਇਆ : ਉਏ ਬੱਕ ਕੀ ਰਿਹਾਂ । ਲਗਾ ਏ ਪਿਉ ਆਲੇ ਦੀਆਂ ਬੁਝਾਰਤਾਂ ਪਾਣ ।

ਬੈਰਾ : ਅੰਦਰ ਇਕ ਜਨਾਨੀ ਸੀ ।

ਰਾਮ ਲੁਭਾਇਆ : ਤੇ ਹੋਇਆ ਕੀ ?

ਬੈਰਾ : ਜਨਾਨੀ ਸੀ, ਅਲਫ਼ ਨੰਗੀ ।

ਰਾਮ ਲੁਭਾਇਆ : ਤੇ ਫੇਰ ਕੀ ਹੋਇਆ ?

ਬੈਰਾ : ਸੁਣ ਰਹੇ ਓ ? ਅਲਫ਼ ਨੰਗੀ !

ਰਾਮ ਲੁਭਾਇਆ : ਆਹੋ ਸੁਣ ਲਿਆ ਏ, ਤੈਨੂੰ ਕੀ ਕਹਿੰਦੀ ਏ ਅਲਫ਼-ਨੰਗੀ ।

ਬੈਰਾ : ਮੈਨੂੰ......ਮੈਨੂੰ ਕਹਿੰਦੀ ਏ......ਬੈਰਾ, ਇਕ ਤਾਸ਼ ਲਿਆ ਦੇ......ਮਾਲਕੋ, ਜੇ ਤੁਸੀਂ ਮੇਰੀ ਥਾਂਈਂ ਹੁੰਦੇ ਤਾਂ ਕੀ ਕਰਨਾ ਸੀ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਮ ਲੁਭਾਇਆ : ਮੈਂ......ਮੈਂ ਹੁਣੇ ਇਸ [illegible] ਵਿਚ ਕੀ [illegible] ਸੀ, ਮੈਂ ਤਾਸ਼ ਲਿਆ ਦੇਣੀ ਸੀ ।

ਬੈਰਾ : ਪਰ ਮਾਲਕੋ ! ਜਨਾਨੀ ਅਲਫ਼ ਨੰਗੀ......ਇਸ ਤਰ੍ਹਾਂ ਕੋਈ ਔਰਤ ਚੰਗੀ ਲਗਦੀ ਏ ?

ਰਾਮ ਲੁਭਾਇਆ : ਕਿਉਂ ਓਏ ਸੂਰੀ ਦਿਆ, ਚੰਗੀ ਕਿਉਂ ਨਹੀਂ ਲਗਦੀ ? ਬੜੀ ਚੰਗੀ ਲਗਦੀ ਏ । ਨਾਲੇ ਕਾਕਾ ਸਾਡੇ ਹੋਟਲ ਵਿਚ ਤੇ ਇੰਝ ਈ ਹੁੰਦਾ ਏ । ਜੇ ਉਹਨੇ ਕਪੜੇ ਪਾ ਕੇ ਬਹਿਣਾ ਹੋਵੇ ਤਾਂ ਆਪਣੇ ਘਰ ਈ ਬੈਠੀ ਰਹੇ ।

ਬੈਰਾ : ਸਾਡੇ ਪਿੰਡ ਤੇ ਇੰਝ ਕੋਈ ਜ਼ਨਾਨੀ ਕਰੇ ਨਾ ਧਰਮ ਨਾਲ......

ਰਾਮ ਲੁਭਾਇਆ : ਓ ਭਾਈਆ......ਤੈਨੂੰ ਕਿੰਨੀ ਵਾਰੀ ਕਿਹਾ ਏ ਇਹ ਪਿੰਡ ਨਹੀਂ......ਇਹ ਸ਼ਹਿਰ ਏ । ਤੇ ਇਹ ਪੁਰਬਹਾਰ ਹੋਟਲ ਏ । ਸਮਝਿਆ ਏਂ......ਜਾ......ਜਾ ਕੇ ਹੁਣ ਨੌਂ ਨੰਬਰ ਦਾ ਬੂਹਾ ਖੜਕਾ ।

ਬੈਰਾ : ਨੌਂ ਨੰਬਰ ਵਾਲੀ ਜ਼ਨਾਨੀ ਨੂੰ ਕੀ ਚਾਹੀਦਾ ਏ ?

ਰਾਮ ਲੁਭਾਇਆ : ਉਥੇ ਜ਼ਨਾਨੀ ਕੋਈ ਨਹੀਂ । ਉਥੇ ਇਕ ਮੁਲਤਾਨੀ ਏ, ਸਕੂਲ ਮਾਸਟਰ ।

ਬੈਰਾ : ਉਸ ਮੁਲਤਾਨੀ ਸਕੂਲ ਮਾਸਟਰ ਦਾ ਕੀ ਕਰਾਂ ?

ਰਾਮ ਲੁਭਾਇਆ : ਉਹਨੂੰ ਸਬਕ ਪੜ੍ਹਾ......ਉਹਨੇ ਕਿਰਾਇਆ ਨਹੀਂ ਦਿੱਤਾ ਤਿੰਨਾਂ ਮਹੀਨਿਆਂ ਦਾ । ਜਾ......ਜਾ ਕੇ ਉਹਨੂੰ ਠੁੱਡਾ ਮਾਰ ਕੇ ਬਾਹਰ ਕੱਢ, ਤੇ ਉਹਦਾ ਟਰੰਕ ਚੁੱਕ ਲਿਆ ।

ਬੈਰਾ : ਮੁਲਤਾਨੀ ਮਾਸਟਰ ਦਾ ?

ਰਾਮ ਲੁਭਾਇਆ : ਆਹੋ ।

ਬੈਰਾ : ਮਾਲਕੋ, ਉਹ ਆਦਮੀ ਬੜਾ ਡ੍ਹਾਢਾ ਏ । ਜੇ ਉਹਨੂੰ ਗੁੱਸਾ ਆ ਗਿਆ ਤਾਂ ਉਹਨੇ ਮੇਰੀ ਧੌਣ ਦਾ ਮਣਕਾ ਭੰਨ ਦੇਣਾ ਏਂ ।

ਰਾਮ ਲੁਭਾਇਆ : ਓਏ ਤੂੰ ਜਾ । ਘਬਰਾ ਨਹੀਂ, ਅਸੀਂ ਤੈਨੂੰ ਮਣਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰ ਪੁੱਛਿਆ ਦਿਆਂਗੇ।

ਬੈਰਾ : ਮੈਨੂੰ ਤੇ ਬੜਾ ਡਰ ਲਗ ਰਿਹਾ ਏ। ਨੌਂ ਨੰਬਰ ਵਾਲੇ ਮੁਲਤਾਨੀ ਕੋਲ ਜਾਣ ਦੀ ਥਾਂ ਮੈਂ ਬਾਈ ਨੰਬਰ ਵਾਲੀ ਜ਼ਨਾਨੀ ਕੋਲ ਜਾਣ ਨੂੰ ਤਿਆਰ ਆਂ।

ਰਾਮ ਲੁਭਾਇਆ : ਨਹੀਂ ਨਹੀਂ, ਤੂੰ ਉਧਰ ਈ ਜਾ। ਅੱਛਾ ਗੱਲ ਸੁਣ, ਉਸ ਬਾਈ ਨੰਬਰ ਵਾਲੀ ਜ਼ਨਾਨੀ ਦਾ ਬੰਦਾ ਕਿਥੇ ਏ?

ਬੈਰਾ : ਉਹ ਕਿਤੇ ਬਾਹਰ ਗਿਆ ਏ।

ਰਾਮ ਲੁਭਾਇਆ : ਘਰ ਵਿਚ ਗੰਗਾ ਵਗਦੀ ਛੱਡ ਕੇ ਉਹ ਬਾਹਰ ਕੀ ਲੈਣ ਗਿਆ ਏ?

ਬੈਰਾ : ਹੁਣ ਮਾਲਕੋ ਮੈਨੂੰ ਕੀ ਪਤਾ?

ਰਾਮ ਲੁਭਾਇਆ : ਅੱਛਾ ਗੱਲ ਸੁਣ। ਜਦੋਂ ਉਹ ਆ ਜਾਏ ਤਾਂ ਮੈਨੂੰ ਦੱਸੀਂ?

ਬੈਰਾ : ਕਿਉਂ, ਕੀ ਗੱਲ ਏ?

ਰਾਮ ਲੁਭਾਇਆ : ਐਵੇਂ ਈਂ। ਅੱਜ ਕੁਸ਼ਤੀ ਵੇਖਣ ਤੇ ਜੀ ਕਰ ਰਿਹਾ ਏ।

ਬੈਰਾ : ਉਹ ਬਾਈ ਨੰਬਰ ਵਾਲਾ ਬੰਦਾ, ਦੰਗਲ ਦੀਆਂ ਟਿਕਟਾਂ ਵੇਚਦਾ ਏ?

ਰਾਮ ਲੁਭਾਇਆ : ਓ ਨਹੀਂ ਸੌਰ੍ਹੀ ਦਿਆ, ਦੰਗਲ ਉਹਦੇ ਕਮਰੇ ਵਿਚ ਹੋਏਗਾ। ਕੁਝ ਸਮਝਿਆ ਏਂ?

ਬੈਰਾ : (ਸਿਰ ਖੁਜਲਾ ਕੇ) ਆਹੋ ਸਮਝ ਗਿਆਂ......ਪਰ ਮਾਲਕੋ ਉਹ ਤੇ ਅੰਦਰੋਂ ਲਾ ਲੈਣਗੇ ਕੁੰਡਾ, ਤੁਸੀਂ ਦੰਗਲ ਕਿਵੇਂ ਵੇਖੋਗੇ?

ਰਾਮ ਲੁਭਾਇਆ : (ਬੈਰੇ ਨੂੰ ਬਰਮਾ ਵਿਖਾਂਦਾ ਹੋਇਆ) ਉਏ ਆਹ ਵੇਖਨਾਂ ਏਂ ਬਰਮਾ! ਇਹ ਬੜੇ ਕੰਮ ਦੀ ਚੀਜ਼ ਏ। ਮੈਨੂੰ ਤੇ ਜਦੋਂ ਵੀ ਸ਼ੱਕ ਪਏ ਨਾ, ਕਿ ਅੱਜ ਫਲਾਣੇ ਕਮਰੇ ਵਿਚ ਦੰਗਲ ਹੋਣ ਦੀ ਉਮੀਦ ਏ, ਤਾਂ ਮੈਂ ਆਪਣਾ ਬਰਮਾ ਲੈ ਕੇ ਪਹੁੰਚ ਜਾਂਦਾ ਵਾਂ। ਉਸ ਕਮਰੇ ਦੀ ਕੰਧ ਵਿਚ ਕੀਤੀ ਮੋਰੀ, ਮੋਰੀ ਵਿਚ ਅੱਖ ਫਿੱਟ ਕੀਤੀ, ਤੇ ਬਹਿ ਗਏ ਡਟ ਕੇ ਕੁਸ਼ਤੀ ਵੇਖਣ......ਚਲ ਤੂੰ ਕੀ ਲੈਣਾ ਏਂ ਇਸ ਚੱਕਰ ਵਿਚੋਂ। ਜਾ, ਜਾ ਕੇ ਨੌਂ ਨੰਬਰ ਵਾਲੇ ਮੁਲਤਾਨੀ ਦਾ ਸਾਮਾਨ ਚੁੱਕ ਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੈਰਾ : ਜਾਵਾਂ ?

ਰਾਮ ਲੁਭਾਇਆ : ਆਹੋ ਤੇ ਹੋਰ ਕਿਸੇ ਪੰਡਿਤ ਕੋਲੋਂ ਮਹੂਰਤ ਕਢਾਣਾ ਈਂ ?

ਬੈਰਾ : ਜਾਨਾਂ ਮਾਲਕੋ ! ਜਾਨਾਂ ।

(ਬੈਰਾ ਚਲਾ ਜਾਂਦਾ ਏ)

(ਗਿਰਧਾਰੀ ਇਕ ਅਟੈਚੀ ਚੁੱਕਿਆ ਹੋਇਆ ਅੰਦਰ ਆਉਂਦਾ ਏ)

ਗਿਰਧਾਰੀ : ਕਿਉਂ ਵਾਈ ਹੈ ਕੋਈ ਬੰਦਾ ਅੰਦਰ । ਮੈਨੇਜਰ ਕਿਥੇ ਹੈ ਇਸ ਹੋਟਲ ਦਾ ?

ਰਾਮ ਲੁਭਾਇਆ : (ਕੋਲ ਆ ਕੇ) ਮੈਨੇਜਰ ਤੁਹਾਡੇ ਚਰਨਾਂ ਵਿਚ ਏ ਬਾਦਸ਼ਾਹੋ ।

ਗਿਰਧਾਰੀ : ਦੇਖੋ ਮੈਨੇਜਰ ਸਾਹਿਬ, ਗਲ ਇਹ ਹੈ ਕਿ......

ਰਾਮ ਲੁਭਾਇਆ : ਸਾਨੂੰ ਸਭ ਪਤਾ ਏ ਬਾਦਸ਼ਾਹੋ ਤੁਹਾਨੂੰ ਦੋ ਪਿਆਰ ਦੇ ਪੰਛੀਆਂ ਨੂੰ ਪਿਆਰ ਕਰਨ ਲਈ ਇਕ ਆਲ੍ਹਣਾ ਚਾਹੀਦਾ ਏ। ਮੇਰਾ ਨਾਂ ਰਾਮ ਲੁਭਾਇਆ ਏ । ਮੇਰਾ ਹਿਸਾਬ ਉਸ ਹਕੀਮ ਵਰਗਾ ਏ, ਜਿਹੜਾ ਮਰੀਜ਼ ਦਾ ਮੂੰਹ ਵੇਖ ਕੇ ਦਸ ਦਿੰਦਾ ਏ ਕਿ ਇਹਨੂੰ ਕੀ ਤਕਲੀਫ਼ ਏ । ਤੁਹਾਨੂੰ ਕਿਹੋ ਜਿਹਾ ਕਮਰਾ ਚਾਹੀਦਾ ਏ ਮੈਨੂੰ ਸਭ ਪਤਾ ਏ ਬਾਦਸ਼ਾਹੋ ! ਅਸੀਂ ਤੁਹਾਨੂੰ ਐਸਾ ਕਮਰਾ ਦਿਆਂਗੇ ਕਿ ਤੁਹਾਡੀ ਮੇਮ ਸਾਹਿਬ ਖੁਸ਼ ਹੋ ਜਾਏਗੀ। ਮੇਮ ਸਾਹਿਬ ਹੈ ਕਿਥੇ ਤੁਹਾਡੀ ? ਪਿੱਛੇ ਆ ਰਹੇ ਨੇ ?

ਗਿਰਧਾਰੀ : ਮੇਰੇ ਨਾਲ ਕੋਈ ਮੇਮ ਸਾਹਿਬ ਨਹੀਂ, ਮੈਂ ਕੱਲਾ ਈ ਆਂ।

ਰਾਮ ਲੁਭਾਇਆ : ਮਾਫ਼ ਕਰਨਾ ਬਾਉ ਜੀ। ਅਸਾਂ ਕੋਲ ਤੇ ਕਮਰੇ ਈ ਕਮਰੇ ਨੇ । ਹੋਰ ਇੰਤਜ਼ਾਮ ਕੋਈ ਨਹੀਂ । ਹੋਰ ਇੰਤਜ਼ਾਮ ਤੁਹਾਨੂੰ ਆਪ ਈ ਕਰਨਾ ਪਏਗਾ ।

ਗਿਰਧਾਰੀ : ਮੈਨੂੰ ਸਮਝ ਨਹੀਂ ਆਉਂਦੀ ਤੁਸੀਂ ਕੀ ਕਹਿ ਰਹੇ ਹੋ ?

ਰਾਮ ਲੁਭਾਇਆ : ਅਸਾਂ ਕੀ ਇਹ ਸਮਝ ਨਹੀਂ ਆਂਵਦੀ, ਕਿ ਤੁਸਾਂ ਕੀ ਸਮਝ ਕਿਉਂ ਨਹੀਂ ਆ ਰਹੀ ?

ਗਿਰਧਾਰੀ : ਭਾਈ ਇਹ ਪੁਰਬਹਾਰ ਹੋਟਲ ਹੈ ਕਿ ਨਹੀਂ ?

ਰਾਮ ਲੁਭਾਇਆ : ਹੈ ਕਿਉਂ ਨਹੀਂ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਰਧਾਰੀ : ਸੱਚਾ ਨਾਂ ਗਿਰਧਾਰੀ ਲਾਲ ਏ। ਗਿਰਧਾਰੀ ਲਾਲ ਆਰਕੀਟੈਕਟ। ਤੁਹਾਨੂੰ ਕਿਸੇ ਮੇਰੇ ਬਾਰੇ ਖਬਰ ਨਹੀਂ ਦਿੱਤੀ ?

ਰਾਮ ਲੁਭਾਇਆ : ਉਹ, ਗਿਰਧਾਰੀ ਲਾਲ ਜੀ ! ਆਰਕੀਟੈਕਟ ਸਾਹਿਬ ! ਅੱਛਾ ਤੁਸੀਂ ਆਏ ਹੋ ਭੂਤ ਲੱਭਣ। ਜੀ ਆਇਆਂ ਨੂੰ। ਆਰਕੀਟੈਕਟ ਸਾਹਿਬ, ਬੜੇ ਬਦਮਾਸ਼ ਭੂਤ ਨੇ। ਰਾਤੀਂ ਸਾਰੇ ਛੇ ਨੰਬਰ ਵਿਚ ਕੱਠੇ ਹੋ ਜਾਂਦੇ ਨੇ। ਆਂਵਦੇ ਨੇ ਤੇ ਕੰਧਾਂ ਹਿਲਣੀਆਂ ਸ਼ੁਰੂ ਹੋ ਜਾਂਦੀਆਂ ਨੇ। ਮੇਜ਼ ਉੱਡ ਕੇ ਛੱਤ ਕੋਲ ਚਲਾ ਜਾਂਦਾ ਏ।

ਗਿਰਧਾਰੀ : ਬਸ ਬਸ......ਮੈਂ ਆਪੇ ਦੇਖ ਲਾਂਗਾ ਭੂਤ ਕੀ ਕਰਦੇ ਨੇ। ਆਉ ਖਾਂ ਜ਼ਰਾ ਮੈਨੂੰ ਉਹ ਕਮਰਾ ਵਿਖਾ ਦਿਉ।

ਰਾਮ ਲੁਭਾਇਆ : ਚਲੋ, ਮੈਂ ਜ਼ਰਾ ਮੋਮਬੱਤੀ ਲੈ ਲਾਂ।

ਗਿਰਧਾਰੀ : ਮੋਮਬੱਤੀ ਕਾਹਦੇ ਵਾਸਤੇ ?

ਰਾਮ ਲੁਭਾਇਆ : ਉਹ ਜੀ, ਬੱਤੀ ਚਲੀ ਜਾਂਦੀ ਏ ਇਥੇ ਦਸ ਵਜੇ ਤੋਂ ਬਾਦ। ਲਉ ਜੀ, ਆਹ ਜੇ ਕਮਰਾ।

ਗਿਰਧਾਰੀ : (ਜਿਵੇਂ ਉਹਨੂੰ ਭੂਤਾਂ ਵਿਚ ਵਿਸ਼ਵਾਸ ਨਾ ਹੋਵੇ) ਏਸ ਵੇਲੇ ਤੇ ਭੂਤਾਂ ਵਾਲੀ ਕੋਈ ਗੱਲ ਨਹੀਂ ਲੱਗਦੀ। ਚੁੱਪ ਚਾਂ ਏਂ ਕਮਰੇ ਵਿਚ।

ਰਾਮ ਲੁਭਾਇਆ : ਲਉ ਬਾਦਸ਼ਾਹੋ ! ਭੂਤਾਂ ਨੂੰ ਵੀ ਦਿਹਾੜੀ ਸੌ ਕੰਮ ਹੁੰਦੇ ਨੇ। ਅੱਧੀ ਰਾਤ ਵੇਲੇ ਆਵਣਗੇ ਰੋਟੀ ਟੁੱਕਰ ਖਾ ਕੇ।

ਗਿਰਧਾਰੀ : ਚੰਗਾ ਵਾਈ ਤੂੰ ਚਲ ਤੇ ਆਪਣਾ ਕੰਮ ਸ਼ੰਮ ਕਰ। ਮੈਂ ਰਾਤੀਂ ਇਥੇ ਈ ਸੌਂਵਾਂਗਾ। ਮੈਂ ਇਥੇ ਆਪਣਾ ਸਾਮਾਨ ਸਮੂਨ ਫਿੱਟ ਕਰ ਦਿਆਂ।

ਰਾਮ ਲੁਭਾਇਆ : ਚੰਗਾ ਜੀ।

(ਫੇਰ ਇਕ ਪਾਸੇ ਹੋ ਕੇ) ਪੁੱਤਰਾ ਅਜ ਰਾਤੀਂ ਭੂਤਾਂ ਨੇ ਤੇਰੀ ਬਾਂ ਬਾਂ ਨਾ ਕਰਾ ਦਿਤੀ ਤਾਂ ਸਾਨੂੰ ਕਹੀਂ......

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਆ ਕੇ ਕੁਰਸੀ ਤੇ ਬੈਠ ਜਾਂਦਾ ਏ ।
ਬਨਵਾਰੀ ਤੇ ਰਾਣੀ ਦਾਖਲ ਹੁੰਦੇ ਨੇ। ਬਨਵਾਰੀ ਨੇ ਰਾਣੀ ਦਾ ਅਟੈਚੀ ਚੁਕਿਆ ਹੋਇਆ ਏ। ਮੈਨੇਜਰ ਕੋਲ ਆਉਂਦਾ ਏ)

ਬਨਵਾਰੀ : (ਘਬਰਾਇਆ ਹੋਇਆ) ਮ ਮ ਮ ਮ ਮੈਨੇਜਰ ਨੂੰ ਮਿਲਣਾ ਸੀ ।

ਰਾਮ ਲੁਭਾਇਆ : ਮੈਨੇਜਰ ਤੁਹਾਡੇ ਚਰਨਾਂ ਵਿਚ ਖੜਾ ਏ ।

ਬਨਵਾਰੀ : ਲਓ ! ਤੁਸੀਂ ਕੋਲ ਖੜੇ ਹੋ ਤੇ ਮੈਂ ਪੁਛੀ ਜਾ ਰਿਹਾ ਹਾਂ ।

ਰਾਮ ਲੁਭਾਇਆ : ਪੁਛੀ ਜਾਉ, ਮੈਂ ਮਨ੍ਹਾਂ ਤੇ ਨਹੀਂ ਕਰ ਸਕਦਾ । ਹੈ ਨਾ......?

ਬਨਵਾਰੀ : ਇਹ ਤੇ ਹੈ ।

ਰਾਮ ਲੁਭਾਇਆ : ਅੱਛਾ ਮੈਂ ਇਕ ਮਿੰਟ ਵਿਚ ਆਉਂਦਾਂ ।
(ਮੈਨੇਜਰ ਉਠ ਕੇ ਚਲਾ ਜਾਂਦਾ ਏ । ਰਾਣੀ ਆ ਕੇ ਬਨਵਾਰੀ ਕੋਲ ਖੜੀ ਹੋ ਜਾਂਦੀ ਏ)

ਬਨਵਾਰੀ : ਮੈਨੇਜਰ ਸੀ। ਕਹਿੰਦਾ ਮੈਂ ਹੁਣੇ ਆਉਂਦਾਂ। ਰਾਣੀ ਜੀ, ਕੈਸੀ ਥਾਂ ਲੱਭੀ ਏ ? ਮਜ਼ਾ ਆ ਜਾਏਗਾ ਇਥੇ ।

ਰਾਣੀ : ਸਵਾਹ ਥਾਂ ਏਂ । ਬਸ ਇਕੋ ਇਹ ਹੀ ਹੋਟਲ ਰਹਿ ਗਿਆ ਸੀ ਸਾਡੇ ਲਈ। ਇਹ ਕੋਈ ਸ਼ਰੀਫਾਂ ਦੇ ਰਹਿਣ ਦੀ ਥਾਂ ਏਂ ?

ਬਨਵਾਰੀ : ਉਹ ਤੁਹਾਡੀ ਗੱਲ ਠੀਕ ਏ। ਪਰ ਸਾਡੇ ਮਤਲਬ ਲਈ ਇਹ ਮਾੜਾ ਨਹੀਂ ਜੇ। ਵਡੇ ਕਿਸੇ ਹੋਟਲ ਵਿਚ ਜਾਂਦੇ, ਸਾਨੂੰ ਕੋਈ ਨਾ ਕੋਈ ਵਾਕਿਫ਼ ਮਿਲ ਪੈਣਾ ਸੀ। ਇਥੇ ਸਾਨੂੰ ਕਿਸੇ ਨਹੀਂ ਜੇ ਸਿੰਞਾਣਨਾ ।

ਰਾਣੀ : ਹਾਂ, ਇਹ ਤੇ ਠੀਕ ਏ ।
(ਗਿਰਧਾਰੀ ਆਪਣੇ ਕਮਰੇ ਵਿਚ ਨਿੱਛ ਮਾਰਦਾ ਏ)

ਬਨਵਾਰੀ : ਰੱਖਾਂ ਸਾਂਈ ਦੀਆਂ !

ਗਿਰਧਾਰੀ : ਰਬ ਤੇਰਾ ਕੰਮ ਸੰਵਾਰੇ। ਤੈਨੂੰ ਕਾਮਯਾਬੀ ਦੇਵੇ !

ਬਨਵਾਰੀ : ਦੇਖੋ, ਉਮੀਦ ਤੇ ਹੈ ਕਾਮਯਾਬੀ ਦੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਤਰਲੋ ਨੂੰ [illegible])
ਨਾਲੇ ਹੋਟਲ ਨੂੰ ਅਸੀਂ ਢਾਣਾ ਏਂ, ਸਾਨੂੰ ਤੇ ਪਿਆਰ ਦਿਆਂ ਪੰਛੀਆਂ ਨੂੰ ਇਕ ਮਾੜਾ ਜਿਹਾ ਆਲ੍ਹਣਾ ਚਾਹੀਦਾ ਏ।
(ਆਵਾਜ਼ ਬਦਲ ਕੇ) ਸੂੰਗੀ ਬੋ ਕਿੰਨੀ ਏਂ ਇਥੇ ?

ਮੈਨੇਜਰ : (ਆ ਕੇ) ਹਾਂ ਜੀ, ਹੁਣ ਦੱਸੋ।

ਬਨਵਾਰੀ : ਉਹ ਜੀ ਗਲ ਇਹ ਏ......

ਮੈਨੇਜਰ : ਮੈਂ ਸਮਝ ਗਿਆਂ। ਤੁਹਾਨੂੰ ਦੋ ਪਿਆਰ ਦੇ ਪੰਛੀਆਂ ਨੂੰ ਇਕ ਆਲ੍ਹਣਾ ਚਾਹੀਦਾ ਏ।

ਬਨਵਾਰੀ : ਤੁਹਾਨੂੰ ਕਿਦਾਂ ਪਤਾ ਏ ?

ਮੈਨੇਜਰ : ਦੋ ਪਿਆਰ ਦੇ ਪੰਛੀਆਂ ਨੂੰ ਆਲ੍ਹਣਾ ਨਹੀਂ ਚਾਹੀਦਾ ਤੇ ਹੋਰ ਕੀ ਚਾਹੀਦਾ ਏ......ਬੈਂਗਣ ?

ਗਿਰਧਾਰੀ : ਇਹ ਤੇ ਹੈ।

ਮੈਨੇਜਰ : (ਅੱਖ ਮਾਰ ਕੇ) ਬਾਊ ਜੀ......ਪੰਛੀ ਵਧੀਆ ਲੈ ਕੇ ਆਏ ਓ ? ਇਕ ਨੰਬਰ।

ਬਨਵਾਰੀ : ਇਹ ਔਰਤ ਮੇਰੀ ਬੀਵੀ ਏ।

ਮੈਨੇਜਰ : ਨਹੀਂ।

ਬਨਵਾਰੀ : ਮੈਂ ਜੋ ਕਹਿੰਦਾਂ ਬੀਵੀ ਏ।

ਮੈਨੇਜਰ : (ਜ਼ਰਾ ਕੁ ਮੁਸਕਰਾ ਕੇ) ਨਹੀਂ।

ਬਨਵਾਰੀ : ਹੱਦ ਹੋ ਗਈ ਏ, ਮੈਂ ਜੋ ਕਿਹਾ ਬੀਵੀ ਏ।

ਮੈਨੇਜਰ : ਵੇਖੋ ਨਾ ਬਾਦਸ਼ਾਹੋ, ਜੇ ਵਹੁਟੀ ਹੁੰਦੀ ਤਾਂ ਆਪਣਾ ਅਟੈਚੀ ਆਪ ਚੁਕਦੀ।

ਬਨਵਾਰੀ : ਵਾਹ ! ਇਹ ਵੀ ਕੋਈ ਨਿਸ਼ਾਨੀ ਏਂ। ਮੈਨੂੰ ਇਹੋ ਜਿਹਾ ਫਜ਼ੂਲ ਦਾ ਮਜ਼ਾਕ ਬਿਲਕੁਲ ਪਸੰਦ ਨਹੀਂ......

ਮੈਨੇਜਰ : ਅੱਛਾ ਜਨਾਬ ਗਲਤੀ ਹੋ ਗਈ। ਦੱਸੋ ਕੀ ਸੇਵਾ ਕਰੀਏ ?

ਬਨਵਾਰੀ : ਕੋਈ ਕਮਰਾ ਹੈ ਖਾਲੀ ?

ਮੈਨੇਜਰ : ਹੈ ਕਿਉਂ ਨਹੀਂ ਜਨਾਬ, ਦਸ ਨੰਬਰ ਖਾਲੀ ਏ।

ਬਨਵਾਰੀ : ਚੰਗਾ ਏ ?

ਮੈਨੇਜਰ : ਇਹ ਵੀ ਕੋਈ ਪੁਛਣ ਵਾਲੀ ਗਲ ਏ। ਜਨਾਬ ਜਦੋਂ ਮਹਾਰਾਜਾ ਪਟਿਆਲਾ ਹਨੀਮੂਨ ਮਨਾਣ ਆਇਆ ਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਖਦਾ......

ਬਨਵਾਰੀ : ਕਿੰਨਵਾਂ ਹਨੀਮੂਨ......

ਮੈਨੇਜਰ : (ਹੱਸਦਾ ਏ) ਖੌਰੇ ਕਿੰਨਵਾਂ ਸੀ। ਪਰ ਸਾਡੇ ਹੋਟਲ ਵਿਚ ਏਸੇ ਦਸ ਨੰਬਰ ਵਿਚ ਠਹਿਰਿਆ ਸੀ।

ਬਨਵਾਰੀ : ਬਸ ਸਾਨੂੰ ਇਹੋ ਜਿਹਾ ਕਮਰਾ ਈ ਚਾਹੀਦਾ ਏ। (ਰਾਣੀ ਨੂੰ) ਸੁਣਿਆ ਜੇ ? ਮਹਾਰਾਜਾ ਪਟਿਆਲਾ ਹਨੀ-ਮੂਨ ਲਈ ਏਸ ਹੋਟਲ ਵਿਚ ਆਇਆ ਸੀ। ਬੰਦੇ ਇਥੇ ਟਾਪ ਦੇ ਆਉਂਦੇ ਨੇ।

ਰਾਣੀ : ਐਵੇਂ ਬਕਦਾ ਏ, ਮੈਨੂੰ ਤੇ ਲਗਦਾ ਏ ਇਥੇ ਸਿਰਫ ਲੁੱਚੇ ਲਫੰਗੇ ਈ ਆਉਂਦੇ ਨੇ।

ਮੈਨੇਜਰ : (ਮੋਮਬੱਤੀ ਲੈ ਕੇ) ਆਉ ਜੀ ਤੁਹਾਨੂੰ ਕਮਰਾ ਵਿਖਾਈਏ। ਏਦੋਂ ਚੰਗਾ ਕਮਰਾ ਤੁਹਾਨੂੰ ਕਿਤੇ ਲੱਭ ਈ ਨਹੀਂ ਸਕਦਾ। ਆ ਜਾਓ ਮੇਰੇ ਮਗਰ......ਲਓ ਜੀ...... ਦੱਸੋ।

ਬਨਵਾਰੀ : ਕਮਰਾ ਤੇ ਮਾੜਾ ਨਹੀਂ। ਤੁਸੀਂ ਮੇਰੇ ਨਾਂ ਦੀ ਇੰਟਰੀ ਕਰ ਦਿਓ। ਐਹ ਲਉ ਮੇਰਾ ਕਾਰਡ।

ਮੈਨੇਜਰ : ਬਹੁਤ ਬਿਹਤਰ ਜਨਾਬ।

ਬਨਵਾਰੀ : (ਮੈਨੇਜਰ ਨੂੰ ਭੁਲ ਕੇ) ਆ ਰਾਣੀ ! ਮੇਰੀਆਂ ਬਾਹਾਂ ਵਿਚ !

ਰਾਣੀ : ਮ-ਮ-ਮ ਮੈਨੇਜਰ ਖੜਾ ਏ।

ਬਨਵਾਰੀ : ਓਹ !

(ਤਿੰਨੇ ਸ਼ਰਮਿੰਦਾ ਜੇਹੇ ਹੋ ਕੇ ਹਸ ਪੈਂਦੇ ਨੇ)

ਬਨਵਾਰੀ : (ਮੈਨੇਜਰ ਨੂੰ) ਤੁਸੀਂ ਜਾ ਕੇ ਇੰਟਰੀ ਕਰੋ।

ਮੈਨੇਜਰ : ਮੈਂ ਤੇ ਜਾ ਈ ਰਿਹਾ ਸਾਂ......ਗੁਡ ਨਾਈਟ।

ਬਨਵਾਰੀ : ਗੁਡ ਨਾਈਟ।

(ਮੈਨੇਜਰ ਬਾਹਰ ਚਲਾ ਜਾਂਦਾ ਏ
ਬਨਵਾਰੀ ਬੇ-ਸਬਰਾ ਜਿਹਾ ਹੋ ਕੇ ਰਾਣੀ ਨੂੰ ਜੱਫੀ ਪਾ ਲੈਂਦਾ ਏ)

ਬਨਵਾਰੀ : ਮੇਰੀ ਡਾਰਲਿੰਗ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੇਜਰ : (ਦੁਬਾਰਾ ਆ ਕੇ) ਆਹ ਤੁਹਾਡੀ ਚਾਬੀ ਰਹਿ ਗਈ ਸੀ ?

(ਮੈਨੇਜਰ ਬਾਹਰ ਆ ਕੇ ਆਪਣੀ ਕੁਰਸੀ ਤੇ ਬੈਠ ਜਾਂਦਾ ਏ ਤੇ ਬਰਮੇ ਨਾਲ ਖੇਡਣਾ ਸ਼ੁਰੂ ਕਰ ਦੇਂਦਾ ਏ । ਉਥੋਂ ਗਿਰਧਾਰੀ ਲੰਘਦਾ ਏ)

ਮੈਨੇਜਰ : ਕਿਉਂ ਜਨਾਬ ਕਿਥੇ ਚਲੇ ਓ ?

ਗਿਰਧਾਰੀ : ਮੈਂ ਜ਼ਰਾ ਬਾਹਰ ਥੋੜ੍ਹੀ ਸੈਰ ਕਰ ਕੇ ਆਉਨਾਂ । ਭੂਤ ਤੇ ਤੁਸੀਂ ਦੱਸਿਆ ਸੀ ਲੇਟ ਨਿਕਲਦੇ ਨੇ ।

ਬਨਵਾਰੀ : (ਉਹਦੇ ਮੂੰਹ ਵਿਚ ਸਿਗਾਰ ਏ) ਰਾਣੀ !

ਰਾਣੀ : ਬਨਵਾਰੀ ਲਾਲ !

ਬਨਵਾਰੀ : ਨਹੀਂ ਰਾਣੀ, ਬਨਵਾਰੀ ਲਾਲ ਨਹੀਂ ਸਿਰਫ ਬੰਨੂ ਕਹਿ ਮੈਨੂੰ ।

ਰਾਣੀ : ਅੱਛਾ......ਬੰਨੂ...... (ਜ਼ਰਾ ਪਰ੍ਹਾਂ ਹਟ ਜਾਂਦੀ ਏ)

ਬਨਵਾਰੀ : (ਮਗਰ ਜਾ ਕੇ) ਰਾਣੀ, ਬਦਲੇ ਦਾ ਵਕਤ ਆ ਚੁੱਕਾ ਏ । ਆ ਜਾ ਮੇਰੀਆਂ ਬਾਹਵਾਂ ਵਿਚ ।

(ਰਾਣੀ ਨੂੰ ਜੱਫੀ ਪਾਣ ਦੀ ਕੋਸ਼ਿਸ਼ ਕਰਦਾ ਏ)

ਰਾਣੀ : ਕੀ ਕਰਦੇ ਪਏ ਓ ? ਤੁਹਾਡੇ ਸਿਗਾਰ ਨਾਲ ਤੇ ਮੇਰੇ ਕਪੜੇ ਸੜ ਜਾਣੇ ਨੇ ।

ਬਨਵਾਰੀ : (ਫਿਰ ਜੱਫੀ ਪਾਣ ਦੀ ਕੋਸ਼ਿਸ਼ ਕਰਦਾ ਏ) ਰਾਣੀ, ਤੂੰ ਮੇਰੀ ਰਾਣੀ ਏਂ ।

ਰਾਣੀ : ਓਹਨੂੰ ਪਰ੍ਹਾਂ ਰਖਦੀ ਹੋਈ) ਕੀ ਕਰਦੇ ਪਏ ਓ । ਸਿਗਾਰ ਦਾ ਸਾਰਾ ਧੂਆਂ ਮੇਰੇ ਅੰਦਰ ਜਾ ਰਿਹਾ ਏ ।

ਬਨਵਾਰੀ : ਅੱਛਾ ?

ਰਾਣੀ : ਤੇ ਹੋਰ ਕੀ । ਏਹਨੂੰ ਸੁਟੋ ਪਰ੍ਹਾਂ ।

ਬਨਵਾਰੀ : ਇਕ ਰੁਪਏ ਦਾ ਆਇਆ ਸੀ ।

ਰਾਣੀ : ਤਾਂ ਫੇਰ ਪਹਿਲਾਂ ਇਹਨੂੰ ਪੀ ਲਓ ।

ਬਨਵਾਰੀ : (ਸਿਗਾਰ ਸੁਟ ਕੇ) ਨਹੀਂ ਜੀ, ਮਾਰੋ ਗੋਲੀ । ਜਦ ਪਿਆਰ ਦਾ ਵਪਾਰ ਕਰਨ ਨਿਕਲ ਈ ਪਿਆ ਆਂ ਤਾਂ ਫੇਰ ਰੁਪਿਆ ਇਧਰ ਕੀ, ਤੇ ਉਧਰ ਕੀ । ਲਓ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਣੀ : ਅਛਾ ਗੱਲ ਸੁਣੋ ਬੰਨੂੰ ! ਮੇਰੀ ਸਾੜ੍ਹੀ ਕੈਸੀ ਲਗੀ ਏ ਤੁਹਾਨੂੰ, ਅੱਛੀ ਲਗੀ ਏ ਕਿ ਨਹੀਂ ?

ਬਨਵਾਰੀ : ਮੇਰੀ ਜਾਨ ਤੂੰ ਕਿਸੇ ਵੀ ਸਾੜ੍ਹੀ ਵਿਚ ਪਿਆਰੀ ਲਗੇਂਗੀ। ਬਲਕਿ ਸਾੜ੍ਹੀਓਂ ਬਗੈਰ ਵੀ।

ਰਾਣੀ : ਲੈ ਖਾਂ, ਤੁਸੀਂ ਤੇ ਮਖ਼ੌਲ ਕਰ ਛੱਡਿਆ। ਮੈਂ ਖਾਸ ਤੌਰ ਤੇ ਤੁਹਾਡੇ ਲਈ ਪਾਈ ਸੀ।

ਬਨਵਾਰੀ : ਤੂੰ ਐਵੇਂ ਤਕਲੀਫ ਕੀਤੀ। ਮੈਂ ਸਾੜ੍ਹੀ ਨੂੰ ਚੱਟਣਾ ਸੀ ਰਾਣੀ, ਮੈਂ ਤਾਂ ਅੰਦਰੋਂ ਚਾਕਲੇਟ ਖਾਣਾ ਏਂ। ਬਾਹਰ ਦਾ ਕਾਗਜ਼ ਮੇਰੇ ਕਿਸ ਕੰਮ। ਜੇ ਸਚ ਪੁੱਛੇਂ ਨਾ ਰਾਣੀ ਤਾਂ ਮੈਨੂੰ ਤੇਰੇ ਜਿਸਮ ਤੇ ਕੋਈ ਸਾੜ੍ਹੀ ਨਹੀਂ ਦਿਸ ਰਹੀ। ਰਾਣੀ, ਛੇਤੀ ਨਾਲ ਮੇਰੀ ਗੋਦ ਵਿਚ ਆ ਜਾ। ਮੇਰੇ ਕੋਲੋਂ ਸਬਰ ਨਹੀਂ ਹੋ ਰਿਹਾ।

ਰਾਣੀ : ਕੀ ਕਰਦੇ ਪਏ ਓ। ਸਿਆਣੇ ਬਣੋ। ਬਨਵਾਰੀ ਲਾਲ ਜੀ।

ਬਨਵਾਰੀ : (ਜੱਫੀ ਪਾ ਕੇ) ਆ ਜਾ ਮੇਰੀ ਗੋਦੀ ਵਿਚ ਮੇਰੀ ਕਬੂਤਰੀ।

ਰਾਣੀ : (ਪਰ੍ਹਾਂ ਹਟ ਕੇ) ਕੋਈ ਕਰਨ ਵਾਲੀ ਗਲ ਕਰੋ। ਅਜ ਤੁਹਾਨੂੰ ਹੋ ਕੀ ਗਿਆ ਏ। ਅੱਗੇ ਤੇ ਤੁਸੀਂ ਕਦੀ ਇੰਝ ਨਹੀਂ ਕੀਤਾ। ਤੁਸੀਂ ਬੀਅਰ ਪੀਤੀ ਸੀ, ਕਿਤੇ ਤੁਹਾਨੂੰ ਉਹ ਤੇ ਨਹੀਂ ਚੜ੍ਹ ਗਈ !

ਬਨਵਾਰੀ : ਕੁਝ ਨਾ ਕੁਝ ਚੜ੍ਹ ਗਿਆ। ਜਾਂ ਬੀਅਰ, ਜਾਂ ਸਿਗਾਰ, ਜਾਂ......ਤੇਰਾ ਪਿਆਰ। ਮੇਰੀ ਵਹੁਟੀ ਮੈਨੂੰ ਸੌ ਵਾਰੀ ਕਿਹਾ, ਸਿਗਾਰ ਨਾ ਪੀਆ ਕਰੋ, ਬੀਮਾਰ ਹੋ ਜਾਓਗੇ, ਪਰ ਉਸ ਸੌਂਗੀ ਦੀ ਕੌਣ ਸੁਣਦਾ ਏ। ਆ, ਜਾ ਰਾਣੀ ਛੇਤੀ ਨਾਲ ਆ ਜਾ ਮੇਰੀ ਗੋਦ ਵਿਚ।
(ਰਾਣੀ ਨੂੰ ਗੋਦ ਵਿਚ ਲੈ ਕੇ ਕੁਰਸੀ ਤੇ ਬੈਠ ਜਾਂਦਾ ਏ ! ਕੁਰਸੀ ਟੁਟ ਜਾਂਦੀ ਏ)

ਬਨਵਾਰੀ : ਹਾਏ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਣੀ : (ਹੱਸ ਕੇ) ਲੱਗੀ ਤੇ ਨਹੀਂ ?

ਬਨਵਾਰੀ : ਮੈਨੂੰ......ਮੈਨੂੰ ਕਿਉਂ ਲੱਗੇਗੀ । ਮੈਂ ਤੇ ਜਾਣ ਕੇ ਕੁਰਸੀ ਤੇ ਭਾਰ ਪਾ ਕੇ ਕੁਰਸੀ ਤੋੜੀ ਏ । ਇਹ ਕੋਈ ਕੁਰਸੀ ਏ ।

(ਬੂਹਾ ਖੋਲ੍ਹ ਕੇ ਕੁਰਸੀ ਬਾਹਰ ਸੁਟ ਦਿੰਦਾ ਏ) ਹਾਂ ਰਾਣੀ ! ਮੈਂ ਕਹਿ ਰਿਹਾ ਸਾਂ......ਹਾਂ, ਯਾਦ ਆ ਗਿਆ, ਕਹਿ ਰਿਹਾਂ ਸਾਂ......ਆ ਜਾ ਮੇਰੀ ਗੋਦੀ ਵਿਚ ਮੇਰੀ ਰਾਣੀ ।

ਰਾਣੀ : (ਹੱਸੀ ਜਾਂਦੀ ਏ)

ਬਨਵਾਰੀ : ਇਹ ਦੰਦੀਆਂ ਕਿਸ ਖੁਸ਼ੀ ਵਿਚ ਕੱਢ ਰਹੇ ਓ ?

ਰਾਣੀ : ਜਦੋਂ ਤੁਸੀਂ ਡਿੱਗੇ ਸਾਓ ਨਾ, ਤੁਹਾਡੀ ਸ਼ਕਲ ਵੇਖਣ ਵਾਲੀ ਸੀ ।

ਬਨਵਾਰੀ : ਰਾਣੀ ਮੇਰਾ ਧਿਆਨ ਹੋਰ ਪਾਸੇ ਨਾ ਲਾ ।

ਰਾਣੀ : (ਹੱਸਦੀ ਹੋਈ) ਇੰਝ ਲਗਦਾ ਸੀ, ਜਿਵੇਂ ਬਾਂਦਰ ਡਮਰੂ ਤੋਂ ਤਿਲਕ ਪਿਆ ਹੋਵੇ ।

ਬਨਵਾਰੀ : ਮੈਨੂੰ ਤੇ ਸਮਝ ਨਹੀਂ ਆਂਵਦੀ ਇਦ੍ਹੇ ਵਿਚ ਹੱਸਣ ਵਾਲੀ ਕੀ ਗੱਲ ਏ ?

ਰਾਣੀ : (ਮੂੰਹ ਤੇ ਰੁਮਾਲ ਰਖ ਕੇ) ਆਹੋ, ਹੱਸਣ ਵਾਲੀ ਤੇ ਕੋਈ ਗੱਲ ਨਹੀਂ ।

ਬਨਵਾਰੀ : ਰਾਣੀ ! ਆ ਜਾ ਮੇਰੇ ਕੋਲ, ਤੇ ਮੈਨੂੰ ਠੰਡ ਪਾ ਦੇ । ਰਾਣੀ ਮੇਰੇ ਦਿਲ ਤੇ ਹੱਥ ਰਖ ਕੇ ਵੇਖ ਕਿਵੇਂ ਧਕ ਧਕ ਕਰ ਰਿਹਾ ਏ (ਆਪਣੇ ਦਿਲ ਤੇ ਆਪ ਈ ਹਥ ਰਖਦਾ ਏ) ਇਹ ਤੇ ਸੱਚੀ ਮੁੱਚੀ ਧਕ ਧਕ ਕਰ ਰਿਹਾ ਏ ।

ਰਾਣੀ : (ਘਬਰਾ ਕੇ) ਬਨਵਾਰੀ ਲਾਲ ਜੀ ਤੁਹਾਡਾ ਤੇ ਰੰਗ ਪੀਲਾ ਪੈ ਗਿਆ ਏ । ਇਹ ਕੀ ਹੋ ਗਿਆ ਤੈਨੂੰ ਮੇਰੇ ਬੰਨ੍ਹ ।

ਬਨਵਾਰੀ : ਪਤਾ ਨਹੀਂ ਕੀ ਹੋ ਗਿਆ, ਅਜੀਬ ਜਿਹਾ ਲਗ ਰਿਹਾ ਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਣੀ : (ਘਬਰਾ ਕੇ) ਹਾਏ ਮੈਂ ਮਰ ਜਾਂ । ਬੈਠ ਕੇ ਥੋੜਾ ਆਰਾਮ ਕਰ ਲਵੋ ।

ਬਨਵਾਰੀ : ਮੈਂ ਕਿਹਾ ਇਹ ਜਿਹੜਾ ਮਾੜਾ ਜਿਹਾ ਵਿਘਨ ਪੈ ਗਿਆ ਏ ਸ਼ੁਭ ਕੰਮ ਵਿਚ, ਇਸ ਤੋਂ ਤੂੰ ਘਬਰਾਈਂ ਨਾ । ਸਭ ਠੀਕ ਹੋ ਜਾਏਗਾ ।

ਰਾਣੀ : ਤੁਸੀਂ ਏਥੇ ਬੈਠੋ, ਮੈਂ ਤੁਹਾਡੇ ਵਾਸਤੇ ਪਾਣੀ ਦਾ ਗਿਲਾਸ ਲੈ ਕੇ ਆਉਨੀ ਆਂ ।

(ਰਾਣੀ ਬਾਹਰ ਚਲੀ ਜਾਂਦੀ ਏ)

ਬਨਵਾਰੀ : ਮੱਤ ਮਾਰੀ ਗਈ ਨਾ ਮੇਰੀ । ਐਵੇਂ ਕਹਿੰਦੇ ਨੇ ਸ਼ਰਾਬ ਪੀ ਲਉ ਤੇ ਬੜੀ ਜਵਾਨੀ ਆ ਜਾਂਦੀ ਏ, ਸਵਾਹ ਆਉਂਦੀ ਏ ।

ਰਾਣੀ : ਲੈ ਪੀ ਲੈ ਮੇਰੇ ਰਾਜੂ ।

ਬਨਵਾਰੀ : ਮੇਰੀ ਵਹੁਟੀ ਇਥੇ ਹੁੰਦੀ ਤਾਂ ਕੋਈ ਗੋਲੀ ਗਾਲੀ ਦੇ ਦੇਂਦੀ । (ਉਠ ਕੇ ਟੁਰਨ ਲਗ ਪੈਂਦਾ ਏ)

ਰਾਣੀ : ਕੀ ਕਰਦੇ ਪਏ ਓ, ਬਹਿ ਜਾਓ ।

ਬਨਵਾਰੀ : ਨਹੀਂ, ਮੈਨੂੰ ਟੁਰਨ ਦੇ । ਬਲਕਿ ਮੈਂ ਤੇ ਜ਼ਰਾ ਬਾਹਰ ਨਿਕਲ ਜਾਂ ਤਾਂ ਸ਼ਾਇਦ ਤਾਜ਼ੀ ਹਵਾ ਨਾਲ ਮੇਰੀ ਤਬੀਅਤ ਠੀਕ ਹੋ ਜਾਏ ।

ਰਾਣੀ : ਚਲੋ ਦੋਵੇਂ ਚਲਨੇ ਆਂ ।

ਬਨਵਾਰੀ : ਨਹੀਂ ਨਹੀਂ, ਤੂੰ ਇਥੇ ਬੈਠੀ ਰਹਿ । ਮੈਂ ਕੱਲਾ ਈ ਜਾਂਦਾ ਹਾਂ, ਮੇਰਾ ਸਾਹ ਜਿਹਾ ਰੁਕ ਰਿਹਾ ਏ ।

ਰਾਣੀ : ਤੁਸੀਂ ਕੋਟ ਲਾਹ ਦਿਉ ।

ਬਨਵਾਰੀ : ਆਹੋ, ਇਹ ਠੀਕ ਏ ।

ਰਾਣੀ : ਇਹ ਤੁਹਾਨੂੰ ਇਕ ਦਮ ਹੋ ਕੀ ਗਿਆ ਏ ?

ਬਨਵਾਰੀ : ਰਬ ਜਾਣੇ ਕੀ ਹੋ ਗਿਆ ਏ । ਮੈਨੂੰ ਤੇ ਇੰਝ ਲਗਦਾ ਏ ਏਸੇ ਕਮਰੇ ਵਿਚ ਮੇਰੀ ਮੌਤ ਹੋ ਜਾਣੀ ਏਂ ।

ਰਾਣੀ : ਨਾ ਨਾ, ਰੱਬ ਦਾ ਵਾਸਤਾ ਜੇ ਇਹ ਨਾ ਹੋਣ ਦਿਆ ਜੇ । ਫੜੇ ਜਾਵਾਂਗੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਬਨਵਾਰੀ ਦਾ ਮੱਥਾ ਰੁਮਾਲ ਨਾਲ ਪੂੰਝਦੀ ਏ)
ਮੈਂ ਕਿਹਾ ਕੋਈ ਫ਼ਰਕ ਪਿਆ ਜੇ ?

ਬਨਵਾਰੀ : ਨਾ ।

ਰਾਣੀ : ਜੇ ਚੋਖੀ ਤਕਲੀਫ਼ ਜੇ ਤੇ ਬੁਲਾਉ ਡਾਕਟਰ ।

ਬਨਵਾਰੀ : ਨਹੀਂ ਨਹੀਂ । ਡਾਕਟਰ ਆ ਗਿਆ ਤਾਂ ਇਕ ਹੋਰ ਸਿਆਪਾ ਖੜਾ ਹੋ ਜਾਏਗਾ । ਮੇਰਾ ਖ਼ਿਆਲ ਏ ਕਿ ਤਾਜ਼ੀ ਹਵਾ ਨਾਲ ਈ ਠੀਕ ਹੋ ਜਾਂਗਾ । ਚਾਹ ਦਾ ਕੱਪ ਪੀ ਲਾਂ ਸ਼ਾਇਦ ਉਦ੍ਹੇ ਨਾਲ ਈ ਫ਼ਰਕ ਪੈ ਜਾਏ ।

ਰਾਣੀ : ਮੈਂ ਬੈਰੇ ਨੂੰ ਕਹਿ ਆਈ ਆਂ ਚਾਹ ਵਾਸਤੇ ।

ਬਨਵਾਰੀ : ਜਿੰਨਾਂ ਚਿਰ ਚਾਹ ਆਉਂਦੀ ਏ ਮੈਂ ਬਾਹਰ ਇਕ ਚੱਕਰ ਲਾ ਆਵਾਂ ।
(ਬਾਹਰ ਨਿਕਲਦਾ ਏ । ਬਾਹਰ ਬੂਹੇ ਨਾਲ ਕੰਨ ਲਾ ਕੇ ਬੈਰਾ ਖੜਾ ਏ)

ਬਨਵਾਰੀ : ਕਿਉਂ ਵਾਈ ਤੂੰ ਏਥੇ ਕੀ ਕਰ ਰਿਹਾਂ ਏਂ ?

ਬੈਰਾ : ਜੀ ਮ ਮ ਮ ਮ ਮੈਂ......ਮੈਂ ਜੀ... ..ਮੈਨੂੰ ਲਗਾ ਜੀ ਤੁਸੀਂ ਮੈਨੂੰ ਵਾਜ਼ ਮਾਰੀ ਏ । ਮੈਂ ਤਸੱਲੀ ਕਰ ਰਿਹਾਂ ਸਾਂ ਕਿ ਮਾਰੀ ਏ ਕਿ ਨਹੀਂ ?

ਬਨਵਾਰੀ : ਜਾ ਦੌੜ ਕੇ ਇਕ ਗਰਮ ਪਾਣੀ ਦੀ ਬੋਤਲ ਲਿਆ ।

ਰਾਣੀ : (ਅੰਦਰੋਂ) ਬੈਰਾ......ਮੈਂ ਚਾਹ ਕਹੀ ਸੀ, ਉਹ ਵੀ ਛੇਤੀ ਲਿਆ ।

ਬੈਰਾ : ਅੱਛਾ ਜੀ, ਮੈਂ ਹੁਣੇ ਲਿਆਂਦਾ ।
(ਜਾਂਦਾ ਹੋਇਆ)
ਸਵਾਹ ਦੰਗਲ ਕਰਨਗੇ, ਗਰਮ ਪਾਣੀ ਦੀਆਂ ਬੋਤਲਾਂ ਮੰਗ ਰਹੇ ਨੇ !

ਬਨਵਾਰੀ : ਰਾਣੀ ਡਾਰਲਿੰਗ ! ਮੇਰਾ ਇੰਤਜ਼ਾਰ ਕਰੀਂ, ਚਲੀ ਨਾ ਜਾਵੀਂ ।

ਰਾਣੀ : ਮੈਂ ਮਰ ਜਾਣੀ ਨੇ ਕਿਥੇ ਜਾਣਾ ਏਂ !

ਬਨਵਾਰੀ : ਮੈਂ ਉਤੇ ਬਾਲਕੋਨੀ ਦਾ ਇਕ ਚੱਕਰ ਲਾਂਦਾਂ । ਮੇਰੀ ਤਬੀਅਤ ਬਿਲਕੁਲ ਠੀਕ ਹੋ ਜਾਏਗੀ । ਫੇਰ ਵੇਖੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਚਲਾ ਜਾਂਦਾ ਏ)

ਰਾਣੀ : ਚੰਗੇ ਸਿਆਪੇ ਵਿਚ ਪੈ ਗਈ ਆਂ ।

(ਬੈਰਾ ਚਾਹ ਲਿਆਉਂਦਾ ਏ)

ਬੈਰਾ : ਲਓ ਮੇਮ ਸਾਹਿਬ, ਚਾਹ ਆ ਗਈ ਏ ।

ਰਾਣੀ : ਇਥੇ ਮੇਜ਼ ਤੇ ਰੱਖ ਦੇ ।

ਬੈਰਾ : ਲਉ ਜੀ ।

ਰਾਣੀ : ਬੈਰਾ......ਬਾਹਰ ਬਹੁਤੀ ਠੰਡ ਤੇ ਨਹੀਂ ।

ਬੈਰਾ : ਸਵੇਰੇ ਮੀਂਹ ਪਿਆ ਸੀ, ਇਸ ਕਰ ਕੇ ਹੋ ਗਈ ਸੀ । ਹੁਣ ਤੇ ਬੱਦਲ ਬੁੱਦਲ ਦਾ ਨਾਂ ਨਿਸ਼ਾਨ ਨਹੀਂ । ਚੰਨ ਨਿਕਲਿਆ ਹੋਇਆ ਏ ।

ਰਾਣੀ : ਅੱਛਾ ਜਾ......ਜਾ ਕੇ ਸਾਹਿਬ ਲਈ ਗਰਮ ਪਾਣੀ ਦੀ ਬੋਤਲ ਲਿਆ ।

ਬੈਰਾ : ਹੁਣੇ ਲਿਆਉਂਦਾਂ ਮੇਮ ਸਾਹਿਬ । ਕੀ ਗੱਲ, ਸਾਹਿਬ ਕੁਝ ਢਿੱਲੇ ਪੈ ਗਏ ਨੇ ?

ਰਾਣੀ : ਜਾ ਆਪਣਾ ਕੰਮ ਕਰ । ਸਾਹਿਬ ਢਿੱਲੇ ਪੈ ਗਏ ਨੇ, ਤੈਨੂੰ ਕੀ ?

ਬੈਰਾ : (ਜਾਂਦਾ ਹੋਇਆ) ਲਓ, ਮੈਨੂੰ ਕਿਉਂ ਨਹੀਂ, ਇਕ ਭਲਵਾਨ ਢਿੱਲਾ ਪੈ ਜਾਏ, ਤਾਂ ਦੰਗਲ ਤਾਂ ਕੈਨਸਿਲ ਹੋ ਜਾਏਗਾ ਨਾ !

ਬਿਹਾਰੀ : (ਮੈਨੇਜਰ ਦੀ ਮੇਜ਼ ਕੋਲ ਆ ਕੇ) ਕਿਉਂ ਵਾਈ ਬੈਰਾ ! ਮੈਨੇਜਰ ਕਿਥੇ ਵੇ ਇਸ ਹੋਟਲ ਦਾ ?

ਬੈਰਾ : ਤੁਸੀ ਮੈਨੂੰ ਹੁਕਮ ਕਰੋ ਜੀ ।

ਬਿਹਾਰੀ : ਤੂੰ ਇਸ ਹੋਟਲ ਦਾ ਮੈਨੇਜਰ ਵੀ ਏਂ ?

ਬੈਰਾ : ਨਹੀਂ ਜੀ । ਉਹ ਤੇ ਐਵੇਂ ਕਦੀ ਵਿਹਲਾ ਹੋਵਾਂ ਤਾਂ ਇਹ ਵੀ ਕੰਮ ਕਰ ਲੈਂਦਾ ਆਂ ।

ਬਿਹਾਰੀ : ਭਾਈ ਮੈਨੂੰ ਇਕ ਕਮਰਾ ਚਾਹੀਦਾ ਏ ।

ਬੈਰਾ : ਤੁਸੀਂ ਕੱਲੇ ਈ ਓ ?

ਬਿਹਾਰੀ : ਫਿਲਹਾਲ ਤੇ ਕੱਲਾ ਈ ਆਂ ।

ਬੈਰਾ : ਦੇਖੋ ਸਾਹਿਬ ! ਅਸੀਂ ਤੇ ਸਿਰਫ਼ ਕਮਰਾ ਈ ਦੇ ਸਕਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਵੇਗਾ ।

ਬਿਹਾਰੀ : ਕੀ ਮਤਲਬ ?

ਬੈਰਾ : ਜੀ ਮੇਰਾ ਮਤਲਬ ਏ ਬਿਲਕੁਲ ਕੱਲੇ ਓ ?

ਬਿਹਾਰੀ : ਦਸਿਆ ਏ ਨਾ ਕਿ ਫਿਲਹਾਲ ਕੱਲਾ ਆਂ......ਕਲ੍ਹ ਆਵਣਗੀਆਂ ਚਾਰ ਕੁੜੀਆਂ ।

ਬੈਰਾ : ਚਾਰ ਕ ਕ ਕ ਕ ਕੁੜੀਆਂ, ਕੱਠੀਆਂ ਚਾਰ ?

ਬਿਹਾਰੀ : ਮੇਰੀਆਂ ਆਪਣੀਆਂ ਕੁੜੀਆਂ । ਅੱਜ ਕਿਸੇ ਸਹੇਲੀ ਦੇ ਘਰ ਨੇ । ਕਲ੍ਹ ਤੋਂ ਉਹ ਵੀ ਇਸ ਹੋਟਲ ਵਿਚ ਠਹਿਰਨਗੀਆਂ ।

ਬੈਰਾ : ਅੱਛਾ ! ਤੁਹਾਡੀਆਂ ਆਪਣੀਆਂ ਕੁੜੀਆਂ ?

ਬਿਹਾਰੀ : ਆਹੋ, ਮੇਰੀਆਂ ਆਪਣੀਆਂ ਕੁੜੀਆਂ ।

ਬੈਰਾ : ਮੈਂ ਸਮਝਿਆ......ਉਹ ਦੂਜੀਆਂ ਕੁੜੀਆਂ......

ਬਿਹਾਰੀ : ਕਮਰਾ ਇਕ ਨਬਰ ਹੋਣਾ ਚਾਹੀਦਾ ਏ । ਸਮਝਿਆ ਏਂ । ਮੈਨੂੰ ਬਨਵਾਰੀ ਲਾਲ ਠੇਕੇਦਾਰ ਨੇ ਭੇਜਿਆ ਏ ।

ਬੈਰਾ : ਬਨਵਾਰੀ ਲਾਲ ਠੇਕੇਦਾਰ ! (ਹੌਲੀ ਜੇਹੀ) ਉਹ ਕਿਹੜਾ ਕੰਜਰ ਏ । ਕਦੀ ਨਾਂ ਵੀ ਨਹੀਂ ਸੁਣਿਆ ।
(ਬਿਹਾਰੀ ਨੂੰ) ਔਹ ਸਾਮ੍ਹਣਾ ਕਮਰਾ ਜੇ, ਕਮਰਾ ਨੰਬਰ ਛੇ । ਆਹ ਲਉ ਚਾਬੀ ।
(ਬਿਹਾਰੀ ਚਾਬੀ ਲੈ ਕੇ ਜਾਂਦਾ ਏ)

ਬੈਰਾ : ਲਉ, ਮੈਨੇਜਰ ਕੀ ਯਾਦ ਕਰੇਗਾ । ਅਸੀਂ ਅਜ ਭੂਤਾਂ ਵਾਲਾ ਕਮਰਾ ਵੀ ਕਿਰਾਏ ਤੇ ਚੜ੍ਹਾ ਛੱਡਿਆ ਏ ।

ਰਾਣੀ : ਪਤਾ ਨਹੀਂ, ਕੀ ਸੂ । ਚੰਗਾ ਰੱਟਾ ਪੈ ਗਿਆ ਏ ।
(ਬਾਹਰ ਆ ਕੇ)
ਬੈਰਾ......

ਬਿਹਾਰੀ : ਬੈਰਾ......
(ਦੋਵੇਂ ਇਕ ਦੂਜੇ ਵਲ ਵੇਖਦੇ ਨੇ)

ਰਾਣੀ : (ਦੂਜੇ ਪਾਸੇ ਮੂੰਹ ਕਰ ਕੇ) ਹਾਏ ਮੈਂ ਮਰ ਜਾਂ......ਇਹ ਤੇ ਉਹ ਮੋਇਆ ਵਕੀਲ ਏ ਬਿਹਾਰੀ ਲਾਲ !

ਬਿਹਾਰੀ : ਮੈਂ ਕਿਹਾ, ਮਿਸਿਜ਼ ਗਿਰਧਾਰੀ ਲਾਲ ਜੀ ਨਮਸਤੇ ।

CC-0. In Public Domain. Gurukul Kangri Collection, Haridwar

ਰਾਣੀ : ਨਮਸਤੇ।

Digitized by Arya Samaj Foundation Chennai and eGangotri

ਬਿਹਾਰੀ : ਮੈਨੂੰ ਸਿਞਾਣਿਆ ਜੇ ? ਮੈਂ ਅਜ ਤੁਹਾਨੂੰ ਬਨਵਾਰੀ ਲਾਲ ਦੇ ਘਰ ਮਿਲਿਆਂ ਸਾਂ।

ਰਾਣੀ : ਲਓ ਖਾਂ ਸਿੰਞਾਣਿਆ ਕਿਉਂ ਨਹੀਂ।

ਬਿਹਾਰੀ : ਸਵੇਰੇ ਤੁਹਾਡੇ ਦਰਸ਼ਨ ਹੋਏ, ਹੁਣ ਫਿਰ ਹੋ ਗਏ ਨੇ।

ਰਾਣੀ : ਮਿਸਟਰ ਬਿਹਾਰੀ ਲਾਲ ! ਤੁਸੀਂ ਸਵੇਰੇ ਬੜਾ ਥਥਾ ਰਹੇ ਸਾਓ, ਹੁਣ ਬਿਲਕੁਲ ਠੀਕ ਠਾਕ ਬੋਲ ਰਹੇ ਓ।

ਬਿਹਾਰੀ : ਓ ਜੀ, ਮੀਂਹ ਜੂ ਬੰਦ ਹੋ ਗਿਆ ਏ......ਮਿਸਿਜ਼ ਗਿਰਧਾਰੀ ਲਾਲ ਮੈਂ ਤੇ ਕਦੀ ਸੋਚ ਵੀ ਨਹੀਂ ਸੀ ਸਕਦਾ ਕਿ ਤੁਸੀਂ ਇਥੇ ਮਿਲ ਜਾਉਗੇ।

ਬੈਰਾ : ਮਿਸਜ ਗਿਰਧਾਰੀ ਲਾਲ ? ਰਜਿਸਟਰ ਵਿਚ ਤੇ ਮਿਸਿਜ਼ ਬਨਵਾਰੀ ਲਾਲ ਲਿਖਿਆ ਏ। ਮੈਨੂੰ ਲਗਦਾ ਏ...... ਹੁਣੇ ਇਨ੍ਹੇ ਬਣ ਜਾਣਾ ਏ ਮਿਸਜ਼ ਬਿਹਾਰੀ ਲਾਲ...... ਡਬਲ ਰੋਲ ਤੇ ਸੁਣਿਆ ਸੀ, ਇਹ ਔਰਤ ਤਾਂ ਤਿੰਨ ਤਿੰਨ ਰੋਲ ਕਰ ਰਹੀ ਏ।

ਬਿਹਾਰੀ : ਪਰ ਮਿਸਿਜ਼ ਗਿਰਧਾਰੀ ਲਾਲ ! ਤੁਸੀਂ ਇਥੇ ਕਿਦਾਂ ?

ਰਾਣੀ : (ਘਬਰਾ ਕੇ) ਮ ਮ ਮ ਮ ਮੇਰੇ ਹਸਬੈਂਡ ਠਹਿਰੇ ਨੇ ਇਥੇ। ਮੇਰਾ ਮਤਲਬ ਏ ਅਸੀਂ ਠਹਿਰੇ ਆਂ ਇਥੇ। ਅਸੀਂ ਕੋਠੀ ਬਦਲ ਰਹੇ ਆਂ, ਸਵੇਰੇ। ਸਾਮਾਨ ਅੱਜ ਬੰਨ੍ਹ ਦਿਤਾ ਏ ਤੇ ਸੋਚਿਆ, ਚਲੋ ਅੱਜ ਦੀ ਰਾਤ ਹੋਟਲ ਵਿਚ ਕਟ ਲੈਂਦੇ ਆਂ।

ਬਿਹਾਰੀ : ਮਿਸਿਜ਼ ਗਿਰਧਾਰੀ ਲਾਲ।

ਰਾਣੀ : (ਇਕ ਪਾਸੇ ਹੋ ਕੇ) ਮਿਸਿਜ਼ ਗਿਰਧਾਰੀ ਲਾਲ ਦਾ ਬੱਚਾ......ਹੁਣ ਨਾਂ ਦੀ ਈ ਰਟ ਲਾ ਕੇ ਬਹਿ ਗਿਆ ਏ।

(ਬਿਹਾਰੀ ਨੂੰ) ਮਾਫ਼ ਕਰਨਾ ਭਰਾ ਜੀ, ਮੇਰੀ ਚਾਹ ਠੰਡੀ ਹੋ ਰਹੀ ਏ।

ਬਿਹਾਰੀ : ਠੰਡੀ ਕਾਹਨੂੰ ਹੋਣ ਦੇਣੀ ਏਂ, ਪੀ ਲੈਂਦੇ ਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅੰਦਰ ਵੜ ਜਾਂਦਾ ਏ)

ਰਾਣੀ : ਹਾਏ ਰੱਬਾ ! ਹੁਣ ਇਸ ਮੁਸੀਬਤ ਦਾ ਕੀ ਕਰਾਂ ?
(ਅੰਦਰ ਵੜ ਕੇ ਛੇਤੀ ਨਾਲ ਬਨਵਾਰੀ ਦਾ ਕੋਟ ਛੁਪਾ ਲੈਂਦੀ ਏ)
(ਬਿਹਾਰੀ ਨੂੰ) ਬੈਠੋ ਭਾਈ ਸਾਹਿਬ । ਪਰ ਕੁਰਸੀ ਏਥੇ ਕੋਈ ਨਹੀਂ ਜੇ ।

ਬਿਹਾਰੀ : ਕੋਈ ਗੱਲ ਨਹੀਂ । ਮੈਂ ਮੰਜੇ ਤੇ ਬੈਠ ਜਾਨਾਂ ।

ਬੈਰਾ : (ਅੰਦਰ ਆ ਕੇ) ਮੇਮ ਸਾਹਿਬ, ਮੈਂ ਬੋਤਲ ਲੈ ਆਵਾਂ ਹੁਣ ?

ਬਿਹਾਰੀ : ਬੋਤਲ ਕਾਹਦੀ ?

ਬੈਰਾ : ਗਰਮ ਪਾਣੀ ਦੀ ਬੋਤਲ ਜੀ । ਸਾਹਿਬ ਜ਼ਰਾ ਢਿਲੇ ਪੈ ਗਏ ਨੇ !

ਰਾਣੀ : ਬੈਰਾ ਤੂੰ ਏਥੇ ਬਕ ਬਕ ਕੀ ਕਰ ਰਿਹਾਂ ਏਂ । ਜਾ ਆਪਣਾ ਕੰਮ ਕਰ ।

ਬਿਹਾਰੀ : ਕਿਹੜੇ ਸਾਹਿਬ ਢਿਲੇ ਪੈ ਗਏ ਨੇ ?

ਰਾਣੀ : ਪਤਾ ਨਹੀਂ ਕੀ ਬੋਲੀ ਜਾਂਦਾ ਏ । ਤੁਸੀਂ ਸੁਣਾਉ ਤੁਹਾਡਾ ਕੀ ਹਾਲ ਚਾਲ ਏ ।

ਬਿਹਾਰੀ : ਤੁਸੀਂ ਸੁਣਾਉ ਤੁਹਾਡਾ ਕਿਦਾਂ ਚਲ ਰਿਹਾ ਏ ।

ਰਾਣੀ : (ਇਕ ਪਾਸੇ ਹੋ ਕੇ) ਹੁਣ ਤੀਕਰ ਤੇ ਠੀਕ ਨਹੀਂ ਚਲ ਰਿਹਾ ।
(ਬਿਹਾਰੀ ਨੂੰ) ਠੀਕ ਈ ਚਲ ਰਿਹਾ ਏ ।

ਬਿਹਾਰੀ : ਮੇਰਾ ਯਾਰ ਬਨਵਾਰੀ ਲਾਲ ਤੁਹਾਨੂੰ ਮਿਲਦਾ ਰਹਿੰਦਾ ਏ ?

ਰਾਣੀ : ਨਹੀਂ ਜੀ । ਮੈਨੂੰ ਕਾਹਨੂੰ ਮਿਲਣਾ ਸੂ । ਇਹ ਦਿੱਲੀ ਏ ਭਾਈ ਸਾਹਿਬ, ਏਥੇ ਕੋਈ ਕਿਥੇ ਮਿਲਦਾ ਜੇ ਕਿਸੇ ਨੂੰ ? ਉਹ ਤੇ ਉਹਨਾਂ ਦੀ ਵਾਈਫ਼ ਮੇਰੀ ਬੜੀ ਪਕੀ ਸਹੇਲੀ ਏ, ਉਹਦੇ ਕਰ ਕੇ ਕਦੀ ਕਦੀ ਮੈਂ ਉਹਨਾਂ ਦੇ ਘਰ ਚਲੀ ਜਾਂਦੀ ਆਂ । ਅਜ ਇਸੇ ਕਰ ਕੇ ਤੁਹਾਨੂੰ ਉਥੇ ਮਿਲੀ ਸਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਬਨਵਾਰੀ ਬਾਲਕੋਨੀ ਤੋਂ ਉਤਰਦਾ ਆ ਰਿਹਾ ਅਤੇ ਗਾ ਰਿਹਾ ਏ) ਸਰ੍ਹੋਂ ਦਾ ਫੁਲ ਬਣ ਕੇ......। ਐਵੇਂ ਹਵਾ ਜਹੀ ਭਰ ਗਈ ਸੀ ਪੇਟ ਵਿਚ। ਹੁਣ ਤੇ ਇਕ ਦਮ ਨਰੋਆ ਲਗ ਰਿਹਾ ਆਂ।

ਬਿਹਾਰੀ : (ਰਾਣੀ ਨੂੰ) ਅੱਛਾ ਬਨਵਾਰੀ ਤੁਹਾਨੂੰ ਕਦੀ ਕਦਾਈਂ ਮਿਲਦਾ ਏ ?

ਰਾਣੀ : ਓ ਜੀ ਮਸਾਂ ਵਰ੍ਹੇ ਛਿਮਾਹੀਂ।

ਬਨਵਾਰੀ : (ਗਾਉਂਦਾ ਹੋਇਆ ਦਾਖ਼ਿਲ ਹੁੰਦਾ ਏ) ਨੀ ਗੰਗੀਏ ਬਦਾਮ ਰੰਗੀਏ......

ਬਿਹਾਰੀ : ਬਨਵਾਰੀ ਤੂੰ ?

ਬਨਵਾਰੀ : ਬਿਹਾਰੀ ਤੂੰ ?

ਰਾਣੀ : (ਬਨਵਾਰੀ ਕੋਲ ਜਾ ਕੇ) ਅਸੀਂ ਮਰ ਗਏ ਬੰਨੂ ਜੀ !

ਬਿਹਾਰੀ : (ਬਨਵਾਰੀ ਨਾਲ ਹੱਥ ਮਿਲਾ ਕੇ) ਬਨਵਾਰੀ ! ਪਿਆਰੇ ਅਸੀਂ ਤੇਰੀਆਂ ਈਂ ਗੱਲਾਂ ਕਰ ਰਹੇ ਸਾਂ।

ਬਨਵਾਰੀ : ਅੱਛਾ......ਸੁਣਾਉ ਜੀ ਮਿਸਿਜ਼ ਗਿਰਧਾਰੀ ਲਾਲ, ਤੁਹਾਡਾ ਕੀ ਹਾਲ ਏ......ਮੈਂ ਇਥੋਂ ਲੰਘ ਰਿਹਾ ਸਾਂ, ਮੈਂ ਆਖਿਆ ਤੁਹਾਨੂੰ ਹੈਲੋ ਈ ਕਹਿੰਦਾ ਜਾਂ।

ਰਾਣੀ : ਬੜੀ ਮਿਹਰਬਾਨੀ ਕੀਤੀ ਜੇ......ਭਰਾ ਜੀ।

ਬਿਹਾਰੀ : ਪਰ ਯਾਰ ਏਡੀ ਠੰਡ ਵਿਚ ਨਿਰੀ ਕਮੀਜ਼ ਪਾ ਕੇ ਫਿਰੀ ਜਾਂਦਾ ਏਂ।

ਬਨਵਾਰੀ : ਨਹੀਂ ਯਾਰ, ਘਰੋਂ ਤੇ ਕੋਟ ਪਾ ਕੇ ਨਿਕਲਿਆਂ ਸਾਂ...... ਕੋਟ ਨੂੰ ਮਾੜੀ ਜੇਹੀ ਖੂੰਗੀ ਆ ਗਈ, ਤੇ ਮੈਂ ਸ੍ਹਾਮਣੇ ਇਕ ਰਫ਼ੂਗਰ ਨੂੰ ਦੇ ਕੇ ਆਇਆਂ ਆਂ। ਮੈਂ ਸੋਚਿਆ ਜਿੰਨਾ ਚਿਰ ਇਹ ਰਫ਼ੂ ਹੁੰਦਾ ਏ, ਮੈਂ ਮਿਸਿਜ਼ ਗਿਰਧਾਰੀ ਲਾਲ ਨੂੰ ਹੈਲੋ ਈ ਕਰ ਆਵਾਂ।

ਰਾਣੀ : ਇਹ ਤੇ ਤੁਹਾਡੀ ਬਹੁਤ ਮਿਹਰਬਾਨੀ ਏਂ।

ਬਿਹਾਰੀ : ਚਾਹ ਪੀਏਂਗਾ ਬਨਵਾਰੀ ?

ਬਨਵਾਰੀ : ਆਹੋ ਪੀ ਲਾਂ ਗਾ (ਇਕ ਪਾਸੇ ਹੋ ਕੇ) ਕੰਜਰ ਸਾਡੇ ਮਾਲ ਤੇ ਮਹਿਮਾਨ ਨਿਵਾਜ਼ੀਆਂ ਕਰ ਰਿਹਾ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਹਾਰੀ : ਹੋਰ ਸੁਣਾ ਯਾਰ ਤੇਰੀ ਵਹੁਟੀ ਦਾ ਕੀ ਹਾਲ ਏ ?

ਬਨਵਾਰੀ : ਠੀਕ ਏ । ਤੂੰ ਆਪਣੀ ਦਾ ਸੁਣਾ ।

ਬਿਹਾਰੀ : ਤੈਨੂੰ ਤੇ ਪਤਾ ਏ ਮੇਰੀ ਵਹੁਟੀ ਅਠ ਸਾਲ ਹੋਏ ਮਰ ਗਈ ਏ ।

ਬਨਵਾਰੀ : ਮੇਰੀ ਵੀ ਮਰ ਜਾਏਗੀ ।
(ਇਕ ਪਾਸੇ) ਓ ਭਾਈਆ ਇਥੋਂ ਜਾਹ ਵੀ ।

ਬੈਰਾ : (ਅੰਦਰ ਆ ਕੇ) ਲਉ ਜੀ ਗਰਮ ਪਾਣੀ ਦੀ ਬੋਤਲ ।

ਰਾਣੀ : (ਇਕ ਪਾਸੇ) ਮਰ ਗਏ ।

ਬਿਹਾਰੀ : (ਹੈਰਾਨ ਹੋ ਕੇ) ਇਹ ਤੇਰੀ ਬੋਤਲ ਏ ?

ਬਨਵਾਰੀ : ਆਹੋ ।

ਬਿਹਾਰੀ : ਤੂੰ ਇਥੇ ਰਹਿ ਰਿਹਾ ਏਂ ?

ਬਨਵਾਰੀ : ਨਹੀਂ । ਗੱਲ ਅਸਲ ਵਿਚ ਇੰਝ ਏ ਕਿ ਮੈਂ ਜਦ ਕਦੀ ਵੀ ਇਧਰੋਂ ਲੰਘਦਾਂ, ਤਾਂ ਗਰਮ ਪਾਣੀ ਦੀ ਬੋਤਲ ਜ਼ਰੂਰ ਲੈਨਾਂ । ਇਸ ਹੋਟਲ ਦੀ ਗਰਮ ਪਾਣੀ ਦੀ ਬੋਤਲ ਸਾਰੇ ਹਿੰਦੋਸਤਾਨ ਵਿਚ ਮਸ਼ਹੂਰ ਏ । ਤੈਨੂੰ ਨਹੀਂ ਪਤਾ ? ਤੇਰੀ ਭਰਜਾਈ ਨੂੰ ਪਤਾ ਲਗਾ ਨਾ ਕਿ ਮੈਂ ਪੁਰਬਹਾਰ ਹੋਟਲ ਵਲ ਜਾ ਰਿਹਾਂ, ਤਾਂ ਕਹਿਣ ਲਗੀ, ਆਉਂਦੀ ਵਾਰੀ ਇਕ ਗਰਮ ਪਾਣੀ ਦੀ ਬੋਤਲ ਵੀ ਲਈ ਆਇਉ ਜੀ । ਹੈ ਕਿ ਨਹੀਂ ਮਿਸਿਜ਼ ਗਿਰਧਾਰੀ ਲਾਲ ?

ਰਾਣੀ : ਹੈ ਕਿਉਂ ਨਹੀਂ ।

ਬੈਰਾ : ਸਾਡੇ ਹੋਟਲ ਦੀ ਗਰਮ ਪਾਣੀ ਦੀ ਬੋਤਲ ਸਾਰੇ ਹਿੰਦੋਸਤਾਨ ਵਿਚ ਮਸ਼ਹੂਰ ਏ ? ਇਹ ਮੈਂ ਤੁਹਾਡੇ ਕੋਲੋਂ ਅਜ ਸੁਣਨਾਂ ਪਿਆਂ ।

ਬਨਵਾਰੀ : ਤੂੰ ਬਾਹਰ ਜਾ, ਤੂੰ ਇਥੇ ਕੀ ਕਰ ਰਿਹਾ ਏਂ ?

ਬੈਰਾ : ਇਹ ਵੀ ਠੀਕ ਏ ।

ਬਨਵਾਰੀ : (ਰਾਣੀ ਨੂੰ) ਲਉ ਜੀ ਮਿਸਿਜ਼ ਗਿਰਧਾਰੀ ਲਾਲ ! ਮੈਂ ਚਲਦਾਂ । ਲਗਦਾ ਏ ਤੁਹਾਨੂੰ ਨੀਂਦਰ ਆ ਰਹੀ ਏ ।
(ਬਿਹਾਰੀ ਕੋਲ ਜਾ ਕੇ) ਨੀਂਦਰ ਆ ਰਹੀ ਏ ਇਨ੍ਹਾਂ ਨੂੰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਣੀ : ਨਮਸਤੇ ਭਰਾ ਜੀ । ਥੈਂਕ ਯੂ ਫਾਰ ਯੁਅਰ ਵਿਜ਼ਿਟ ।

ਬਿਹਾਰੀ : ਸੋਰੀ ਜੀ, ਮੈਨੂੰ ਨਹੀਂ ਸੀ ਪਤਾ ਤੁਹਾਨੂੰ ਨੀਂਦਰ ਆ ਰਹੀ ਏ । ਮੈਂ ਵੀ ਚਲਦਾਂ ।

ਬਨਵਾਰੀ : (ਬਿਹਾਰੀ ਨੂੰ ਧੱਕਾ ਦੇਂਦਾ ਹੋਇਆ) ਚਲ ਵੀ । (ਰਾਣੀ ਨੂੰ) ਮੈਂ ਇਹਨੂੰ ਮਗਰੋਂ ਲਾਹ ਕੇ ਹੁਣੇ ਆਇਆ ।
(ਬਾਹਰ ਜਾਂਦੇ ਨੇ)

ਰਾਣੀ : ਇਹ ਰਾਤ ਮੈਨੂੰ ਸਾਰੀ ਉਮਰ ਨਹੀਂ ਭੁਲ ਸਕਦੀ । ਕਹਿੰਦਾ ਏ ਹੋਟਲ ਵਿਚ ਚਲੋ । ਇਸ ਹੋਟਲ ਵਿਚ ਮੈਂ ਇਕ ਮਿੰਟ ਵੀ ਹੋਰ ਨਹੀਂ ਕਟ ਸਕਦੀ ! ਆਉਂਦਾ ਏ ਤਾਂ ਮੈਂ ਹੁਣੇ ਚਲ ਪੈਂਦੀ ਆਂ ।

ਬਿਹਾਰੀ : (ਆਪਣੇ ਕਮਰੇ ਵਿਚ ਜਾ ਕੇ) ਹੈ ਤੇ ਭੈੜਾ ਜਿਹਾ ਹੋਟਲ, ਪਰ ਕਮਾਲ ਏ, ਇੰਤਜ਼ਾਮ ਕਿੰਨਾ ਸ਼ਾਨਦਾਰ ਏ । ਸਾਬਣ, ਤੌਲੀਆ, ਸ਼ੇਵ ਦਾ ਸਾਮਾਨ, ਸਿਗਰਟਾਂ ਦੀ ਡੱਬੀ......ਇਹ ਵੀਹ ਰੁਪਏ ਕਮਰੇ ਦੇ ਲਾ ਰਹੇ ਨੇ, ਵੀਹਾਂ ਦੀ ਥੁੱਕ ਤੇ ਮੈਂ ਇਹਨਾਂ ਨੂੰ ਉਂਞ ਈ ਲਾ ਦੇਣੀ ਏਂ ।
(ਸਿਗਰਟਾਂ ਦੀ ਡੱਬੀ ਚੁੱਕ ਕੇ ਬੋਝੇ ਵਿਚ ਪਾ ਲੈਂਦਾ ਏ) ਸਲੀਪਰ ਵੀ ਨੇ......ਨਾਈਟ ਸੂਟ ਵੀ ਏ...... ਵਾਹ ਭਾਈ ਵਾਹ......ਏਨਾ ਸਾਮਾਨ ਤੇ ਓਬਰਾਏ ਹੋਟਲ ਵਿਚ ਵੀ ਨਹੀਂ ਮਿਲਦਾ......ਪਰ ਮੈਂ ਕਿਹੜਾ ਉਥੇ ਗਿਆ ਆਂ......(ਹੱਸਦਾ ਹੈ)

ਰਾਣੀ : (ਬੂਹਾ ਖੋਲ੍ਹ ਕੇ ਬਨਵਾਰੀ ਨੂੰ ਵੇਖਦੀ ਏ) ਮੈਂ ਕਿਹਾ ਆਉ ਵੀ ।

ਬਨਵਾਰੀ : ਆ ਰਿਹਾਂ ।

ਬਿਹਾਰੀ : ਬਸ ਇਕ ਗਰਮ ਪਾਣੀ ਦੀ ਬੋਤਲ ਚਾਹੀਦੀ ਏ । ਬੈਰੇ ਨੂੰ ਬੁਲਾਵਾਂ ।
(ਬਾਹਰ ਨਿਕਲਦਾ ਏ)

ਬਨਵਾਰੀ : ਕੌਣ ?

ਬਿਹਾਰੀ : ਮੈਂ ਆਂ ਬਿਹਾਰੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਵਾਰੀ : ਕੀ ਗੱਲ ਏ ?

ਬਿਹਾਰੀ : ਮੈਂ ਛੇਤੀ ਵਿਚ ਤੈਨੂੰ ਇਕ ਗੱਲ ਕਹਿਣੀ ਭੁੱਲ ਗਿਆਂ... ...ਏਡੀ ਜ਼ਰੂਰੀ ਗੱਲ ਤੇ ਨਹੀਂ, ਪਰ ਫੇਰ ਵੀ ਦੱਸਣ ਵਾਲੀ ਗੱਲ ਏ।

ਬਨਵਾਰੀ : ਕੀ ?

ਬਿਹਾਰੀ : ਮੈਂ ਥੱਲੇ ਖੜਾਂ ਸਾਂ ਤੇ ਲੋਕ ਗੱਲਾਂ ਕਰ ਰਹੇ ਸਨ ਕਿ ਅਗਲੇ ਮਹੀਨੇ ਦੇ ਅਖ਼ੀਰ ਵਿਚ ਗੌਰਮਿੰਟ ਵਲਾਇਤੀ ਘਿਉ ਦਾ ਭਾ ਘਟਾ ਰਹੀ ਏ।

ਬਨਵਾਰੀ : ਤੇ ਫੇਰ ਮੈਂ ਕੀ ਕਰਾਂ ?

ਬਿਹਾਰੀ : ਲੈ ਯਾਰ, ਹੱਦ ਹੋ ਗਈ, ਤੈਨੂੰ ਆਪਣੇ ਮੁਲਕ ਦਾ ਜ਼ਰਾ ਵੀ ਫ਼ਿਕਰ ਨਹੀਂ ?

ਬਨਵਾਰੀ : ਫ਼ਿਕਰ ਹੈਗਾ, ਪਰ ਪਿਆਰਿਆ ਰਾਤ ਦੇ ਗਿਆਰਾਂ ਵੱਜ ਗਏ ਨੇ, ਦੇਸ਼ ਦੀ ਸੋਚਾਂ ਕਿ ਆਪਣੀ। ਜਾ, ਜਾ ਕੇ ਸੌਂ।

ਬਿਹਾਰੀ : ਤੂੰ ਸੌਂ......ਮੈਂ ਬੈਰਾ ਲੱਭ ਰਿਹਾਂ ਗਰਮ ਪਾਣੀ ਦੀ ਬੋਤਲ ਮੰਗਵਾਣੀ ਸੀ।

ਬਨਵਾਰੀ : ਯਾਰ ਤੂੰ ਮੇਰੀ ਲੈ ਲੈ।

ਬਿਹਾਰੀ : ਨਹੀਂ।

ਬਨਵਾਰੀ : ਮੈਂ ਜੁ ਕਿਹਾ ਲੈ ਲੈ।

ਬਿਹਾਰੀ : ਯਾਰ ਥੈਂਕ ਯੂ ਵੈਰੀ ਮੱਚ।

ਬਨਵਾਰੀ : ਚਲ ਹੁਣ ਜਾ ਆਪਣੇ ਕਮਰੇ ਵਿਚ। ਗੁਡ ਨਾਈਟ।

ਬਿਹਾਰੀ : ਗੁਡ ਨਾਈਟ।
(ਬਿਹਾਰੀ ਜਾਂਦਾ ਨਹੀਂ)

ਬਨਵਾਰੀ : ਗੁਡ ਨਾਈਟ।

ਬਿਹਾਰੀ : ਗੁਡ ਨਾਈਟ।

ਬਨਵਾਰੀ : ਯਾਰ ਹੁਣ ਜਾ ਵੀ।

ਬਿਹਾਰੀ : ਹੱਥ ਤੇ ਮਿਲਾ।

ਬਨਵਾਰੀ : ਲੈ ਵਾਈ ਹੱਥ ਵੀ ਮਿਲਾ ਲੈ। ਹੁਣ ਤੇ ਜਾ।
(ਬਿਹਾਰੀ ਆਪਣੇ ਕਮਰੇ ਵਿਚ ਚਲਾ ਜਾਂਦਾ ਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਵਾਰੀ ਦੌੜ ਕੇ ਆਪਣੇ ਕਮਰੇ ਵਿਚ ਵੜ ਆਉਂਦਾ ਏ)

ਰਾਣੀ : ਮੈਂ ਤੇ ਸੋਚਿਆ ਤੁਸੀਂ ਕਦੇ ਨਹੀਂ ਆਉਗੇ ।

ਬਨਵਾਰੀ : ਓ ਬਾਬਾ । ਉਹ ਬੀਮਾਰੀ ਛੱਡੇ ਤਾਂ ਆਵਾਂ ।

ਰਾਣੀ : ਮੈਂ ਇਥੇ ਇਕ ਮਿੰਟ ਨਹੀਂ ਟਿਕ ਸਕਦੀ । ਆਪਣਾ ਕੋਟ ਪਾਉ, ਤੇ ਚਲੀਏ ।

ਬਨਵਾਰੀ : ਚੰਗਾ ।

ਰਾਣੀ : ਤੁਹਾਡੇ ਹੱਥ ਵਿਚ ਮੇਰਾ ਰੁਮਾਲ ਸੀ, ਉਹ ਮੈਨੂੰ ਦੇ ਦਿਉ ।

ਬਨਵਾਰੀ : ਰੁਮਾਲ ? ਰੁਮਾਲ ਇਥੇ ਹੀ ਹੋਣਾ ਏਂ ਕਿਤੇ ?

ਰਾਣੀ : ਇਥੇ ਤੇ ਕੋਈ ਨਹੀਂ ।

ਬਨਵਾਰੀ : ਰੁਮਾਲ......ਰੁਮਾਲ ਤੇ ਜਾਪਦਾ ਏ ਮੈਂ ਉੱਤੇ ਛੱਡ ਆਇਆ ਆਂ ਬਾਲਕੋਨੀ ਤੇ । ਹੀ ਹੀ ਹੀ......

ਰਾਣੀ : ਬੜੀਆਂ ਦੰਦੀਆਂ ਪਏ ਕੱਢਦੇ ਉ । ਰੁਮਾਲ ਫੜਿਆ ਗਿਆ ਤਾਂ ਸਮਝੋ ਅਸੀਂ ਫੜੇ ਗਏ । ਰੁਮਾਲ ਉਤੇ ਮੇਰਾ ਨਾਂ ਲਿਖਿਆ ਹੋਇਆ ਏ ।

ਬਨਵਾਰੀ : ਮੈਂ ਹੁਣੇ ਲੈ ਕੇ ਆਉਨਾ ਆਂ ।
(ਬਾਹਰ ਨਿਕਲ ਜਾਂਦਾ ਏ)
(ਮੈਨੇਜਰ ਆਪਣੀ ਕੁਰਸੀ ਤੇ ਬੈਠਾ ਏ । ਗਿਰਧਾਰੀ ਆਉਂਦਾ ਏ)

ਮੈਨੇਜਰ : ਕਿਉਂ ਆਰਕੀਟੈਕਟ ਸਾਹਿਬ ! ਸੌਣ ਚਲੇ ਉ ?

ਗਿਰਧਾਰੀ : ਆਹੋ, ਅਜੇ ਭੂਤ ਨਿਕਲੇ ਨੇ ਕਿ ਨਹੀਂ ?

ਮੈਨੇਜਰ : ਅਜੇ ਤਕ ਤੇ ਨਹੀਂ ਨਿਕਲੇ ।

ਗਿਰਧਾਰੀ : ਮੈਂ ਲੱਗਾਂ ਸੌਣ । ਸੌਣ ਤੇ ਦੇਣਗੇ ਕਿ ਰੌਲਾ ਪਾ ਕੇ ਜਗਾ ਦੇਣਗੇ ?

ਮੈਨੇਜਰ : ਜਨਾਬ ਭੂਤਾਂ ਨਾਲ ਇੰਝ ਮਸ਼ਕਰੀਆਂ ਨਾ ਕਰੋ ।
(ਗਿਰਧਾਰੀ 'ਤੇ ਮੈਨੇਜਰ ਕਮਰੇ ਵਲ ਆਉਂਦੇ ਨੇ)

ਗਿਰਧਾਰੀ : (ਹੈਰਾਨੀ ਨਾਲ) ਹੈਂ......ਇਥੇ ਮੇਰੀ ਸਿਗਰਟ ਦੀ ਡੱਬੀ ਪਈ ਸੀ । ਕਿੱਥੇ ਗਈ ?

ਮੈਨੇਜਰ : ਮੈਨੂੰ ਤੇ ਪਤਾ ਨਹੀਂ, ਮੈਂ ਤੇ ਉਥੇ ਬਾਈ ਨੰਬਰ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਰਧਾਰੀ : ਪਰ ਮੈਨੇਜਰ ਸਾਹਿਬ। ਸਿਗਰੇਟ ਆਪ ਤੇ ਚਲ ਕੇ ਗਏ ਨਹੀਂ।

ਮੈਨੇਜਰ : ਕਿਤੇ ਭੂਤ ਤੇ ਨਹੀਂ ਲੈ ਗਏ ?

ਗਿਰਧਾਰੀ : ਇਹ ਸਿਗਰੇਟ ਪੀਣ ਵਾਲੇ ਭੂਤ ਤੇ ਮੈਂ ਅੱਜ ਈ ਸੁਣੇ ਨੇ। ਖੈਰ ! ਤੁਸੀਂ ਜਾਉ। ਸਵੇਰੇ ਮੈਂ ਤੁਹਾਡੇ ਮਾਲਿਕ ਨਾਲ ਗੱਲ ਕਰਾਂਗਾ।

ਮੈਨੇਜਰ : ਗੁਡ ਨਾਈਟ।

ਗਿਰਧਾਰੀ : ਗੁਡ ਨਾਈਟ।

ਮੈਨੇਜਰ : ਸਵੇਰੇ ਤਾਂ ਗਲ ਤਦ ਕਰੇਂਗਾ ਜੇ ਭੂਤਾਂ ਨੇ ਤੈਨੂੰ ਜੀਂਉਦਾ ਛੱਡਿਆ।

ਗਿਰਧਾਰੀ : ਭੂਤ ਸੂਤ ਏਥੇ ਕੋਈ ਨਹੀਂ। ਇਹ ਕੋਈ ਚੋਰ ਏ ਜਿਹੜਾ ਮੇਰੇ ਸਿਗਰੇਟ ਚੁਕ ਕੇ ਲੈ ਗਿਆ ਏ। ਸ਼ਕਲੋਂ ਲਗਦਾ ਵੀ ਚੋਰ ਏ......ਹੈਂ ? ਮੇਰੇ ਸਲੀਪਰ ਕਿਥੇ ਗਏ ? ਮੇਰਾ ਤੋਲੀਆ.....ਮੇਰਾ ਨਾਈਟ ਸੂਟ...... ਸਭ ਕੁਝ ਲੈ ਗਿਆ ਏ ? ਖ਼ੈਰ, ਕੋਈ ਗੱਲ ਨਹੀਂ। ਮੈਂ ਅੱਜ ਇੰਝ ਹੀ ਸੌਂ ਜਾਂਗਾ, ਸਵੇਰੇ ਵੇਖਾਂਗਾ।
(ਸਿਰ ਤੇ ਕੰਘੀ ਫੇਰਦਾ ਏ)

ਬਨਵਾਰੀ : (ਕਮਰੇ ਵਿਚ ਜਾ ਕੇ) ਰੁਮਾਲ ਤੇ ਨਹੀਂ ਲੱਭਾ।

ਰਾਣੀ : ਕਿਥੇ ਗਿਆ ?

ਬਨਵਾਰੀ : ਕੋਈ ਲੈ ਗਿਆ ਏ।

ਰਾਣੀ : ਕੌਣ ?

ਬਨਵਾਰੀ : ਉਹ ਆਪਣਾ ਨਾਂ ਪਤਾ ਤੇ ਛੱਡ ਨਹੀਂ ਗਿਆ।

ਰਾਣੀ : ਇਕ ਹੋਰ ਸਿਆਪਾ.....ਖੈਰ, ਇਥੋਂ ਤੇ ਨਿਕਲੋ।
(ਗਿਰਧਾਰੀ ਆਪਣੇ ਬਿਸਤਰੇ ਵਿਚ ਸੌਣ ਲਈ ਵੜਦਾ ਏ। ਉਥੇ ਬਿਹਾਰੀ ਸੁੱਤਾ ਪਿਆ ਏ।ਉਹਨੂੰ ਵੇਖ ਕੇ ਰੌਲਾ ਪਾ ਦੇਂਦਾ ਏ)

ਗਿਰਧਾਰੀ : ਭੂਤ......ਭੂਤ.....ਬਚਾਉ-ਬਚਾਉ।

ਬਿਹਾਰੀ : (ਬਾਹਰ ਨਿਕਲ ਕੇ) ਕੀ ਹੋਇਆ ਏ......ਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ ਏ ?

ਬੈਰਾ : ਇਥੋਂ ਇਕ ਭੂਤ ਨਿਕਲ ਕੇ ਭੱਜਿਆ ਏ ।

ਬਿਹਾਰੀ : ਭੂਤ......ਭੂਤ......ਬਚਾਉ-ਬਚਾਉ ।
(ਰਾਣੀ ਤੇ ਬਨਵਾਰੀ ਫਿਰ ਆਪਣੇ ਕਮਰੇ ਵਿਚ ਵੜ ਜਾਂਦੇ ਨੇ)

ਗਿਰਧਾਰੀ : (ਉਹਨਾਂ ਦੇ ਕਮਰੇ ਦਾ ਬੂਹਾ ਖੜਕਾਂਦਾ ਏ) ਬੂਹਾ ਖੋਲ੍ਹੋ......ਮੈਂ ਮਰ ਜਾਂਗਾ । ਬੂਹਾ ਖੋਲ੍ਹੋ ।

ਰਾਣੀ : ਬੂਹਾ ਨਾ ਖੋਲ੍ਹਣਾ । ਇਹ ਮੇਰੇ ਹਸਬੈਂਡ ਜੇ ।

ਬਨਵਾਰੀ : ਮੈਂ ਕੀ ਕਰ ਸਕਦਾਂ......ਉਹ ਮੇਰੇ ਨਾਲੋਂ ਤਕੜਾ ਏ ।

ਗਿਰਧਾਰੀ : ਬੂਹਾ ਖੋਲ੍ਹੋ......ਨਹੀਂ ਤੇ ਭੂਤ ਮੈਨੂੰ ਮਾਰ ਜਾਣਗੇ ।
(ਉਹਦੇ ਜ਼ੋਰ ਨਾਲ ਬੂਹਾ ਖੁਲ੍ਹ ਜਾਂਦਾ ਏ)
(ਬਨਵਾਰੀ ਧੱਕੇ ਦੀ ਵਜ੍ਹਾ ਨਾਲ ਫਾਇਰ ਪਲੇਸ ਵਿਚ ਜਾ ਡਿਗਦਾ ਏ । ਰਾਣੀ ਗਿਰਧਾਰੀ ਦਾ ਹੈਟ ਖੋਹ ਕੇ ਆਪਣੇ ਮੂੰਹ ਤੇ ਰੱਖ ਲੈਂਦੀ ਏ)

ਗਿਰਧਾਰੀ : ਭੂਤਨੀ ਓਏ ਭੂਤਨੀ ।

ਰਾਣੀ : ਬਚਾਉ ਬਚਾਉ......
(ਬਨਵਾਰੀ ਫਾਇਰ ਪਲੇਸ 'ਚੋਂ ਨਿਕਲਦਾ ਏ । ਉਹਦਾ ਮੂੰਹ ਕਾਲਾ ਹੋ ਚੁੱਕਾ ਏ । ਉਹ ਗਿਰਧਾਰੀ ਨੂੰ ਧੱਕਾ ਮਾਰ ਕੇ ਬਾਹਰ ਸੁਟ ਦਿੰਦਾ ਏ)

ਬਨਵਾਰੀ : ਰਾਣੀ ! ਘਬਰਾਣ ਦੀ ਕੋਈ ਗਲ ਨਹੀਂ । ਉਹ ਚਲਾ ਗਿਆ ਏ ।

ਰਾਣੀ : ਹਬਸ਼ੀ......ਬਚਾਉ ਬਚਾਉ......ਭੂਤ ਭੂਤ......

ਬਨਵਾਰੀ : ਰਾਣੀ ! ਮੈਂ ਆਂ ਬਨਵਾਰੀ । ਮੈਂ ਹਬਸ਼ੀ ਨਹੀਂ ।

ਰਾਣੀ : ਪਰ ਤੁਹਾਡਾ ਰੰਗ ਕਾਲਾ ਕਿਸ ਤਰ੍ਹਾਂ ਹੋ ਗਿਆ ?

ਬਨਵਾਰੀ : ਮੈਂ ਫਾਅਰ ਪਲੇਸ ਵਿਚ ਜਾ ਡਿੱਗਾ ਸਾਂ । ਇਸ ਕਰ ਕੇ ਮੂੰਹ ਤੇ ਕਾਲਕ ਮਲੀ ਗਈ ।

ਰਾਣੀ : ਮਸਾਂ ਈਂ ਬਚੇ ਆਂ, ਚਲੋ ਜੀ ਏਥੋਂ ਨਿਕਲੋ ।
(ਪੁਲਿਸ ਦੀ ਸੀਟੀ ਦੀ ਵਾਜ ਸੁਣਾਈ ਦਿੰਦੀ ਏ)
ਹੁਣ ਕੀ ਹੋਇਆ ਏ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੇਜਰ : ਪੁਲਿਸ......ਪੁਲਿਸ......[illegible] ਭੱਜੋ ਸਾਰੇ । ਪੁਲਿਸ ਆ ਗਈ ਏ ।

(ਰਾਣੀ ਤੇ ਬਨਵਾਰੀ ਅੰਦਰ ਵੜ ਕੇ ਜ਼ੋਰ ਨਾਲ ਬੂਹਾ ਬੰਦ ਕਰ ਲੈਂਦੇ ਨੇ)

ਥਾਨੇਦਾਰ : (ਸਿਪਾਹੀ ਨੂੰ) ਇਸ ਕਮਰੇ ਵਾਲੇ ਬਾਊ ਨੂੰ ਫੜ ਲਉ ।

ਬਨਵਾਰੀ : (ਅੰਦਰੋਂ) ਪਰ ਕਿਉਂ, ਮੈਂ ਕੀ ਕੀਤਾ ਏ ?

ਸਿਪਾਹੀ : ਇਹ ਥਾਣੇ ਜਾ ਕੇ ਦੱਸਾਂਗੇ । ਤੂੰ ਬੂਹਾ ਖੋਲ੍ਹ ।

ਰਾਣੀ : (ਬੂਹਾ ਖੋਲ੍ਹ ਕੇ) ਕੀ ਗੱਲ ਏ ?

ਸਿਪਾਹੀ : ਆ ਜਾਉ ਬਾਹਰ, ਦੱਸਦੇ ਆਂ ।

ਰਾਣੀ : ਤੁਹਾਨੂੰ ਸ਼ਾਇਦ ਪਤਾ ਨਹੀਂ, ਮੈਂ ਇਕ ਸ਼ਰੀਫ਼ ਔਰਤ ਆਂ ।

ਬਨਵਾਰੀ : ਹਾਂ ਸੰਤਰੀ ਜੀ, ਇਹ ਇਕ ਸ਼ਰੀਫ਼ ਔਰਤ ਏ !

ਥਾਨੇਦਾਰ : ਰਾਮ ਸਿੰਘ ! ਇਸ ਬਾਊ ਨੂੰ ਵੀ ਫੜ ਲੈ ।

(ਪੌੜੀਆਂ ਵਿਚ ਬਿਹਾਰੀ ਨੂੰ ਦੌੜਦਿਆਂ ਵੇਖ ਕੇ)

ਉਸ ਪਜਾਮੇ ਵਾਲੇ ਬਾਊ ਨੂੰ ਵੀ ਫੜ ਲਉ । ਇਕ ਔਹ ਉੱਤੇ ਸੂਟ ਵਾਲਾ ਨੱਸ ਕੇ ਗਿਆ ਏ, ਉਹਨੂੰ ਵੀ ਫੜ ਲਉ । ਫੇਰ ਇਕ ਇਕ ਕਰ ਕੇ ਮੇਰੇ ਕੋਲ ਲਿਆ । ਜ਼ਰਾ ਤਫ਼ਤੀਸ਼ ਕਰੀਏ ।

(ਸਿਪਾਹੀ ਫੜਨ ਚਲਾ ਜਾਂਦਾ ਏ

(ਥਾਨੇਦਾਰ ਮੇਜ਼ ਦੇ ਥੱਲਿਉਂ ਮੈਨੇਜਰ ਨੂੰ ਫੜ ਲੈਂਦਾ ਏ)

ਥਾਨੇਦਾਰ : ਮੈਨੇਜਰ ਸਾਹਿਬ, ਤੁਸੀਂ ਮੇਜ਼ ਦੇ ਥੱਲੇ ਕੀ ਕਰ ਰਹੇ ਓ ?

ਮੈਨੇਜਰ : ਮੈਂ ਬੈਠਾ ਸਾਂ ।

ਥਾਨੇਦਾਰ : ਇਹ ਕੁਰਸੀ ਕਿਉਂ ਖਾਲੀ ਕਰ ਛੱਡੀ ਜੇ ?

ਮੈਨੇਜਰ : ਤੁਹਾਡੇ ਵਾਸਤੇ ।

(ਇਨੇ ਵਿਚ ਸਿਪਾਹੀ ਆ ਜਾਂਦਾ ਏ)

ਥਾਨੇਦਾਰ : ਹਾਂ ਵਾਈ, ਫੜ ਲਏ ਸਾਰੇ ?

ਸਿਪਾਹੀ : ਆਹੋ ਜੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥਾਨੇਦਾਰ : ਫਿਰ ਮੈਨੇਜਰ ਦਾ ਕੀ ਕਰੀਏ ?

ਸਿਪਾਹੀ : ਇਹਨੂੰ ਅੰਦਰ ਕਰ ਦਿੰਦੇ ਆਂ ।

ਮੈਨੇਜਰ : ਕਿਹੜੀ ਦਫ਼ਾ ਦੇ ਅੰਦਰ ?

ਸਿਪਾਹੀ : ਓ ਪਿਆਰਿਓ ਤੁਸੀਂ ਅੰਦਰ ਤੇ ਚਲੋ । ਦਫਾ ਵੀ ਲੱਭ ਲਾਂਗੇ ।

ਮੈਨੇਜਰ : ਮੈਂ ਤੇ ਕਹਿੰਦਾ ਸੀ ਪਹਿਲਾਂ ਦਫ਼ਾ ਲੱਭ ਲਉ ।

ਸਿਪਾਹੀ : ਓ ਬਾਊ ! ਇੰਡੀਅਨ ਪੈਨਲ ਕੋਡ ਐਡੀ ਵਡੀ ਕਿਤਾਬ ਏ । ਉਦ੍ਹੇ ਵਿਚ ਕੋਈ ਨਾ ਕੋਈ ਦਫਾ ਤੇ ਤੇਰੇ ਤੇ ਲਾਗੂ ਹੋ ਈ ਜਾਏਗੀ ।

ਥਾਨੇਦਾਰ : ਰਾਮ ਸਿੰਘ ! ਏਹਨੂੰ ਕਿਸੇ ਕਮਰੇ ਵਿਚ ਬੰਦ ਕਰ ਆ । ਤੇ ਫੇਰ ਜਿਹੜੇ ਮੁਲਜ਼ਮ ਫੜੇ ਨੀ, ਉਨ੍ਹਾਂ ਨੂੰ ਇਕ ਇਕ ਕਰ ਕੇ ਮੇਰੇ ਕੋਲ ਲੈ ਆ ।

(ਸਿਪਾਹੀ ਗਿਰਧਾਰੀ ਨੂੰ ਲੈ ਕੇ ਆਉਂਦਾ ਏ)

ਥਾਨੇਦਾਰ : ਹਾਂ ਜੀ ਬਾਊ ਜੀ, ਤੁਹਾਡੀ ਤਾਰੀਫ ?

ਗਿਰਧਾਰੀ : ਮੈਂ ਆਂ ਗਿਰਧਾਰੀ ਲਾਲ ! ਗਿਰਧਾਰੀ ਲਾਲ ਆਰਕੀ-ਟੇਕਟ ।

ਥਾਨੇਦਾਰ : ਤੁਸੀਂ ਇਸ ਹੋਟਲ ਵਿਚ ਕੀ ਕਰ ਰਹੇ ਹੋ ?

ਗਿਰਧਾਰੀ : ਮੈਂ ਤੇ ਇਥੇ ਇੰਨਕੁਆਇਰੀ ਕਰਨ ਆਇਆ ਸਾਂ ਭੂਤਾਂ ਦੀ ।

ਥਾਨੇਦਾਰ : ਕੋਈ ਭੂਤ ਲੱਭਾ ਜੇ ?

ਗਿਰਧਾਰੀ : ਫੜਿਆ ਤੇ ਕੋਈ ਨਹੀਂ ਗਿਆ । ਪਰ ਵੇਖੇ ਜ਼ਰੂਰ ਨੇ ਇਨ੍ਹਾਂ ਅੱਖਾਂ ਨਾਲ । ਉਸ ਕਮਰੇ ਵਿਚ ਇਕ ਭੂਤਨੀ ਸੀ, ਜਿਦ੍ਹਾ ਮੂੰਹ ਤੇ ਮੈਂ ਵੇਖ ਨਹੀਂ ਸਕਿਆ, ਪਰ ਸਾੜ੍ਹੀ ਉਹਨੇ ਮੇਰੀ ਵਹੁਟੀ ਦੀ ਪਾਈ ਹੋਈ ਸੀ ।

ਥਾਨੇਦਾਰ : (ਹੱਸ ਕੇ) ਤੁਸੀਂ ਘਰ ਜਾਉ । ਅਸੀਂ ਲੱਭਾਂਗੇ ਭੂਤ । ਨਾਲੇ ਉਸ ਸਾੜ੍ਹੀ ਦਾ ਪਤਾ ਵੀ ਕਰਦੇ ਆਂ ।

ਗਿਰਧਾਰੀ : ਅੱਛਾ ਜੀ, ਥੈਂਕ ਯੂ ।

CC-0. In Public Domain. Gurukul Kangri Collection, Haridwar

(ਗਿਰਧਾਰੀ ਚਲਾ ਜਾਂਦਾ ਏ)

Digitized by Arya Samaj Foundation Chennai and eGangotri

ਥਾਨੇਦਾਰ : ਰਾਮ ਸਿੰਘ ! ਉਸ ਬੀਬੀ ਨੂੰ ਲਿਆ ਖਾਂ ਫੜ ਕੇ, ਜਿਹੜੀ ਇਸ ਕਮਰੇ ਵਿਚੋਂ ਫੜੀ ਏ ?

(ਸਿਪਾਹੀ ਰਾਣੀ ਨੂੰ ਲੈ ਕੇ ਆਉਂਦਾ ਏ)

ਥਾਨੇਦਾਰ : ਹਾਂ ਜੀ, ਕੀ ਨਾਂ ਏਂ ਤੁਹਾਡਾ ? ਝੂਠ ਨਾ ਬੋਲਆ ਜੇ, ਅਸੀਂ ਪੁਲਸੀਏ ਝੂਠ ਨੂੰ ਫਟ ਸੁੰਘ ਲੈਂਦੇ ਆਂ ।

ਰਾਣੀ : ਇੰਨਸਪੈਕਟਰ ਸਾਹਿਬ, ਤੁਸੀਂ ਕੀ ਕਹਿ ਰਹੇ ਓ । ਮੈਂ ਕੋਈ ਐਸੀ ਵੈਸੀ ਔਰਤ ਨਹੀਂ । ਮੈਂ ਇਕ ਸ਼ਰੀਫ ਔਰਤ ਆਂ. ਔਰ ਮੈਂ ਆਪਣੇ ਹਸਬੈਂਡ ਨਾਲ ਇਥੇ ਆਈ ਆਂ ।

ਸਿਪਾਹੀ : ਸੱਚੀਂ ?

ਥਾਨੇਦਾਰ : ਕੀ ਨਾਂ ਏਂ ਤੁਹਾਡੇ ਹਸਬੈਂਡ ਦਾ ?

ਰਾਣੀ : ਮੈਂ ਵਾਈਫ਼ ਆਂ ਮਿਸਟਰ......ਉਹਨਾਂ ਦੀ ਜਿਨ੍ਹਾਂ ਨੂੰ ਤੁਸੀਂ ਸਾਡੇ ਕਮਰੇ ਵਿਚੋਂ ਹੁਣੇ ਗ੍ਰਿਫ਼ਤਾਰ ਕੀਤਾ ਸੀ ।

ਥਾਨੇਦਾਰ : ਆਹੋ, ਪਰ ਉਹਨਾਂ ਦਾ ਨਾਂ ਤੇ ਲਉ ।

ਰਾਣੀ : ਮੇਰਾ ਨਾਂ ਮਿਸਿਜ਼ ਬਨਵਾਰੀ ਲਾਲ ਏ ।

ਸਿਪਾਹੀ : ਸੱਚੀਂ ।

ਥਾਨੇਦਾਰ : ਰਾਮ ਸਿੰਘ ! ਜ਼ਰਾ ਉਸ ਬਾਊ ਨੂੰ ਲਿਆ ਇਧਰ ।

(ਰਾਮ ਸਿੰਘ ਬਨਵਾਰੀ ਨੂੰ ਫੜ ਕੇ ਲਿਆਉਂਦਾ ਏ)

ਬਨਵਾਰੀ : (ਇਕ ਪਾਸੇ ਹੋ ਕੇ) ਇਹ ਜਨਾਨੀ ਮੈਨੂੰ ਫਸਾਏਗੀ । ਇਹਨੂੰ ਐਨੀ ਅਕਲ ਕਿਥੇ, ਕਿ ਆਪਣਾ ਨਾਂ ਸਚ ਨਾ ਦੱਸੇ । ਏਨ੍ਹੇ ਜ਼ਰੂਰ ਦਸ ਦਿਤਾ ਹੋਣਾ ਏਂ ।

ਥਾਨੇਦਾਰ : ਹਾਂ ਜਨਾਬ ! ਕੀ ਨਾਂ ਏ ਤੁਹਾਡਾ ?

ਬਨਵਾਰੀ : ਮਤਲਬ ਕੀ ਏ ਤੁਹਾਡਾ । ਪੁੱਛਣ ਦਾ ਮਤਲਬ ਕੀ ਏ......ਇਹ ਔਰਤ ਮੇਰੀ ਵਾਈਫ਼ ਏ ।

ਥਾਨੇਦਾਰ : ਮੈਂ ਕਦੋਂ ਕਿਹਾ ਕਿ ਨਹੀਂ ਏਂ । ਪਰ ਪਿਆਰਿਓ ਆਪਣਾ ਨਾਂ ਤੇ ਦੱਸੋ ।

ਬਨਵਾਰੀ : ਏਨ੍ਹੇ ਦੱਸ ਦਿੱਤਾ ਹੋਣਾ ਏਂ ।

ਥਾਨੇਦਾਰ : ਆਹੋ, ਪਰ ਤੁਸੀਂ ਆਪ ਵੀ ਦੱਸ ਦਿਉ, ਮੂੰਹ ਨਹੀਂ

CC-0. In Public Domain. Gurukul Kangri Collection, Haridwar

ਥੱਕ ਜਾਏਗਾ ਤੁਹਾਡਾ।

Digitized by Arya Samaj Foundation Chennai and eGangotri

ਬਨਵਾਰੀ : ਮੇਰਾ ਨਾਂ ਗਿਰਧਾਰੀ ਲਾਲ ਏ।

ਰਾਣੀ : ਹਾਏ ਮੈਂ ਮਰ ਗਈ।

ਥਾਣੇਦਾਰ : ਵੇਖਿਆ ਈ ਰਾਮ ਸਿੰਘ ਕੁਦਰਤ ਦੇ ਕਰਿਸ਼ਮੇ...... ਗਿਰਧਾਰੀ ਲਾਲ ਦੀ ਵਹੁਟੀ ਦਾ ਨਾਂ ਮਿਸਿਜ਼ ਬਨਵਾਰੀ ਲਾਲ ਏ।

ਬਨਵਾਰੀ : ਇੰਨਸਪੈਕਟਰ ਸਾਹਿਬ! ਐਵੇਂ ਗ਼ਲਤ ਨਾ ਸਮਝਣਾ। ਮੈਂ ਤੁਹਾਨੂੰ ਕਿਹਾ ਏ ਕਿ ਇਹ ਔਰਤ ਮੇਰੀ ਵਾਈਫ਼ ਏ। ਮੇਰਾ ਨਾਂ ਗਿਰਧਾਰੀ ਲਾਲ ਵੀ ਏ ਤੇ ਬਨਵਾਰੀ ਲਾਲ ਵੀ।

ਸਿਪਾਹੀ : ਜ਼ਨਾਨੀਆਂ ਦਾ ਸੁਣਿਆ ਸੀ, ਪੇਕਾ ਸੌਹਰਾ ਨਾ ਵੱਖਰਾ ਹੁੰਦਾ ਏ, ਬੰਦਿਆਂ ਦਾ ਅੱਜ ਸੁਣਿਆ ਏਂ।

ਬਨਵਾਰੀ : ਗੱਲ ਇਹ ਹੈ ਕਿ ਮੇਰੇ ਮਾਂ ਪਿਉ ਦੀ ਵੱਡੀ ਖਵਾਹਿਸ਼ ਸੀ ਕਿ ਉਹਨਾਂ ਦੇ ਸੱਤ ਪੁੱਤਰ ਹੋਣ......ਉਹਨਾਂ ਬੜੀ ਕੋਸ਼ਿਸ਼ ਕੀਤੀ, ਪਰ ਹੋਰ ਕੋਈ ਬੱਚਾ ਨਹੀਂ ਹੋਇਆ... ...ਉਹਨਾਂ ਆਪਣੇ ਦਿਲ ਦੀ ਤਸੱਲੀ ਲਈ ਮੇਰੇ ਈ ਕਈ ਨਾਂ ਰਖ ਲਏ। ਕਦੀ ਕਹਿੰਦੇ ਗਿਰਧਾਰੀ ਲਾਲ ਕਦੀ ਕਹਿੰਦੇ ਬਨਵਾਰੀ ਲਾਲ।

ਥਾਣੇਦਾਰ : ਅੱਛਾ, ਇਹ ਗੱਲ ਏ।

ਬਨਵਾਰੀ : (ਖੁਸ਼ ਹੋ ਕੇ) ਬਿਲਕੁਲ ਇਹ ਗੱਲ ਏ।

ਥਾਣੇਦਾਰ : ਜੇ ਇਹ ਗੱਲ ਏ ਤਾਂ ਬਹਿ ਜਾਉ। (ਸਿਪਾਹੀ ਨੂੰ) ਰਾਮ ਸਿੰਘ! ਲਿਆ ਵਾਈ ਉਸ ਪਜਾਮੇ ਵਾਲੇ ਬਾਊ ਨੂੰ।

(ਰਾਮ ਸਿੰਘ ਬਿਹਾਰੀ ਨੂੰ ਲਿਆਉਂਦਾ ਏ)

ਰਾਮ ਸਿੰਘ : ਇਹ ਤੇ ਸਾਹਿਬ ਕੱਲਾ ਈ ਏ। (ਹੌਲੀ ਜਿਹੀ) ਨਾਲੇ ਵਕੀਲ ਜੇ। ਇਹਨੂੰ ਜ਼ਿਆਦਾ ਤੰਗ ਨਾ ਕਰਨਾ।

ਬਿਹਾਰੀ : ਮੈਂ ਪੁੱਛਦਾਂ ਮੈਨੂੰ ਕਿਉਂ ਫੜਿਆ ਗਿਆ ਏ? ਕਿਥੇ ਨੇ ਮੇਰੇ ਵਾਰੰਟ ਗ੍ਰਿਫ਼ਤਾਰੀ?

ਥਾਣੇਦਾਰ : ਤੁਹਾਡੀ ਗ੍ਰਿਫ਼ਤਾਰੀ ਕਰਾਂਗੇ ਤਾਂ ਲੋੜ ਪਏਗੀ ਵਾਰੰਟਾਂ

CC-0. In Public Domain. Gurukul Kangri Collection, Haridwar

ਦੀ। ਅਸੀਂ ਤਾਂ ਤੁਹਾਨੂੰ ਸ਼ਨਾਖਤ ਲਈ ਸੱਦਿਆ ਏ।
Digitized by Arya Samaj Foundation Chennai and eGangotri
ਇਹਨਾ ਨੂੰ ਜਾਣਦੇ ਓ ?

ਬਿਹਾਰੀ : ਜੀ ਹਾਂ, ਇਹ ਬਨਵਾਰੀ ਲਾਲ ਏ। ਠੇਕੇਦਾਰ।

ਬਨਵਾਰੀ : ਵੇਖਿਆ ਜੇ ! ਮੈਂ ਤੁਹਾਨੂੰ ਕਿਹਾ ਸੀ ਨਾ।

ਥਾਨੇਦਾਰ : ਔਰ ਏਸ ਔਰਤ ਨੂੰ ਵੀ ਜਾਣਦੇ ਓ ?

ਬਿਹਾਰੀ : ਜੀ ਹਾਂ।

ਥਾਨੇਦਾਰ : ਕੀ ਨਾਂ ਏਂ ਇਨ੍ਹਾਂ ਦਾ ?

ਬਨਵਾਰੀ : ਰੱਬਾ ਰੱਬਾ ਮੀਂਹ ਵਸਾ......ਰੱਬਾ ਰੱਬਾ ਮੀਂਹ ਵਸਾ।

ਬਿਹਾਰੀ : ਇਹ ਮ ਮ ਮ ਮ ਮਿਸਿਜ਼......(ਅਗੋਂ ਬੋਲ ਨਹੀਂ ਸਕਦਾ)

ਬਨਵਾਰੀ : ਦੇਖੋ ਜੀ, ਮੈਂ ਕਹਿ ਦਿੱਤਾ ਕਿ ਇਹ ਮਿਸਿਜ਼ ਨੇ...... (ਹੌਲੀ ਜਿਹਾ) ਮੇਰੀ ਮਿਸਿਜ਼......

ਥਾਨੇਦਾਰ : ਚੰਗਾ ਜੀ। ਫਿਰ ਜਾਉ ਸਾਰੇ। ਮਾਫ਼ ਕਰਨਾ ਤੁਹਾਨੂੰ ਐਵੇਂ ਤਕਲੀਫ਼ ਦਿੱਤੀ।

ਬਨਵਾਰੀ : (ਖੁਸ਼ ਹੋ ਕੇ) ਚਲੋ ਜੀ ਚਲੀਏ।
(ਅਗੇ ਅਗੇ ਬਿਹਾਰੀ, ਪਿਛੇ ਰਾਣੀ, ਪਿਛੇ ਬਨਵਾਰੀ ਜਾ ਰਹੇ ਨੇ)

ਥਾਨੇਦਾਰ : ਮੈਂ ਕਿਹਾ ਬਨਵਾਰੀ ਲਾਲ ਉਰਫ਼ ਗਿਰਧਾਰੀ ਲਾਲ ਜੀ ! ਇਕ ਮਿੰਟ।

ਬਨਵਾਰੀ : (ਵਾਪਿਸ ਆ ਕੇ) ਹੁਣ ਕੀ ਹੋਇਆ ਏ ?

ਥਾਨੇਦਾਰ : ਮੈਂ ਕਿਹਾ ਇਧਰੋਂ ਨਾ ਜਾਉ।

ਬਨਵਾਰੀ : ਕਿਉਂ ?

ਥਾਨੇਦਾਰ : ਇਧਰ ਅਸਲੀ ਗਿਰਧਾਰੀ ਲਾਲ ਬਾਹਰ ਖੜਾ ਏ।

ਬਨਵਾਰੀ : (ਸ਼ਰਮਿੰਦਾ ਜਿਹਾ ਹੋ ਕੇ) ਸਾਰੀ ਗੱਲ ਸਮਝ ਗਏ ਓ ?

ਥਾਨੇਦਾਰ : (ਹੱਸ ਕੇ) ਹੂੰ।

ਬਨਵਾਰੀ : ਮੈਂ ਇਧਰੋਂ ਚਲਾ ਜਾਨਾਂ।

ਥਾਨੇਦਾਰ : ਬੜੀ ਖੁਸ਼ੀ ਨਾਲ। ਪਰ ਜੇਬ ਵਿਚ ਜਿਹੜੇ ਪੈਸੇ ਜੇ ਨਾ, ਉਹ ਮੈਨੂੰ ਦੇ ਜਾਉ। ਏਧਰ ਹਨ੍ਹੇਰਾ ਬਹੁਤ ਏ, ਕੋਈ ਖੋਹ ਲਏਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਨਵਾਰੀ : ਰੁਪਈਆ ਪੰਜ ਸੌ ਦੇ ਦਿਆਂ ਤੇ ਖਲਾਸੀ ਛੱਡੋਗੇ ।

ਥਾਨੇਦਾਰ : ਤੁਸੀਂ ਪੈਸੇ ਫੜਾਉ, ਅਸੀਂ ਤੁਹਾਡੇ ਨਾਲੋਂ ਪਹਿਲਾਂ ਚਲੇ ਜਾਵਾਂਗੇ ।

(ਬਨਵਾਰੀ ਥਾਨੇਦਾਰ ਨੂੰ ਪੈਸੇ ਫੜਾਂਦਾ ਏ । ਥਾਨੇਦਾਰ ਤੇ ਸਿਪਾਹੀ ਬਾਹਰ ਨਿਕਲ ਜਾਂਦੇ ਨੇ)

ਬਨਵਾਰੀ : (ਦਰਸ਼ਕਾਂ ਨੂੰ) ਪੈਸੇ ਚਲੇ ਗਏ । ਪਰ ਇੱਜ਼ਤ ਨੂੰ ਦਾਗ਼ ਨਹੀਂ ਲਗਾ ਮੇਰੀ ਨੂੰ ।

ਰਾਣੀ : ਨਾ ਈਂ ਮੇਰੀ ਨੂੰ ।

(ਮਿਊਜ਼ਕ)

(ਪਰਦਾ)

......

......

-03873

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

-03873

Library

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Some Opinions about These Plays

Nhati Dhoti Reh Gayee is an adaptation by Dalip Singh in fluent picturesque Punjabi of a French comedy. The play relies for its humour not on vulgarism mouthed with a smirk but situations that emerge with such a set of hilarious coincidences that you have the house in splits of laughter . . . It is a Punjabi play with a difference.

Indian Express

The play based on the well known French farce "*Hotel Paradiso*" weaves a tale of confusion with delightful imposssible situations. . . Dalip Singh has command over the language and his colloquial idiom is excellent. . . . The play has healthy humour and is a bold departure from what has generally come to be associated with popular Punjabi theatre in the Capital.

The Times of India

The potential in the Punjabi language for healthy comedy was revealed in Dalip Singh's adaptation of P.L. Deshpande's satire "*Mandar Vich Hartal*".

The Hindustan Times

"ਨ੍ਹਾਤੀ ਧੋਤੀ ਰਹਿ ਗਈ" ਦੇ ਲੇਖਕ ਨੇ ਪਲਾਟ ਤੇ ਵਾਤਾਵਰਨ ਖੂਬ ਕੱਸ ਕੇ ਬਨ੍ਹਿਆ ਹੈ। ਵਾਰਤਾਲਾਪ ਦੀ ਜ਼ਬਾਨ ਚੁਸਤ, ਬਾ-ਮੌਕਾ ਅਤੇ ਢੁਕਵੀਂ ਹੈ। ਫਿਕਰਿਆਂ ਦੀ ਘੜਤ ਸ਼ੋਖ ਅਤੇ ਚੁਲਬਲੀ ਹੁੰਦੇ ਹੋਏ ਵੀ ਅਸ਼ਲੀਲ ਨਹੀਂ। ਹਰ ਫਿਕਰਾ ਕੰਡੇ ਵਾਂਗ ਨੁਕੀਲਾ, ਪਰ ਫੁੱਲਾਂ ਵਾਂਗ ਦਿਲਕਸ਼ ਹੈ।

—ਮਿਲਾਪ

"ਮੰਦਰ ਵਿਚ ਹੜਤਾਲ" ਹਾਸ-ਰਸ ਭਰਪੂਰ ਨਾਟਕ ਹੈ। ਇਸ ਵਿਚ ਪੇਸ਼ ਕੀਤੀ ਸਥਿਤੀ ਬੜੀ ਅਨੋਖੀ ਤੇ ਕਾਲਪਨਿਕ, ਹਾਸ-ਰਸ ਸੁਚੱਜਾ ਤੇ ਵਿਅੰਗਮਈ ਤੇ ਵਾਰਤਾਲਾਪ ਸਭਿਅਤਾਪੂਰਣ ਹੈ। ਨਾਟਕ ਦੀ ਬੋਲੀ ਸੁਆਦਲੀ ਹੈ। ਕਈ ਥਾਂ ਦੋਹਰੇ ਅਰਥ ਚੰਗਾ ਹਾਸਾ ਪੈਦਾ ਕਰਦੇ ਹਨ।

—ਅਕਸ, ਨਵੀਂ ਦਿੱਲੀ

CC-0. In Public Domain. Gurukul Kangri Collection, Haridwar